# ਪੰਜਾਬ ਰਾਜ ਅਤੇ ਕੇਂਦਰ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੁਆਰਾ ਚਲਾਈਆਂ ਜਾ ਰਹੀਆਂ ਪੇਂਡੂ ਵਿਕਾਸਮੁਖੀ ਸਕੀਮਾਂ ਸੰਬੰਧੀ ਮਾਰਗ ਦਰਸ਼ਿਕਾ



ਪੰਚਾਇਤੀ ਰਾਜ

ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD), ਪੰਜਾਬ ਸਰਕਾਰ
ਅਤੇ
ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ), ਚੰਡੀਗੜ੍ਹ

# ਸੰਦੇਸ਼



ਭਾਰਤੀ ਦੇਸ਼ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਗਣਰਾਜ ਆਖਿਆ ਜਾਂਦਾ ਹੈ। ਲੋਕਤੰਤਰ ਦੇ ਸੰਦਰਭ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਸਰਗਰਮ ਭੂਮਿਕਾ ਆਪਣੇ ਆਪ ਵਿੱਚ ਇਕ ਅਗਾਂਹਵਧੂ ਕਦਮ ਨਹੀਂ ਸਗੋਂ ਆਮ ਲੋਕਾ ਦੇ ਸ਼ਕਤੀਕਰਨ ਦੀ ਪ੍ਰੀਕਿਰਿਆ ਵੀ ਹੈ। ਇਸ ਪ੍ਰਕਿਰਿਆ ਦੇ ਅੰਤਰਗਤ ਪੰਚਾਇਤੀ ਰਾਜ ਸੰਸਥਾਵਾਂ ਲੋਕਾਂ ਨੂੰ ਨਾਲ ਲੈ ਕੇ ਯੋਜਨਾਬੱਧ ਤਰੀਕੇ ਨਾਲ ਉਲੀਕੀਆਂ ਵਿਕਾਸ ਸੰਭਾਵਨਾਵਾ ਨੂੰ ਹਕੀਕੀ ਰੂਪ ਮਿਲਿਆ ਹੈ। ਇਸ ਹਕੀਕੀ ਰੂਪ ਨੂੰ ਹੀ ਲੋਕ ਭਾਸ਼ਾ ਵਿੱਚ ਲੋਕਾਂ ਲਈ ਲੋਕਾਂ ਵੱਲੋਂ ਅਤੇ ਲੋਕ ਹਿਤ ਵਿਚ ਉਸਾਰੇ ਲੋਕ ਕਾਰਜ ਕਿਹਾ ਜਾਂਦਾ ਹੈ। ਇਹਨਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨ ਦੀ ਸਮੁੱਚੀ ਜ਼ਿੰਮੇਵਾਰੀ ਪੰਚਾਇਤੀ ਰਾਜ ਸੰਸਥਾਵਾਂ ਨੂੰ ਦਿੱਤੀ ਗਈ ਹੈ। ਸਵਾਲ ਉਠਦਾ ਹੈ ਕੀ ਇਹ ਸੰਸਥਾਵਾਂ ਸੌਪੀਂ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਸਮਰੱਥ ਵੀ ਹਨ? ਪਿਛਲੇ ਤਜਰਬਿਆਂ ਤੋਂ ਪਤਾ ਲੱਗਦਾ ਹੈ ਕਿ ਜਦ ਤੱਕ ਇਹਨਾਂ ਸੰਸਥਾਵਾਂ ਦੇ ਨੁਮਾਇੰਦੇ, ਪ੍ਰਬੰਧਕੀ ਕਾਰਜਕਾਰੀ ਪ੍ਰਸ਼ਾਸਨਿਕ ਤਕਨੀਕੀ ਪਹਿਲੂਆਂ ਦੀ ਜਾਣਕਾਰੀ ਤੋਂ ਵਾਂਝੇ ਹਨ, ਉਦੋਂ ਤਕ ਵਿਕਾਸ ਕਾਰਜ ਸਹੀ ਰੂਪ ਵਿਚ ਸੰਪੂਰਨ ਨਹੀਂ ਹਨ। ਇਸ ਲਈ ਲੋੜ ਹੈ ਕਿ ਇਹਨਾਂ ਨੁਮਾਂਇੰਦਿਆਂ ਦੇ ਸਮਰੱਥਾਂ ਨਿਰਮਾਣ ਨੂੰ ਬਲ ਪ੍ਰਦਾਨ ਕੀਤਾ ਜਾਣਾ, ਜਿਹੜਾ ਕਿ ਸਿੱਖਿਆ ਅਤੇ ਟ੍ਰੇਨਿੰਗ ਰਾਹੀਂ ਹੀ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ, ਸਿਖਿਆ ਅਤੇ ਸਿਖਲਾਈ ਪ੍ਰੋਗਰਾਮ ਨੂੰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਸਾਂਝੇ ਉਪਰਾਲੇ ਨਾਲ ਨੇਪੜੇ ਚਾੜਨ ਵਿੱਚ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ ਕਰਿੱਡ ਚੰਡੀਗੜ੍ਹ ਅਤੇ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾਂ (SIRD) ਮੋਹਾਲੀ ਪੰਜਾਬ ਜੋ ਕਿ ਪਿਛਲੇ ਸਮੇ ਤੋਂ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇਦਿਆਂ ਦੀ ਸਮਰੱਥਾ ਨਿਰਮਾਣ ਲਈ ਸਮੇਂ ਸਮੇਂ ਤੇ ਸਿਖਲਾਈ ਪ੍ਰੋਗਰਾਮ ਉਲੀਕਦੇ ਆ ਰਹੇ ਹਨ ਜੋ ਅੱਜ ਵੀ ਨਿਰੰਤਰ ਜਾਰੀ ਹਨ। ਇਹਨਾਂ ਸਿਖਲਾਈ ਪ੍ਰੋਗਰਾਮਾਂ ਦੌਰਾਨ, ਸਿਖਲਾਈ ਦੇਣ ਖਾਤਰ ਵਿਭਿੰਨ ਮਧਿਅਮਾਂ ਅਤੇ ਵਿਭਿਨ ਕਿਸਮ ਦੀ ਲਿਖਤ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਮੱਗਰੀ ਕਿਤਾਬ ਦੇ ਰੂਪ ਵਿਚ (CRRID) ਅਤੇ SIRD ਦੋਹਾਂ ਵਲੋਂ ਤਿਆਰ ਕੀਤੀ ਗਈ ਹੈ। ਮੈਂ ਉਮੀਦ ਕਰਦਾ ਹਾਂ ਕਿ ਇਹ ਕਿਤਾਬਚਾ ਚੁਣੇ ਹੋਏ ਨੁਮਾਇੰਦਿਆਂ, ਗਰਾਮ ਸੰਭਾਵਾਂ ਦੇ ਮੈਂਬਰਾਂ ਅਤੇ ਕਰਮਚਾਰੀਆਂ ਲਈ ਮੀਲ ਪੱਥਰ ਸਾਬਤ ਹੋਵੇਗਾ। ਇਸ ਕਿਤਾਬ ਨੂੰ ਪੜ ਕੇ ਉਹ ਆਪਣੇ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਨ ਲਈ ਯਤਨਸ਼ੀਲ ਹੋਣਗੇ। ਮੇਰਾ ਪੂਰਨ ਵਿਸ਼ਵਾਸ ਹੈ ਕਿ ਇਹ ਸਿਖਲਾਈ ਸਮੱਗਰੀ ਪਿੰਡਾਂ ਦੇ ਵਿਕਾਸ ਅਤੇ ਭਲਾਈ ਦੇ ਕੰਮ ਵਿੱਚ ਰੁਝੇ ਹੋਏ ਸਬੰਧਤ ਵਿਅਕਤੀਆਂ ਨੂੰ ਸਮੇਂ ਸਮੇਂ ਅਤੇ ਪਾਰਦਰਸ਼ਤਾ ਨਾਂਲ ਕੰਮਾਂ ਨੂੰ ਨੇਪੜੇ ਚੜਾਉਣ ਵਿੱਚ ਸਹਾਈ ਹੋਵੇਗੀ।

ਤ੍ਰਿਪਤ ਰਜਿੰਦਰ ਸਿੰਘ ਬਾਜਵਾ  
ਕੈਬਨਿਟ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,  
ਪੰਜਾਬ ਸਰਕਾਰ।

# ਸੰਦੇਸ਼



ਦੇਸ਼ ਦੇ ਜਮਹੂਰੀ ਢਾਂਚੇ ਚ ਪੰਚਾਇਤਾਂ ਜਮਹੂਰੀਅਤ ਦੀ ਸਭ ਤੋਂ ਹੇਠਲੀ ਕੜੀ ਹਨ, ਇਸ ਬਾਰੇ ਕੋਈ ਦੋ ਰਾਇ ਨਹੀਂ ਕਿ ਪੰਚਾਇਤੀ ਰਾਜ ਸੰਸਥਾਵਾਂ ਦੀ ਜਮਹੂਰੀਅਤ ਵਿੱਚ ਬਹੁਤ ਅਹਿਮ ਭੂਮਿਕਾ ਹੈ। ਕੇਵਲ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਨਹੀਂ ਸਗੋਂ ਸਮਾਜ ਨੂੰ ਚੰਗੀ ਸੇਧ ਦੇਣ ਜਾਂ ਚੰਗੇ ਸਮਾਜ ਦੀ ਸਿਰਜਣਾ ਵਿੱਚ ਇਹਨਾਂ ਸੰਸਥਾਵਾਂ ਦਾ ਅਹਿਮ ਰੋਲ ਹੈ। ਇਸ ਗਤੀਸ਼ੀਲ ਸਮੇਂ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਮੇਂ-ਸਮੇਂ ਤੇ ਸਿਖਲਾਈ ਦਿੱਤੀ ਜਾਂਦੀ ਹੈ। ਸਿਖਲਾਈ ਪ੍ਰੋਗਰਾਮਾ ਰਾਹੀਂ ਪੰਚਾਇਤਾਂ ਦੇ ਚੁਣੇ ਹੋਏ ਨੁਮਾਂਇੰਦਿਆਂ ਨੂੰ ਪੰਚਾਇਤੀ ਰਾਜ ਪ੍ਰਬੰਧ, ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਪੇਂਡੂ ਵਿਕਾਸ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (ਐਸ.ਆਈ.ਆਰ.ਡੀ.) ਮੋਹਾਲੀ ਅਤੇ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ) ਚੰਡੀਗੜ੍ਹ ਦੇ ਮਾਹਿਰਾਂ ਵੱਲੋਂ ਲਿਖਤ ਸਮੱਗਰੀ ਤਿਆਰ ਕੀਤੀ ਗਈ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਹ ਸਮੱਗਰੀ ਸਿਖਲਾਈ ਕੈਂਪਾਂ ਰਾਹੀ ਚੁਣੇ ਹੋਏ ਨੁਮਾਇੰਦਿਆਂ ਅਤੇ ਕਰਮਚਾਰੀਆਂ ਤੱਕ ਪਹੁੰਚਾ ਕੇ ਅਤੇ ਉਹਨਾਂ ਨੂੰ ਜਾਗਰੂਕ ਕਰਕੇ ਪਿੰਡਾਂ ਦੇ ਸਰਬ-ਪੱਖੀ ਵਿਕਾਸ ਦੀ ਰਫਤਾਰ ਨੂੰ ਹੋਰ ਤੇਜ਼ ਕਰਨ ਵਿੱਚ ਸਹਾਇਕ ਹੋਵੇਗੀ।

ਅਨੁਰਾਗ ਵਰਮਾ
ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਪੰਜਾਬ ਸਰਕਾਰ।

# ਸੰਦੇਸ਼

ਭਾਰਤ ਦੀ ਕੁੱਲ ਅਬਾਦੀ ਦਾ ਲਗਭਗ ਤਿੰਨ ਚੌਥਾਈ ਹਿੱਸਾ ਅੱਜ ਵੀ ਦਿਹਾਤੀ ਖੇਤਰਾਂ ਵਿੱਚ ਵੱਸਦਾ ਹੈ। ਸਾਡੇ ਸੂਬੇ ਪੰਜਾਬ ਦੀ ਵੀ ਲਗਭਗ ਦੋ ਤਿਹਾਈ ਅਬਾਦੀ ਪਿੰਡਾਂ ਵਿੱਚ ਵੱਸਦੀ ਹੈ। ਇਹਨਾਂ ਦਿਹਾਤੀ ਖੇਤਰਾਂ ਵਿਚਲੇ ਬਹੁਤ ਬਾਰੇ ਖਿੱਤੇ ਅਜੇ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਸਾਡੇ ਪਿੰਡਾਂ ਦਾ ਵਿਕਾਸ ਸਾਡੀਆਂ ਪੰਚਾਇਤਾਂ ਦੁਆਰਾ ਹੀ ਕੀਤਾ ਜਾਂਦਾ ਹੈ। ਭਾਰਤੀ ਸੰਵਿਧਾਨ ਵਿੱਚ 1992 ਦੌਰਾਨ ਕੀਤੀ ਗਈ 73ਵੀਂ ਸੋਧ ਤੋਂ ਬਾਅਦ ਸਾਡੀ ਲੋਕਤੰਤਰੀ ਪ੍ਰਣਾਲੀ ਨੂੰ ਹੋਰ ਵੀ ਭਰਵਾਂ ਹੁੰਗਾਂਰਾ ਮਿਲਿਆ ਹੈ। ਇਹ ਸੋਧਾਂ ਹੇਠਲੇ ਪੱਧਰ ਤੇ ਲੋਕਤੰਤਰ ਨੂੰ ਮਜਬੂਤ ਕਰਨ ਲਈ ਸਮਾਜਿਕ ਨਿਆਂ ਦੇ ਅਨੁਸਾਰ ਆਰਥਿਕ ਵਿਕਾਸ ਦੇ ਸੰਕਲਪ ਨੂੰ ਵਿਹਾਰਕ ਰੂਪ ਦੇ ਕੇ ਦਿਹਾਤੀ ਪੱਧਰ ਤੇ ਚੱਲ ਰਹੀਆਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤੀ ਪ੍ਰਦਾਨ ਕਰਦੀਆਂ ਹਨ। ਇਹਨਾਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਸਮੇਂ-ਸਮੇਂ ਸਿਖਲਾਈ ਕੈਂਪਾਂ ਰਾਹੀਂ ਉਹਨਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕਰਕੇ ਉਹਨਾਂ ਨੂੰ ਸਰਬਪੱਖੀ ਵਿਕਾਸ ਦੇ ਯੋਗ ਬਣਾਉਣ ਲਈ ਲਿਖਤ ਸਮੱਗਰੀ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾਂ (ਐਸ.ਆਈ.ਆਰ.ਡੀ.) ਮੋਹਾਲੀ ਅਤੇ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾਂ (ਕਰਿੱਡ) ਚੰਡੀਗੜ੍ਹ ਦੇ ਮਾਹਿਰਾਂ ਵੱਲੋਂ ਤਿਆਰ ਕੀਤੀ ਗਈ ਹੈ। ਇਸ ਵਿੱਚ ਤਿੰਨ ਪੱਧਰ ਦੇ ਚੁਣੇ ਹੋਏ ਨੁਮਾਂਇੰਦਿਆਂ ਲਈ ਅਲੱਗ-ਅਲੱਗ ਦਸਤਾਵੇਜ ਤਿਆਰ ਕੀਤੇ ਗਏ ਹਨ। ਉਸ ਦੇ ਨਾਲ ਹੀ ਕੇਂਦਰ ਅਤੇ ਰਾਜ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਕਿਤਾਬਚਾ ਤਿਆਰ ਕੀਤਾ ਗਿਆ ਹੈ। ਮੈਨੂੰ ਪੂਰਣ ਆਸ ਹੈ ਕਿ ਪੰਚਾਇਤਾਂ ਦੇ ਚੁਣੇ ਹੋਏ ਪ੍ਰਤੀਨਿਧਿਆਂ ਲਈ ਪਿੰਡਾਂ ਦੇ ਬਹੁਪੱਖੀ ਵਿਕਾਸ ਲਈ ਮਹੱਤਵਪੂਰਨ ਸਾਬਤ ਹੋਵੇਗੀ।

ਜਸਕਰਨ ਸਿੰਘ
ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਪੰਜਾਬ ਸਰਕਾਰ।

# ਮੁੱਖ ਬੰਧ

ਆਜ਼ਾਦ ਭਾਰਤ ਦੇ ਇਤਿਹਾਸ ਵਿਚ 73ਵੀਂ ਅਤੇ 74ਵੀਂ ਸੰਵਿਧਾਨਕ ਸੋਧ ਨੇ ਸਾਡੇ ਲੋਕਤੰਤਰ ਨੂੰ ਨਿਖਾਰ ਕੇ ਇਕ ਇਨਕਲਾਬੀ ਦੌਰ ਦੀ ਸ਼ੁਰੂਆਤ ਕੀਤੀ ਹੈ। ਇਹ ਸੋਧਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਵਸਦੇ ਕਰੋੜਾਂ ਬਾਸ਼ਿੰਦਿਆਂ ਲਈ ਇਕ ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨਿਕ ਵਿਵਸਥਾ ਪ੍ਰਦਾਨ ਕਰਦੀਆਂ ਹਨ, ਜਿਸ ਦੇ ਅੰਤਰਗਤ ਜਨ-ਸਾਧਾਰਨ ਵਲੋਂ ਕਾਨੂੰਨੀ ਤੌਰ ਤੇ ਸਥਾਪਤ ਕੀਤੀਆਂ ਸੰਸਥਾਵਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਸਮਾਜਿਕ ਨਿਆਂ ਦੇ ਅਦਾਰਸ਼ ਨੂੰ ਮੁੱਖ ਮੰਤਵ ਮੰਨ ਕੇ ਆਪੋ ਆਪਣੇ ਖੇਤਰਾਂ ਦਾ ਆਰਥਿਕ ਵਿਕਾਸ ਕਰਨ ਲਈ ਮੋਢੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਦੇ ਅਣਗੌਲੇ ਵਰਗਾਂ ਨੂੰ ਪ੍ਰਤੀਨਿਧਤਾ ਪ੍ਰਦਾਨ ਕਰਕੇ ਇਹ ਸੰਸਥਾਵਾਂ ਸਾਡੇ ਲੋਕਤੰਤਰੀ ਢਾਂਚੇ ਵਿਚ ਚੁਸਤ ਅਤੇ ਗਤੀਸ਼ੀਲ ਲੀਡਰਸ਼ਿੱਪ ਦੇ ਵਿਗਸਣ ਦੀਆਂ ਸੰਭਾਵਨਾਵਾਂ ਵੀ ਉਜਾਗਰ ਕਰ ਰਹੀਆਂ ਹਨ।

ਜੇਕਰ ਦਿਹਾਤੀ ਪੱਧਰ ਦੀਆਂ ਸੰਸਥਾਵਾਂ ਦੀ ਹੀ ਗੱਲ ਕਰੀਏ ਤਾਂ ਸਾਡੇ ਪ੍ਰਾਂਤ ਪੰਜਾਬ ਵਿਚ 13,040 ਦੇ ਕਰੀਬ ਗਰਾਮ ਪੰਚਾਇਤਾਂ, 148 ਪੰਚਾਇਤ ਸੰਮਤੀਆਂ ਅਤੇ 22 ਜ਼ਿਲ੍ਹਾ ਪ੍ਰੀਸ਼ਦਾਂ ਦੇ ਲਗਭਗ ਇੱਕ ਲੱਖ ਦੇ ਕਰੀਬ ਨੁਮਾਂਇੰਦਿਆਂ ਦੀ ਚੋਣ ਸਾਡੀਆਂ ਗਰਾਮ ਸਭਾਵਾਂ ਨੇ ਕੀਤੀ ਹੈ।

ਪੰਜਾਬ ਸਰਕਾਰ ਹਮੇਸ਼ਾ ਹੀ ਪੰਚਾਇਤੀ ਰਾਜ ਸੰਸਥਾਵਾਂ ਦੀ ਗਤੀਸ਼ੀਲ ਕਾਰਗੁਜ਼ਾਰੀ ਲਈ ਯਤਨਸ਼ੀਲ ਰਹੀ ਹੈ। ਇਹਨਾ ਯਤਨਾਂ ਵਜੋਂ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD) ਸਮੇਂ ਸਮੇਂ ਤੇ ਆਪਣੇ ਵਲੋਂ ਅਤੇ ਇਸ ਖੇਤਰ ਵਿਚ ਕਾਰਜਸ਼ੀਲ ਸੰਸਥਾਵਾਂ ਨਾਲ ਮਿਲ ਕੇ ਇਹਨਾਂ ਚੁਣੇ ਹੋਏ ਨੁਮਾਇੰਦਿਆਂ ਨੂੰ ਦਿਹਾਤੀ ਵਿਕਾਸ ਲਈ ਲੋੜੀਂਦੇ ਪ੍ਰਬੰਧਕੀ ਤਕਨੀਕੀ ਅਤੇ ਸੰਵਿਧਾਨਿਕ ਨੁਕਤਿਆਂ ਬਾਬਤ ਜਾਗਰੂਕ ਕਰਦੀ ਰਹਿੰਦੀ ਹੈ। ਇਸ-ਜਾਗਰੂਕਤਾ ਮੁਹਿੰਮ ਦੇ ਅੰਤਰਗਤ ਪਿੰਡ, ਬਲਾਕ ਪੱਧਰੀ, ਜ਼ਿਲ੍ਹਾ ਅਤੇ ਰਾਜ ਪੱਧਰੀ ਸਿੱਖਿਆ ਅਤੇ ਟ੍ਰੇਨਿੰਗ ਪ੍ਰੋਗਰਾਮ ਉਲੀਕੇ ਜਾਂਦੇ ਹਨ। ਇਹਨਾਂ ਪ੍ਰੋਗਰਾਮਾਂ ਦੌਰਾਨ ਸਿਖਲਾਈ ਦੇਣ ਖਾਤਰ ਵੱਖ-ਵੱਖ ਮਾਧਿਅਮਾਂ ਅਤੇ ਵੱਖ-ਵੱਖ ਕਿਸਮ ਦੀ ਲਿਖਤ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਲਿਖਤ ਸਮੱਗਰੀ ਕਿਤਾਬਚੇ ਅਤੇ ਪੈਂਫਲਟਾਂ ਦੇ ਰੂਪ ਵਿਚ ਸਿਖਲਾਈ ਵਿਚ ਹਿੱਸਾ ਲੈ ਰਹੇ ਨੁਮਾਇੰਦਿਆਂ ਨੂੰ ਵੰਡੀ ਜਾਂਦੀ ਹੈ। ਇਸ ਲਿਖਤ ਸਮੱਗਰੀ ਨੂੰ ਤਿਆਰ ਕਰਨ ਦਾ ਕਾਰਜ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕੱਰਿਡ) ਚੰਡੀਗੜ੍ਹ ਨੂੰ ਸੌਂਪਿਆ ਗਿਆ ਸੀ ਜੋ ਕਿ ਇਸ ਸੰਸਥਾਂ ਦੇ ਮਾਹਰਾਂ ਨੇ SIRD ਦੇ ਮਾਹਰਾਂ ਅਤੇ ਹੋਰ ਰਾਜ ਪੱਧਰ ਦੇ ਅਧਿਕਾਰੀਆਂ ਨਾਂਲ ਸਲਾਹ ਮਸ਼ਵਰੇ ਤੋਂ ਬਾਅਦ ਤਿਆਰ ਕੀਤੀ ਹੈ। ਮੈਂ ਉਮੀਦ ਕਰਦੀ ਹਾਂ ਕਿ ਇਹ ਸਿਖਲਾਈ ਸਮੱਗਰੀ ਅਤੇ ਜਾਣਕਾਰੀ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਂਇੰਦਿਆਂ, ਕਰਮਚਾਰੀਆਂ ਅਤੇ ਗਰਾਮ ਸਭਾਵਾਂ ਦੇ ਮੈਬਰਾਂ ਲਈ ਸਾਰਥਕ ਸਿੱਧ ਹੋਵੇਗੀ ਅਤੇ ਸਰਬਪੱਖੀ ਵਿਕਾਸ ਵਿੱਚ ਲਗਾਤਾਰਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਬਾਰੇ ਚੇਤੰਨਤਾ ਲਿਆਉਣ ਵਿੱਚ ਸਹਾਈ ਹੋਵੇਗੀ।

ਡਾ. ਰੋਜ਼ੀ ਵੈਦ
ਮੁਖੀ ਅਤੇ ਚੀਫ ਕੋਆਰਡੀਨੇਟਰ
ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ, ਮੋਹਾਲੀ

## ਸਾਡਾ ਉਦੇਸ਼

### ਪੰਚਾਇਤੀ ਰਾਜ ਸੰਸਥਾਵਾਂ ਦੀ ਮਜ਼ਬੂਤੀ

ਸਾਡਾ ਜਮਹੂਰੀ ਅਤੇ ਧਰਮ ਨਿਰਪੱਖ ਗਣਤੰਤਰ ਵਿਭਿੰਨ ਰੰਗਾਂ ਨਾਲ ਲਬਰੇਜ਼ ਇੱਕ ਖੁਸ਼ਬੂਦਾਰ ਫੁੱਲ ਦੀ ਤਰ੍ਹਾਂ ਹੈ। ਭਾਰਤ ਰੂਪੀ ਇਹ ਫੁੱਲ ਵਿਭਿੰਨ ਧਰਮਾਂ, ਜਾਤਾਂ, ਨਸਲਾਂ ਅਤੇ ਬੋਲੀਆਂ ਨੂੰ ਆਪਣੇ ਵਿਚ ਸਮੋ ਕੇ ਹਰ ਪਾਸੇ ਖੁਸ਼ਬੂ ਵੰਡਦਾ ਹੈ। ਇਸ ਟਹਿਕਦੇ ਫੁੱਲ ਦੀ ਭੱਲ ਉਦੋਂ ਸਿਖਰਾਂ ਤੇ ਪੁੱਜ ਗਈ ਜਦੋਂ ਭਾਰਤੀ ਸੰਵਿਧਾਨ ਵਿਚ 73ਵੀਂ ਅਤੇ 74ਵੀਂ ਸੋਧ ਰਾਹੀਂ ਮੁਲਕ ਵਿਚ ਵਸਦੇ ਕਰੋੜਾਂ ਬਾਸ਼ਿੰਦਿਆ ਨੂੰ ਗੁਰਬਾਣੀ ਦੇ ਕਥਨ ਅਪਣੇ ਹੱਥੀਂ ਆਪਨੜਾ ਆਪੇ ਹੀ ਕਾਜੁ ਸਵਾਰੀਐ ਅਨੁਸਾਰ ਆਪਣੀਆਂ ਸਰਕਾਰਾਂ ਦੀ ਸਥਾਪਨਾ ਕਰਨ ਲਈ ਕਾਨੂੰਨੀ ਤੌਰ ਤੇ ਅਧਿਕਾਰਤ ਕਰ ਦਿੱਤਾ ਗਿਆ। ਇਹਨਾਂ ਸੋਧਾਂ ਰਾਹੀ ਔਰਤਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਸਥਾਨਕ ਸਰਕਾਰਾਂ ਵਿਚ ਚੇਅਰਪਰਸਨਜ਼ ਵਜੋਂ ਰਾਖਵਾਂਕਰਨ ਪ੍ਰਦਾਨ ਕਰਕੇ ਇਹਨਾਂ ਸਮੂੰਹਾਂ ਦੇ ਸ਼ਕਤੀਕਰਨ ਨੂੰ ਉਭਾਰਿਆ ਗਿਆ ਹੈ। ਸਾਡੀਆਂ ਸਥਾਨਕ ਸਰਕਾਰਾਂ ਲੋਕਤੰਤਰ ਦੀ ਪੌੜੀ ਦਾ ਮੁੱਢਲਾ ਪੜਾਅ ਹਨ। ਜੇਕਰ ਅਸੀਂ ਇਸ ਪੌੜੀ ਦੇ ਸਿਖਰਲੇ ਪੜਾਅ ਤੇ ਪਹੁੰਚਣਾ ਹੈ ਤਾਂ ਇਹਨਾਂ ਸੰਸਥਾਵਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਬਲ ਬਖਸ਼ਣਾ ਸਮੇਂ ਦੀ ਮੁੱਢਲੀ ਲੋੜ ਹੈ। ਇਹਨਾ ਦੀ ਮਜ਼ਬੂਤੀ ਲਈ ਇਹਨਾਂ ਸੰਸਥਾਵਾਂ ਨਾਲ ਸਬੰਧਤ ਨੁਮਾਇੰਦਿਆਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਜਾਗਰੂਕ ਅਤੇ ਸਿਖਿਅਤ ਕਰਨਾ ਹੋਰ ਵੀ ਮਹੱਤਵਪੂਰਨ ਹੈ। ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ, ਕਰਮਚਾਰੀਆਂ ਲਈ ਪ੍ਰਾਦੇਸਿਕ ਦਿਹਾਤੀ ਵਿਕਾਸ ਸੰਸਥਾ (SIRD) ਪੰਜਾਬ ਦੇ ਸਹਿਯੋਗ ਨਾਲ ਲਿਖਤ ਸਮੱਗਰੀ ਤਿਆਰ ਕੀਤੀ ਹੈ। ਉਮੀਦ ਹੈ ਕਿ ਇਹ ਦਸਤਾਵੇਜ਼ ਸਾਡੇ ਸਰਬਪੱਖੀ ਵਿਕਾਸ ਲਈ ਸਾਰਥਿਕ ਸਿਧ ਹੋਵੇਗਾ।

ਡਾ. ਰਸ਼ਪਾਲ ਮਲਹੋਤਰਾ
ਕਾਰਜਕਾਰੀ ਵਾਈਸ ਚੇਅਰਮੈਨ

# ਮੁੱਖ ਬੰਧ

ਅਜੋਕੇ ਵਿਸ਼ਵ ਪੱਧਰੀ ਮੰਦੇ ਦੇ ਵਰਤਾਰੇ ਨੇ ਸਮੁੱਚੇ ਵਿਸ਼ਵ ਨੂੰ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਪਰਕ੍ਰਿਆ ਪ੍ਰਤੀ ਸ਼ੱਕੀ ਬਣਾ ਦਿਤਾ ਹੈ। ਪਿਛਲੀ ਸਦੀ ਦੇ ਅੰਤਲੇ ਦਹਾਕੇ ਵਿਚ ਇਸ ਪਹੁੰਚ ਵਿਧੀ ਨੂੰ ਅਤਿ ਮਹੱਤਵ ਦੇ ਕੇ ਇਹ ਉਮੀਦ ਜਾਹਰ ਕੀਤੀ ਜਾਂਦੀ ਰਹੀ ਕਿ ਵਿਸ਼ਵੀਕਰਨ ਦੇ ਇਸ ਵਰਤਾਰੇ ਨਾਲ ਸਮੁੱਚਾ ਵਿਸ਼ਵ ਇਕ ਪਿੰਡ ਦੀ ਤਰ੍ਹਾਂ ਵਿਚਰਦਾ ਹੋਇਆ ਦੁਨੀਆਂ ਦੇ ਵਿਭਿੰਨ ਮੁਲਕਾਂ ਦੇ ਆਰਥਿਕ ਵਿਕਾਸ ਦਰ ਵਿਚ ਤੇਜੀ ਲਿਆਉਣ ਦੇ ਨਾਲ ਨਾਲ ਉਹਨਾਂ ਮੁਲਕਾਂ ਦੇ ਸਮਾਜਿਕ, ਰਾਜਨੀਤਿਕ, ਭੂਗੋਲਿਕ ਅਤੇ ਨੈਤਿਕ ਸਰੋਕਾਰਾਂ ਨੂੰ ਵੀ ਮਾਨਵ ਪੱਖੀ ਬਣਾਉਣ ਵਿਚ ਬਣਦਾ ਯੋਗਦਾਨ ਪਾਵੇਗਾ। ਪ੍ਰੰਤੂ ਇਹ ਵਰਤਾਰਾ ਦੋ ਦਹਾਕਿਆਂ ਵਿਚ ਹੀ ਆਪਣਾ ਭਰੋਸਾ ਖੋ ਬੈਠਾ ਹੈ।

ਮੰਦੇ ਦੇ ਇਸ ਵਰਤਾਰੇ ਨੇ ਹਰੇਕ ਨੂੰ ਇਹ ਅਹਿਸਾਸ ਕਰਵਾ ਦਿਤਾ ਹੈ ਕਿ ਜਨਤਕ ਖੇਤਰ ਨੂੰ ਅਣਗੌਲਿਆ ਕਰਕੇ ਨਿੱਜੀ ਖੇਤਰ ਉਤੇ ਉਮੀਦ ਰੱਖਣੀ ਆਰਥਿਕ ਪੱਖੋਂ ਹੀ ਕਾਰਗਰ ਨਹੀਂ ਸਗੋਂ ਇਹ ਸਮਾਜਿਕ ਸੰਤੁਲਨ ਲਈ ਵੀ ਸਹੀ ਨਹੀਂ ਹੈ। ਨਿੱਜੀ ਖੇਤਰ ਬਹੁ ਕੌਮੀ ਕਾਰਪੋਰੇਸ਼ਨਾਂ ਜਾਂ ਕਾਰਪੋਰੇਟ ਸੈਕਟਰ ਦੇ ਰੂਪ ਵਿਚ ਆਮ ਆਰਥਿਕ ਸਮਾਨਤਾ ਨੂੰ ਅਣਗੋਲਿਆ ਤਾਂ ਕਰਦਾ ਹੀ ਹੈ ਸਗੋਂ ਮਨੁੱਖ ਦੇ ਰਾਜਨੀਤਕ, ਸਮਾਜਿਕ, ਸਭਿਆਚਾਰਕ, ਅਕਾਦਮਿਕ ਅਤੇ ਨੈਤਿਕ ਸਰੋਕਾਰਾਂ ਦਾ ਵੀ ਘਾਣ ਕਰਦਾ ਹੈ। ਨੋਬਲ ਇਨਾਮ ਜੇਤੂ ਪ੍ਰਸਿੱਧ ਅਰਥ ਸ਼ਾਸਤਰੀ ਜੋਸਫ ਸਟਿਗਲਿਟਸ ਦੀ ਪ੍ਰਧਾਨਗੀ ਹੇਠ ਸੰਯੁਕਤ ਰਾਸ਼ਟਰ ਵਲੋ ਸਥਾਪਿਤ **ਕਮਿਸ਼ਨ** ਦੀ 2009 ਦੀ ਰਿਪੋਰਟ (ਜਿਹੜੀ ਇਕ ਕਿਤਾਬਚੇ ਦੇ ਰੂਪ ਵਿਚ 2010 ਵਿਚ ਪ੍ਰਕਾਸ਼ਿਤ ਹੋਈ ਹੈ ਵੀ ਉਪਰੋਕਤ ਤੱਥਾਂ ਦੀ ਪ੍ਰੋੜਤਾ ਕਰਦੀ ਹੈ। ਅਸਲ ਵਿਚ ਵਿਸ਼ਵੀ ਕਰਨ ਦੀ ਪਰਕ੍ਰਿਆ ਨੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪੁੱਠਾ ਗੇੜਾ ਦੇ ਕੇ ਆਮ ਲੋਕਾਈ ਨੂੰ ਘੋਰ ਸੰਕਟ ਵਿਚ ਪਾ ਦਿਤਾ ਹੈ। ਇਸ ਸੰਕਟ ਵਿਚੋ ਨਿਕਲਣ ਖਾਤਰ ਅੱਜ ਵਿਸ਼ਵ ਪੱਧਰ ਤੇ ਤਰਤੀਬਾਂ ਲੱਭੀਆਂ ਜਾ ਰਹੀਆਂ ਹਨ। ਪ੍ਰੰਤੂ ਇਸ ਸੰਕਟ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜਨਤਕ ਖੇਤਰ ਅਤੇ ਆਮ ਲੋਕਾਂ ਦੀ ਭਰਵੀਂ ਸ਼ਮੂਲੀਅਤ ਤੋਂ ਬਗੈਰ ਵਿਸ਼ਵ ਦਾ ਕੋਈ ਵੀ ਮੁਲਕ ਮਾਨਵੀਂ ਪੱਖਾਂ ਤੋਂ ਪੂਰਨ ਤਰੱਕੀ ਨਹੀਂ ਕਰ ਸਕਦਾ। ਇਸ ਲਈ ਜਰੂਰੀ ਹੈ ਕਿ ਲੋਕਤੰਤਰੀ ਸੰਸਥਾਵਾਂ ਨੂੰ ਆਪੋ ਆਪਣੇ ਮੁਲਕਾਂ ਦੇ ਸੰਗਠਿਤ ਵਿਕਾਸ ਲਈ ਇਕ ਗਾਡੀ ਰਾਹ ਵਜੋਂ ਵਰਤਿਆ ਜਾਵੇ।

ਭਾਰਤੀ ਗਣਰਾਜ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਆਖਿਆ ਜਾਂਦਾ ਹੈ। ਵਜ੍ਹਾ ਸਪੱਸ਼ਟ ਹੈ ਕਿ ਬਹੁਤ ਸਾਰੀਆਂ ਔਕੜਾਂ ਅਤੇ ਦਿਕਤਾਂ ਦੇ ਬਾਵਜੂਦ ਸਾਡੀ ਲੋਕਤੰਤਰੀ ਪ੍ਰਣਾਲੀ ਅਜੇ ਵੀ ਕਾਫੀ ਕਾਰਜਸ਼ੀਲ ਹੈ। ਭਾਰਤੀ ਸੰਵਿਧਾਨ ਵਿਚ 1992 ਦੌਰਾਨ ਕੀਤੀ ਗਈ 73ਵੀਂ ਅਤੇ 74ਵੀਂ ਸੋਧ ਤੋਂ ਬਾਅਦ ਤਾਂ ਸਾਡੀ ਲੋਕਤੰਤਰੀ ਪ੍ਰਣਾਲੀ ਨੂੰ ਹੋਰ ਵੀ ਭਰਵਾਂ ਹੁਲਾਰਾ ਮਿਲਿਆ ਹੈ। ਇਹ ਸੋਧਾਂ ਹੇਠਲੇ ਪੱਧਰ ਤੇ ਲੋਕਤੰਤਰ ਨੂੰ ਮਜਬੂਤ ਕਰਨ ਲਈ ਸਮਾਜਿਕ ਨਿਆਂ ਦੇ ਅਨੁਸਾਰ ਆਰਥਿਕ ਵਿਕਾਸ ਦੇ ਸੰਕਲਪ ਨੂੰ ਵਿਹਾਰਕ ਰੂਪ ਦੇ ਕੇ ਦਿਹਾਤੀ ਪੱਧਰ ਤੇ ਵਿਚਰ ਰਹੀਆਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਪੱਧਰ ਤੇ ਕਾਰਜਸ਼ੀਲ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੰਵਿਧਾਨਿਕ ਮਜਬੂਤੀ ਪ੍ਰਦਾਨ ਕਰਦੀਆਂ ਹਨ। ਇਹਨਾਂ ਸੋਧਾਂ ਨੇ ਬਹੁਪੱਧਰੀ ਵਿਕੇਦਰੀਕ੍ਰਿਤ ਯੋਜਨਾਬੰਦੀ ਪਰਕ੍ਰਿਆ ਵਿਚ ਆਮ ਮਨੁੱਖ ਦੀ ਸਮੂਲੀਅਤ ਨੂੰ ਯਕੀਨੀ ਬਣਾਉਣ ਦੀ ਗੱਲ ਕੀਤੀ ਹੈ। ਇਸ ਦੇ ਨਾਲ-ਨਾਲ ਭਾਰਤੀ ਸਮਾਜ ਦੇ ਸਦੀਆਂ ਤੋਂ ਅਣਗੌਲੇ ਵਰਗਾਂ ਭਾਵ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਅਤੇ ਔਰਤਾਂ ਨੂੰ ਇਹਨਾਂ ਸੰਸਥਾਵਾਂ ਦੇ ਮੋਹਤਬਰਾਂ ਵਜੋਂ ਵਿਚਰਨ ਦਾ ਮੌਕਾ ਵੀ ਦਿਤਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਜੇ ਵੀ ਸਾਡੇ ਸਮਾਜ ਵਿੱਚ ਆਰਥਿਕ ਨਾ ਬਰਾਬਰੀ ਵੱਡੇ ਪੱਧਰ ਤੇ ਮੌਜੂਦ ਹੈ, ਸਮਾਜਿਕ ਖੇਤਰਾਂ ਜਿਵੇਂ ਕਿ ਸਿੱਖਿਆ, ਸਿਹਤ, ਪੀਣ ਵਾਲੇ ਪਾਣੀ ਜਿਹੀਆਂ ਸਹੂਲਤਾਂ ਖੁਣੋ ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿਚ ਵਸਦੀ ਲੋਕਾਈ ਅਜੇ ਵੀ ਫਾਡੀ ਹੈ, ਭਰਵੀ ਤਦਾਦ ਵਿਚ ਔਰਤ ਵਰਗ ਆਪਣੇ ਹੱਕਾਂ ਹਕੂਕਾਂ ਤੋਂ ਮਰਹੂਮ ਹੈ, ਅਤੇ ਸਾਡੀ ਸੌੜੀ ਵਿਕਾਸ ਨੀਤੀ ਨੇ ਸਾਡੇ ਵਾਤਾਵਰਣ ਦੇ ਸੰਤੁਲਨ ਨੂੰ ਵਿਗਾੜਿਆ ਹੈ, ਇਸ ਤੋਂ ਇਲਾਵਾਂ ਵੀ ਅਸੀ ਹੋਰ ਬਹੁਤ ਸਾਰੇ ਘੋਰ ਸੰਕਟਾਂ ਨਾਂਲ ਜੂਝ ਰਹੇ ਹਾਂ। ਪ੍ਰੰਤੂ ਇਹਨਾਂ ਸੰਕਟਾਂ ਦੀ ਨਿਵਰਤੀ ਲਈ ਸਥਾਨਕ ਸਰਕਾਰਾਂ ਨੂੰ ਮਜਬੂਤੀ ਪ੍ਰਦਾਨ ਕਰਨ ਦੀ ਪਰਕਿਰਿਆ ਨੇ ਸਾਡੇ ਸਾਰਿਆਂ ਲਈ ਆਸ ਦੀ ਕਿਰਨ ਜਗਾਈ ਹੈ।

ਸਵਾਲ ਉਠਦਾ ਹੈ ਕਿ ਸਥਾਨਕ ਸਰਕਾਰਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਨੂੰ ਆਪਣੀ ਵਧੀਆਂ ਕਾਰਗੁਜਾਰੀ ਦਿਖਾਉਣ ਲਈ ਕਿਵੇਂ ਮਜਬੂਤ ਕੀਤਾ ਜਾਵੇ? ਇਸ ਲਈ ਸਭ ਤੋ ਵੱਡੀ ਜ਼ਰੂਰਤ ਹੈ ਕਿ ਇਹਨਾਂ ਸੰਸਥਾਵਾਂ ਦੇ ਚੁਣੇ ਹੋਏ ਨੁੰਮਾਇੰਦਿਆਂ ਅਤੇ ਗਰਾਮ ਸਭਾਵਾਂ ਦੇ ਮੈਂਬਰਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਦੇ ਨਾਂਲ ਹੇਠਲੇ ਪੱਧਰ ਤੇ ਕੀਤੇ ਜਾ ਰਹੇ ਸਰਕਾਰੀ ਅਤੇ ਗੈਰ ਸਰਕਾਰੀ ਯਤਨਾਂ, ਜਿਹਨਾਂ ਵਿਚ ਸਮੂਹ ਲੋਕਾਂ ਦੀ ਭਾਗੀਦਾਰੀ ਵੀ ਹੋਵੇ, ਬਾਬਤ ਸਿੱਖਿਆ ਅਤੇ ਸਿਖਲਾਈ ਰਾਹੀ ਜਾਗਰੂਕ ਕੀਤਾ ਜਾਵੇ। ਉਸ ਤੋਂ ਵੀ ਜ਼ਿਆਦਾ ਜ਼ਰੂਰੀ ਹੈ ਕਿ ਆਮ ਲੋਕਾਂ ਨੂੰ ਜੋ ਇਨ੍ਹਾਂ ਸੰਸਥਾਵਾਂ ਦੇ ਧਰਾਤਲ ਹਨ, ਇਹਨਾਂ ਸੰਸਥਾਵਾਂ ਵਿਚ ਉਹਨਾਂ ਦੀ ਸ਼ਮੂਲਿਅਤ ਅਤੇ ਇਹਨਾਂ ਦੀ ਨਿਗਰਾਨੀ ਕਰਨ ਬਾਰੇ ਜਾਗਰੂਕ ਕੀਤਾ ਜਾਵੇ।

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿੱਡ) ਲੰਮੇ ਸਮੇਂ ਤੋਂ ਸਿੱਖਿਆ ਅਤੇ ਸਿਖਲਾਈ ਦੇ ਇਸ ਕਾਰਜ ਨੂੰ ਇਕ ਉਦੇਸ਼ ਵਜੋਂ ਨਿਭਾ ਰਹੀ ਹੈ। ਇਹ ਸੰਸਥਾ ਲੋਕਾਂ ਦੀ ਬੇਹਤਰੀ ਪ੍ਰਤੀ ਹਮੇਸ਼ਾ ਹੀ ਪ੍ਰਤੀਬੱਧ ਰਹੀ ਹੈ। ਇਸੇ ਸਿਲਸਿਲੇ ਨੂੰ ਹੋਰ ਅੱਗੇ ਤੋਰਦਿਆਂ ਸਾਡੀ ਸੰਸਥਾ ਵਲੋ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਨੁਮਾਇੰਦਿਆਂ ਦੇ ਗਿਆਨ ਵਿਚ ਹੋਰ ਵਾਧਾ ਕਰਨ ਲਈ ਇਹ ਕਿਤਾਬਚਾ ਤਿਆਰ ਕੀਤਾ ਗਿਆ ਹੈ। ਇਸ ਕਿਤਾਬਚੇ ਵਿਚ ਦਿਹਾਤੀ ਪੱਧਰ ਦੇ ਸਮੁੱਚੇ ਸਰੋਕਾਰਾਂ ਨੂੰ ਨਿਯਮਬੱਧ ਤਰੀਕੇ ਨਾਲ ਪ੍ਰੇਰਿਆ ਗਿਆ ਹੈ। ਮੈਨੂੰ ਪੂਰਨ ਉਮੀਦ ਹੈ ਕਿ ਇਹ ਕਿਤਾਬਚਾ ਸਾਡੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਗਏ ਨੁਮਾਂਇੰਦਿਆਂ ਅਤੇ ਗਰਾਮ ਸਭਾਵਾਂ ਦੇ ਮੈਬਰਾਂ ਨੂੰ ਜਾਣਕਾਰੀ ਪ੍ਰਦਾਨ ਕਰਕੇ ਉਹਨਾਂ ਦੇ ਗਿਆਨ ਵਿਚ ਹੋਰ ਵਾਧਾ ਕਰੇਗਾ।

ਪ੍ਰੋ ਸੁਖਪਾਲ ਸਿੰਘ
ਡਾਇਰੈਕਟਰ ਜਨਰਲ
ਸੈਂਟਰ ਫਾਰ ਰੀਸਰਚ ਇੰਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕਰਿੱਡ)

# ਧੰਨਵਾਦ

ਸੌਂਪੇ ਗਏ ਕਿਸੇ ਕਾਰਜ ਨੂੰ ਨੇਪਰੇ ਚਾੜਨ ਦੀ ਪਰਕਿਰਿਆ ਦੌਰਾਨ ਕਿਸੇ ਵਿਅਕਤੀ ਜਾਂ ਸੰਸਥਾ ਵਲੋਂ ਪਾਏ ਯੋਗਦਾਨ ਅਤੇ ਦਿੱਤੀ ਗਈ ਹੱਲਾਸ਼ੇਰੀ ਬਦਲੇ ਉਸ ਵਿਅਕਤੀ ਜਾਂ ਸੰਸਥਾ ਦਾ ਧੰਨਵਾਦ ਕਰਨ ਨੂੰ ਅਕਸਰ ਹੀ ਇੱਕ ਸਰਵ-ਵਿਆਪੀ ਰੀਤ ਅਤੇ ਰਿਵਾਜ ਮੰਨਿਆ ਜਾਂਦਾ ਹੈ। ਪ੍ਰੰਤੂ ਇਥੇ ਇਸ ਕਾਰਜ ਦੇ ਸਬੰਧ ਵਿਚ ਕੀਤਾ ਜਾ ਰਿਹਾ ਧੰਨਵਾਦ ਨਾ ਹੀ ਇਕ ਰੀਤ ਹੈ ਅਤੇ ਨਾ ਹੀ ਇਕ ਵਿਹਾਰ, ਹੈ, ਇਹ ਇਕ ਪ੍ਰਤੱਖ ਸਚਾਈ ਹੈ ਕਿ ਪੰਜਾਬ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਗਰਾਮ ਸਭਾਵਾਂ ਦੇ ਮੈਂਬਰਾਂ ਨੂੰ ਸਿਖਲਾਈ ਦੇਣ ਸਬੰਧੀ ਤਿਆਰ ਕੀਤਾ ਇਹ ਕਿਤਾਬਚਾ ਪੰਜਾਬ ਰਾਜ ਦੀ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD) ਅਤੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਸਰਕਾਰ ਵਲੋਂ ਪ੍ਰਦਾਨ ਵਿੱਤੀ, ਅਕਾਦਮਿਕ ਅਤੇ ਤਕਨੀਕੀ ਸਹਾਇਤਾ ਤੋਂ ਬਗੈਰ ਕਦੇ ਵੀ ਪੂਰਾ ਨਹੀ ਸੀ ਹੋ ਸਕਦਾ। ਇਸ ਲਈ ਅਸੀ ਮਦਦ ਅਤੇ ਸਹਿਯੋਗ ਬਦਲੇ ਦਿਹਾਤੀ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸਤਿਕਾਰਯੋਗ ਸ੍ਰੀ ਅਨੁਰਾਗ ਵਰਮਾ ਅਤੇ ਸ੍ਰੀ ਸੀ. ਸਿਬਨ, ਡਾਇਰੈਕਟਰ ਜੀ ਦੇ ਅਤਿ ਧੰਨਵਾਦੀ ਹਾਂ।

ਇਸ ਕਾਰਜ ਨੂੰ ਨੇਪਰੇ ਚਾੜ੍ਹਨ ਖਾਤਰ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD), ਪੰਜਾਬ ਸਰਕਾਰ ਦੇ ਮੁਖੀ ਡਾ. ਰੋਜ਼ੀ ਵੈਦ ਸ੍ਰੀ ਇਰਵਿੰਦਰ ਪਾਲ ਸਿੰਘ ਜੋਧਕਾ, ਐਸੋਸੀਏਟ ਪ੍ਰੋਫੈਸਰ, ਅਤੇ ਅਤੇ ਸ੍ਰੀ ਗੁਰਮੇਜ ਸਿੰਘ ਢਿਲੋਂ ਸਰੋਤਮਾਹਰ ਵਲੋ ਜੋ ਅਕਾਦਮਿਕ ਸੇਧ ਪ੍ਰਦਾਨ ਕੀਤੀ ਗਈ ਹੈ ਉਸ ਬਦਲੇ ਉਹਨਾਂ ਦੀ ਪ੍ਰਸੰਸਾ ਵਿਚ ਜਿੰਨੇ ਸ਼ਬਦ ਕਹੇ ਜਾਣ ਬਹੁਤ ਥੋੜੇ ਹਨ। ਅਸੀ ਉਹਨਾਂ ਦੇ ਬਹੁਤ ਹੀ ਆਭਾਰੀ ਹਾਂ।

ਦਿਹਾਤੀ ਅਤੇ ਸਨਅਤੀ ਖੋਜ ਵਿਕਾਸ ਸੰਸਥਾ (ਕਰਿੱਡ) ਸੰਸਥਾ ਦੇ ਮੋਢੀ ਅਤੇ ਕਾਰਜਕਾਰੀ ਵਾਈਸ ਚੈਅਰਮੈਨ ਡਾ.ਰਸ਼ਪਾਲ ਮਲਹੋਰਤਰਾ ਜੀ ਦੀ ਅਗਵਾਈ ਅਤੇ ਹੱਲਾਸ਼ੇਰੀ ਸਾਨੂੰ ਹਮੇਸ਼ਾ ਹੀ ਆਮ ਲੋਕਾਈ ਦੀ ਸੇਵਾ ਵੱਲ ਨੂੰ ਤੋਰਦੀ ਹੈ। ਇਸ ਕਿਤਾਬਚੇ ਨੂੰ ਤਿਆਰ ਕਰਨ ਵਕਤ ਉਹਨਾਂ ਵਲੋਂ ਦਿਤੀ ਸਰਪ੍ਰਸਤੀ ਸਾਡੇ ਲਈ ਜ਼ਿੰਦਗੀ ਭਰ ਦੀ ਅਭੁੱਲ ਯਾਦ ਬਣ ਗਈ ਹੈ। ਅਸੀਂ ਉਹਨਾਂ ਦੇ ਉਮਰ ਭਰ ਲਈ ਰਿਣੀ ਹਾਂ। ਕਰਿੱਡ ਸੰਸਥਾ ਦੇ ਡਾਇਰੈਕਟਰ ਜਰਨਲ ਪ੍ਰੋ ਸੁਖਪਾਲ ਸਿੰਘ ਜੀ ਜੋ ਵਰਤਮਾਨ ਸਮੇਂ ਦੀਆਂ ਆਰਥਿਕ ਗਤੀਵਿਧੀਆਂ ਅਤੇ ਦਿਹਾਤੀ ਵਿਕਾਸ ਪਰਕਿਰਿਆਵਾਂ ਨੂੰ ਹਮੇਸ਼ਾ ਲੋਕ ਪੱਖੀ ਨਜ਼ਰੀਏ ਤੋਂ ਘੋਖਦੇ ਅਤੇ ਵਾਚਦੇ ਹਨ, ਦਿੱਤਾ ਗਿਆ ਥਾਪੜਾ ਸਾਡੀ ਸੋਚ ਨੂੰ ਹੋਰ ਉਸਾਰੂ ਬਣਾਉਣ ਲਈ ਵਰਦਾਨ ਸਿੱਧ ਹੋਇਆ ਹੈ। ਉਹਨਾਂ ਪ੍ਰਤੀ ਸਾਡੇ ਮਨ ਵਿਚ ਬਹੁਤ ਹੀ ਸਤਿਕਾਰ ਹੈ। ਅਸੀ ਉਹਨਾਂ ਦੇ ਬਹੁਤ ਹੀ ਰਿਣੀ ਹਾਂ ਕਿਉਂਕਿ ਉਹਨਾਂ ਨੇ ਸਾਨੂੰ ਇਸ ਕਾਰਜ ਨੂੰ ਮੁਕੰਮਲ ਕਰਨ ਵਿਚ, ਜਦੋਂ ਵੀ ਲੋੜ ਪਈ, ਹਮੇਸ਼ਾ ਹੀ ਅਕਾਦਮਿਕ ਸਲਾਹ ਦੇ ਕੇ ਨਿਵਾਜ਼ਿਆ ਹੈ।

ਕਰਿੱਡ ਸੰਸਥਾ ਦੇ ਸਕੱਤਰ-ਕਮ-ਐਸਟੇਬਲਿਸ਼ਮੈਂਟ ਆਫੀਸਰ ਸੰਜੇ ਗੁਪਤਾ ਪ੍ਰਤੀ ਅਸੀ ਆਪਣੀ ਕ੍ਰਿਤਗਤਾ ਜਾਹਰ ਕਰਦੇ ਹਾਂ ਕਿਉਂਕਿ ਉਹਨਾਂ ਦੀ ਰਹਿਨੁਮਾਈ ਥੱਲੇ ਪ੍ਰਬੰਧਕੀ, ਲੇਖਾ, ਲਾਇਬ੍ਰੇਰੀ ਅਤੇ ਕੰਪਿਊਟਰ ਵਿਭਾਗਾਂ ਨਾਲ ਸਬੰਧਤ ਸਾਡੇ ਸਤਿਕਾਰਯੋਗ ਸਾਥੀਆਂ ਨੇ ਇਸ ਕਾਰਜ ਲਈ ਸਾਡੇ ਵਲੋਂ ਮੰਗੀ ਗਈ ਕਿਸੇ ਕਿਸਮ ਦੀ ਸਹਾਇਤਾ ਬਦਲੇ ਕਦੇ ਵੀ ਮੱਥੇ ਵੱਟ ਨਹੀਂ ਪਾਇਆ।

ਵੱਖ-ਵੱਖ ਸੰਸਥਾਵਾਂ ਅਤੇ ਅਕਾਦਮਿਕ ਮਾਹਰਾਂ ਦੀਆਂ ਅਕਾਦਮਿਕ ਲਿਖਤਾਂ ਜਿਹਨਾਂ ਦਾ ਨਿਚੋੜ ਅਸੀ ਇਸ ਕਿਤਾਬਚੇ ਨੂੰ ਨਿਖਾਰਨ ਲਈ ਵਰਤਿਆ ਹੈ, ਇਸ ਬਦਲੇ ਅਸੀ ਉਹਨਾਂ ਸੰਸਥਾਵਾਂ ਅਤੇ ਅਕਾਦਮਿਕ ਮਾਹਰਾਂ, ਜਿਹਨਾਂ ਨੇ ਇਹਨਾਂ ਲਿਖਤਾਂ ਦੀ ਸਿਰਜਣਾ ਕੀਤੀ ਹੈ, ਪ੍ਰਤੀ ਆਪਣੀ ਕ੍ਰਿਤਗਤਾ ਜਾਹਰ ਕਰਦੇ ਹਾਂ।

ਅਸੀ ਆਪਣਾ ਸਿਰ ਝੁਕਾਉਂਦੇ ਹਾਂ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਵਸਦੇ ਉਹਨਾਂ ਮਹਾਨ ਲੋਕਾਂ ਅੱਗੇ ਜਿਹਨਾਂ ਨੇ ਸਾਨੂੰ ਦਿਹਾਤੀ ਵਿਕਾਸ ਨਾਲ ਜੁੜੇ ਪਹਿਲੂਆਂ ਪ੍ਰਤੀ ਜਾਣਕਾਰੀ ਪ੍ਰਦਾਨ ਕਰਤਾ ਇਹ ਕਿਤਾਬਚਾ ਲਿਖਣ ਲਈ ਪ੍ਰੇਰਿਆ ਹੈ।

ਸ੍ਰੀ ਬਲਜਿੰਦਰ ਸਿੰਘ ਦੇ ਧੰਨਵਾਦ ਤੋਂ ਬਿਨਾਂ ਸਾਡੇ ਇਹ ਧੰਨਵਾਦੀ ਸ਼ਬਦ ਅਧੂਰੇ ਰਹਿ ਜਾਣਗੇ। ਵਜ੍ਹਾ ਸਪੱਸ਼ਟ ਹੈ ਕਿ ਜੇਕਰ ਉਹ ਇਸ ਹੱਥ ਲਿਖਤ ਖਰੜੇ ਨੂੰ ਟਾਈਪਿੰਗ ਰਾਹੀਂ ਕਿਤਾਬੀ ਰੂਪ ਨਾ ਦਿੰਦੇ ਤਾਂ ਇਹ ਕਿਤਾਬਚਾ ਲੋਕਾਂ ਤੀਕ ਕਿਵੇਂ ਪਹੁੰਚਦਾ। ਸੋ ਅਸੀ ਉਹਨਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਡਾ. ਸੁਖਵਿੰਦਰ ਸਿੰਘ
ਪ੍ਰਾਜੈਕਟ ਕੋਆਰਡੀਨੇਟਰ
ਜਸਬੀਰ ਸਿੰਘ
ਅਸਿਸਟੈਂਟ ਪ੍ਰਾਜੈਕਟ ਕੋਆਰਡੀਨੇਟਰ

# ਵਿਸ਼ਾ ਵਸਤੂ


| ਅਧਿਆਇ | | ਪੰਨਾ ਨੰਬਰ |
|---|---|---|
| 1) | ਪੰਚਾਇਤੀ ਰਾਜ ਪ੍ਰਤੀਨਿਧਾਂ ਅਤੇ ਕਰਮਚਾਰੀਆਂ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਵਿਕਾਸ ਸਕੀਮਾਂ ਸਬੰਧੀ ਜਾਣਕਾਰੀ | 1 |
| 2) | ਸਮਾਜ ਭਲਾਈ ਵਿਭਾਗ ਦੁਆਰਾ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਸਕੀਮਾਂ | 14 |
| 3) | ਸਿਹਤ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ | 23 |
| 4) | ਸਿੱਖਿਆ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ | 35 |
| 5) | ਪੇਂਡੂ ਵਿਕਾਸ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵਿਕਾਸ ਸਕੀਮਾਂ | 43 |
| 6) | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਦੁਆਰਾ ਚਲਾਈ ਜਾ ਰਹੀ ਆਟਾ ਦਾਲ ਸਕੀਮ | 57 |
| 7) | ਪਸ਼ੂ ਅਤੇ ਮੱਛੀ ਪਾਲਣ ਵਿਭਾਗਾਂ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ | 58 |
| 8) | ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ | 60 |
| 9) | ਭੂਮੀ ਅਤੇ ਜਲ ਸੰਭਾਲ ਵਿਭਾਗ, ਪੰਜਾਬ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ | 68 |
| 10) | ਮੁਫਤ ਕਾਨੂੰਨੀ ਸਹਾਇਤਾ ਅਤੇ ਲੋਕ ਅਦਾਲਤ | 72 |
| 11) | ਪੰਜਾਬ ਸੇਵਾ ਅਧਿਕਾਰ ਐਕਟ, 2011 | 78 |
| 12) | ਸੂਚਨਾ ਦਾ ਅਧਿਕਾਰ | 84 |

# ਅਧਿਆਇ 1

# ਪੰਚਾਇਤੀ ਰਾਜ ਪ੍ਰਤੀਨਿਧਾਂ ਅਤੇ ਕਰਮਚਾਰੀਆਂ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਵਿਕਾਸ ਸਕੀਮਾਂ ਸਬੰਧੀ ਜਾਣਕਾਰੀ

ਪਿਛਲੇ ਪੰਨਿਆਂ ਵਿੱਚ ਅਸੀਂ ਪੰਚਾਇਤੀ ਰਾਜ ਸੰਸਥਾਵਾਂ ਦੇ ਕਾਨੂੰਨੀ, ਪ੍ਰਬੰਧਕੀ ਅਤੇ ਕਾਰਜਕਾਰੀ ਪੱਖਾਂ ਦੇ ਨਾਲ ਨਾਲ ਦਿਹਾਤੀ ਵਿਕਾਸ ਨਾਲ ਸਬੰਧਤ ਗਿਆਰਵੀਂ ਸੂਚੀ ਦੇ ਮਹੱਤਵਪੂਰਨ ਵਿਸ਼ਿਆਂ ਬਾਰੇ ਚਰਚਾ ਕੀਤੀ ਹੈ। ਇਸ ਸਬੰਧ ਵਿੱਚ ਪੰਚਾਇਤਾਂ ਦੇ ਮੈਂਬਰਾਂ ਦੀ ਉਸਾਰੂ ਭੂਮਿਕਾ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸਮੁੱਚੀ ਵਿਚਾਰ ਚਰਚਾ ਵਿੱਚੋਂ ਇਹ ਗੱਲ ਸਾਹਮਣੇ ਆਈ ਹੈ ਕਿ ਜਦੋਂ ਤੱਕ ਲੋਕਾਂ ਦੇ ਜੀਵਨ ਦੀ ਗੁਣਵੱਤਾ ਦਾ ਪੱਧਰ ਨੀਵਾਂ ਰਹੇਗਾ ਉਦੋਂ ਤੱਕ ਕਿਸੇ ਵੀ ਰਾਜ ਦੇ ਦਿਹਾਤੀ ਖੇਤਰਾਂ ਨੂੰ ਵਿਕਸਤ ਨਹੀਂ ਮੰਨਿਆ ਜਾ ਸਕੇਗਾ। ਪੰਜਾਬ ਦੇ ਸਬੰਧ ਵਿੱਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਵਿਕਾਸ ਦੇ ਰਾਹ ਵਿੱਚ ਅਸਾਵੀਂ ਢਾਂਚਾਗਤ ਸੰਰਚਨਾ, ਕੁਪੋਸ਼ਣ, ਸਮਾਜਿਕ ਉਲਝਣਾਂ, ਰਿਸ਼ਵਤਖੋਰੀ, ਅਨਪੜ੍ਹਤਾ, ਬੀਮਾਰੀ, ਯੋਜਨਾਬੰਦੀ ਦੌਰਾਨ ਲੋਕਾਂ ਦੀ ਭਾਗੀਦਾਰੀ ਦਾ ਨਾ ਹੋਣਾ ਅਤੇ ਦੂਸ਼ਿਤ ਵਾਤਾਵਰਣ ਜਿਹੀਆਂ ਕੁਰੀਤੀਆਂ ਸਾਡੇ ਸਮਾਜ ਲਈ ਰੋੜਾ ਬਣ ਕੇ ਖੜ ਗਈਆਂ ਹਨ। ਲੋੜ ਇਸ ਗੱਲ ਦੀ ਹੈ ਕਿ ਪੰਚਾਇਤੀ ਰਾਜ ਸੰਸਥਾਵਾਂ ਦੇ ਮੈਂਬਰ, ਖਾਸ ਕਰਕੇ ਗਰਾਮ ਪੰਚਾਇਤ ਦੇ ਮੈਂਬਰ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਦ੍ਰਿੜਤਾ ਨਾਲ ਜੁਟ ਜਾਣ ਅਤੇ ਇਹ ਦੇਖਣ ਕਿ ਸਰਕਾਰ ਦੀਆਂ ਵਿਭਿੰਨ ਸਕੀਮਾਂ ਦਾ ਫਾਇਦਾ ਲੋਕਾਂ ਤਕ ਪਹੁੰਚ ਵੀ ਰਿਹਾ ਹੈ ਕਿ ਨਹੀਂ? ਅਜੋਕੇ ਸਮੇਂ ਵਿੱਚ ਪ੍ਰਸ਼ਾਸਕੀ ਪੱਧਰ ਤੇ ਵਿਕਾਸ ਸਕੀਮਾਂ ਜਾਂ ਪ੍ਰੋਗਰਾਮਾਂ ਅਤੇ ਅਮਲੇ ਦੀ ਕੋਈ ਕਮੀ ਨਹੀਂ ਹੈ। ਪ੍ਰੰਤੂ ਲੋੜ ਇਸ ਗੱਲ ਦੀ ਹੈ ਕਿ ਲੋਕਾਂ ਨੂੰ ਜਾਗਰਿਤ ਕਰਕੇ ਸਕੀਮਾਂ ਵਿੱਚੋਂ ਉਪਲਭਧ ਸਾਧਨਾਂ ਨੂੰ ਇਸ ਤਰੀਕੇ ਨਾਲ ਸੰਤੁਲਿਤ ਕੀਤਾ ਜਾਵੇ ਕਿ ਲੋਕ ਖੁਦ ਬਖੁਦ ਇਹਨਾਂ ਪ੍ਰੋਗਰਾਮਾਂ ਤੋਂ ਲਾਭ ਉਠਾ ਕੇ ਆਪਣੇ ਜੀਵਨ ਨੂੰ ਸੁਧਾਰਨ ਵੱਲ ਰੁਚਿਤ ਹੋਣ। ਇਥੇ ਦਿਹਾਤੀ ਪੱਧਰ ਦੀ ਲੀਡਰਸ਼ਿਪ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦੇ ਆਪਣਾ ਭਰਪੂਰ ਯੋਗਦਾਨ ਪਾ ਸਕਦੇ ਹਨ।

ਇਸ ਟਰੇਨਿੰਗ ਮਾਰਗਦਰਸ਼ਿਕਾ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਦੁਆਰਾ ਸਮੇਂ ਸਮੇਂ ਤੇ ਪਿੰਡਾਂ ਦੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਤਾਂ ਕਿ ਇਸ ਨੂੰ ਪੜ੍ਹ ਕੇ ਪਿੰਡਾਂ ਦੇ ਪੰਚਾਇਤ ਪ੍ਰਤੀਨਿਧੀ ਆਪੋ ਆਪਣੇ ਪਿੰਡਾਂ ਦੇ ਵਿਕਾਸ ਲਈ ਪ੍ਰਭਾਵਸ਼ਾਲੀ ਢੰਗ ਨਾਲ ਆਪਣਾ ਬਣਦਾ ਯੋਗਦਾਨ ਪਾ ਸਕਣ ਤਾਂ ਕਿ ਪਿੰਡਾਂ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ। ਵੱਖ ਵੱਖ ਵਿਭਾਗਾਂ ਦੀਆਂ ਮੁੱਖ ਵਿਕਾਸਮੁਖੀ ਯੋਜਨਾਵਾਂ ਜਾਂ ਸਕੀਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-



# ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਨਾਲ ਸਬੰਧਤ ਸਕੀਮਾਂ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਬੁੱਢੇ ਅਤੇ ਨਿਤਾਣਿਆਂ ਵਿਧਵਾਵਾਂ ਅਤੇ ਨਿਆਸਰਿਤ ਔਰਤਾਂ, ਵੂਮੈਨ ਇਮਮੋਰਲ ਟਰੈਫਿਕ, ਸਰੀਰਕ ਤੌਰ ਤੇ ਨਕਾਰਾ, ਨੇਤਰਹੀਣ ਅਤੇ ਦਿਮਾਗੀ ਤੌਰ ਤੇ ਨਕਾਰਾ, ਅਣਗੋਲੇ ਅਤੇ ਯਤੀਮ ਬੱਚਿਆਂ ਦੀ ਸਮਾਜਿਕ ਭਲਾਈ ਲਈ ਸਾਲ 1955 ਤੋਂ ਕੰਮ ਕਰ ਰਿਹਾ ਹੈ।

## ➢ ਬੁਢਾਪਾ ਪੈਨਸ਼ਨ ਅਤੇ ਹੋਰ ਦੂਜੀਆਂ ਵਿੱਤੀ ਸਹਾਇਤਾ ਸਕੀਮਾਂ ਸਬੰਧੀ ਨੋਟ

1) **ਸਮਾਜਿਕ ਸੁਰੱਖਿਆ ਡੈਡੀਕੇਟਡ ਫੰਡ**

ਸਰਕਾਰ ਵੱਲੋਂ ਬੁਢਾਪਾ ਪੈਨਸ਼ਨ, ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ, ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਅਤੇ ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮਾਂ ਅਧੀਨ ਫੰਡਾਂ ਦਾ ਰੈਗੂਲਰ ਪ੍ਰਬੰਧ ਕਰਨ ਲਈ, ਇੱਕ ਸਮਾਜਿਕ ਸੁਰੱਖਿਆ ਡੈਡੀਕੇਟਡ ਫੰਡ ਦੀ ਰਚਨਾ ਕੀਤੀ ਗਈ ਹੈ ਜਿਸ ਵਿਚ 3% ਸਟੈਂਪ ਡਿਊਟੀ ਸ਼ਹਿਰੀ ਖੇਤਰਾਂ ਦੀ ਜ਼ਮੀਨ ਦੀ ਰਜਿਸਟ੍ਰੇਸ਼ਨ ਤੇ ਵਧਾਈ ਗਈ ਹੈ ਅਤੇ 5% ਵਾਧੂ ਡਿਊਟੀ ਬਿਜਲੀ ਦੀ ਖਪਤ ਤੇ ਲਗਾਈ ਗਈ ਹੈ, ਜਿਸ ਤੋਂ ਫੰਡ ਆ ਰਹੇ ਹਨ। ਇਹ ਸਕੀਮ 1 ਅਪ੍ਰੈਲ, 2005 ਤੋਂ ਲਾਗੂ ਕੀਤੀ ਗਈ ਹੈ। ਇਸ ਸਬੰਧੀ ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਰਾਹੀਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੀਆਂ ਹੇਠ ਲਿਖੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ :-

- ਬੁਢਾਪਾ ਪੈਨਸ਼ਨ।
- ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ।
- ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ।
- ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ।

## ➢ ਬੁਢਾਪਾ ਪੈਨਸ਼ਨ ਅਤੇ ਦੂਜੀਆਂ ਵਿੱਤੀ ਸਹਾਇਤਾ ਲਈ ਪਾਤਰਤਾ

1) **ਬੁਢਾਪਾ ਪੈਨਸ਼ਨ**

ਇਸ ਸਕੀਮ ਅਧੀਨ 58 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਔਰਤਾਂ, 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪੁਰਸ਼ ਜਿਨ੍ਹਾਂ ਦੀ ਆਮਦਨ 2000/- ਰੁਪਏ ਇੱਕਲੇ ਅਤੇ ਜ਼ੋੜੇ ਦੇ ਕੇਸ ਵਿਚ 3000/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ, ਪੈਨਸ਼ਨ ਲੈਣ ਦੇ ਹੱਕਦਾਰ ਹੋਣਗੇ। ਉਹ ਵਿਅਕਤੀ ਜਿਸ ਕੋਲ ਵੱਧ ਤੋਂ ਵੱਧ 2 ਏਕੜ ਨਹਿਰੀ/ਚਾਹੀ ਜਮੀਨ ਜਾਂ ਵੱਧ ਤੋਂ ਵੱਧ 4 ਏਕੜ ਬਰਾਨੀ ਜਮੀਨ ਦੀ ਮਾਲਕੀ ਹੋਵੇ (ਪਤੀ ਪਤਨੀ ਦੋਨਾ ਨੂੰ ਮਿਲਾ ਕੇ) ਅਤੇ ਉਸ ਦੀ ਆਮਦਨੀ ਉਸ ਦੇ ਹੋਰ ਆਮਦਨ ਦੇ ਸਾਧਨਾਂ ਨੂੰ ਮਿਲਾ ਕੇ ਕ੍ਰਮਵਾਰ ਇੱਕਲੇ ਹੋਣ ਦੀ ਸੂਰਤ ਵਿਚ 2000/- ਅਤੇ ਜ਼ੋੜੇ ਦੇ ਕੇਸ ਵਿਚ 3000/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ। ਸਰਕਾਰ ਵੱਲੋਂ ਸਾਰੀ ਨੋਟੀਫਿਕੇਸ਼ਨ ਮਿਤੀ 15-10-2013 ਅਨੁਸਾਰ ਹੁਣ ਬਜ਼ੁਰਗਾਂ ਦੀ ਪੈਨਸ਼ਨ ਮੰਨਜੂਰ ਕਰਨ ਲਈ ਪੁੱਤਰਾਂ ਦੀ ਆਮਦਨ ਦੀ ਸ਼ਰਤ ਖਤਮ ਕਰ ਦਿਤੀ ਹੈ।

1) **ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ :-**

ਇਸ ਸਕੀਮ ਅਧੀਨ 58 ਸਾਲ ਤੋਂ ਘੱਟ ਉਮਰ ਦੀਆਂ ਵਿਧਵਾਵਾਂ/ ਨਿਆਸ਼ਰਿਤ ਔਰਤਾਂ, 30 ਸਾਲ ਤੋਂ ਵੱਧ ਉਮਰ ਦੀ ਅਣਵਿਆਹੀਆਂ ਇਸਤਰੀਆਂ ਲਈ ਜਿਨ੍ਹਾਂ ਦੀ ਆਮਦਨ ਸਾਰੇ ਵਸੀਲਿਆਂ ਤੋਂ 1000/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ ਨੂੰ ਵਿੱਤੀ ਸਹਾਇਤਾ ਮੰਨਜੂਰ ਕੀਤੀ ਜਾਂਦੀ ਹੈ।

2) **ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ :-**

- ਇਸ ਸਕੀਮ ਅਧੀਨ 21 ਸਾਲ ਤੋਂ ਘੱਟ ਉਮਰ ਦੇ ਅਜਿਹੇ ਸੱਚੇ, ਜਿਹੜੇ ਮਾਪਿਆਂ ਦੀ ਇਮਦਾਦ ਜਾਂ ਮਾਤਾ ਪਿਤਾ ਦੀ ਮ੍ਰਿਤੂ ਹੋ ਜਾਣ ਕਾਰਣ ਜਾਂ ਘਰ ਤੋਂ ਲਗਾਤਾਰ ਮਾਤਾ-ਪਿਤਾ ਦੀ ਗੈਰ ਹਾਜ਼ਰੀ ਕਾਰਣ ਜਾਂ ਉਨ੍ਹਾਂ ਦੀ ਸ਼ਰੀਰਕ/ਮਾਨਸਿਕ ਅਪੰਗਤਾ ਕਾਰਣ ਦੇਖ ਭਾਲ ਤੋਂ ਵੰਚਿਤ ਹੋ ਗਏ ਹੋਣ, ਮਾਲੀ ਸਹਾਇਤਾ ਦੇ ਪਾਤਰ ਹੋਣਗੇ,

ਬਸ਼ਰਤੇ ਕਿ ਮਾਤਾ ਜਾਂ ਪਿਤਾ ਦੀ ਮਾਸਿਕ ਆਮਦਨ 1000/- ਰੁਪਏ ਪ੍ਰਤੀ ਮਹੀਨਾ ਅਤੇ ਜੇ ਮਾਤਾ ਪਿਤਾ ਦੋਵੇਂ ਜਿਉਂਦੇ ਹੋਣ ਤਾਂ ਉਨ੍ਹਾਂ ਦੀ ਮਾਸਿਕ ਆਮਦਨ 1500/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ। ਪ੍ਰਤੀ ਪਰਵਾਰ ਨੂੰ ਆਮਦਨ ਦੀ ਸ਼ਰਤ ਅਧੀਨ 300/- ਰੁਪਏ ਪ੍ਰਤੀ ਬੱਚਾ ਪ੍ਰਤੀ ਮਹੀਨਾ ਦੀ ਛੋਟ ਹੈ, ਜੋ 2 ਬੱਚਿਆਂ ਤੱਕ ਸੀਮਿਤ ਹੋਵੇਗੀ। ਮਾਤਾ ਪਿਤਾ ਦੇ ਜਿਉਂਦੇ ਨਾ ਹੋਣ ਦੀ ਸੂਰਤ ਵਿਚ ਤੀਜੇ ਬੱਚੇ ਨੂੰ ਵੀ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਉਪਰੰਤ ਵਿੱਤੀ ਸਹਾਇਤਾ ਦਿੱਤੀ ਜਾ ਸਕਦੀ ਹੈ।

- ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮ ਦੇ ਕੇਸਾਂ ਵਿੱਚ ਮਾਤਾ ਪਿਤਾ/ ਗਾਰਡੀਅਨ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਮੰਨਜ਼ੂਰੀ ਕਰਤਾ ਅਧਿਕਾਰੀ/ ਐਸ.ਡੀ.ਐਮ ਵਲੋਂ ਕਿਸੇ ਨਜਦੀਕ ਰਿਸ਼ਤੇਦਾਰ ਦੀ ਬਤੌਰ ਗਾਰਡੀਅਨ/ਵਾਰਸ ਨਾਮਜ਼ਦਗੀ ਕੀਤੀ ਜਾਵੇਗੀ। ਪੁਰਾਣੇ ਅਰਜ਼ੀ ਫਾਰਮ ਅਤੇ ਪੁਰਾਣੇ ਪੀ.ਐਲ.ਏ. ਨੰਬਰ ਉਤੇ ਹੀ ਨਵੇ ਨਾਮਜ਼ਦ ਗਾਰਡੀਅਨ/ਵਾਰਸ ਦੀ ਪ੍ਰਵਾਨਗੀ ਮੰਨਜੂਰ ਕਰਤਾ ਅਧਿਕਾਰੀ ਵੱਲੋਂ ਦਿੱਤੀ ਜਾਵੇਗੀ ਅਤੇ ਵਿੱਤੀ ਸਹਾਇਤਾ ਨਾਮਜ਼ਦ ਕੀਤੇ ਗਏ ਗਾਰਡੀਅਨ/ਵਾਰਸ ਦੇ ਨਾਂ ਤੇ ਬਿਨ੍ਹਾਂ ਰੋਕੇ ਜਾਰੀ ਰੱਖੀ ਜਾਵੇਗੀ।

### 3) ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ :-

- ਇਸ ਸਕੀਮ ਅਧੀਨ ਨੇਤਰਹੀਣ, ਲੂਲੇ ਲੰਗੜ੍ਹੇ, ਗੁੰਗੇ ਬੋਲੇ, ਘੱਟ ਦਿਮਾਗ ਵਾਲੇ ਜਾਂ ਗੰਭੀਰ ਬਿਮਾਰੀ ਕਾਰਣ ਅਪੰਗ ਹੋ ਗਏ ਵਿਅਕਤੀ, ਵਿੱਤੀ ਸਹਾਇਤਾ ਲੈਣ ਦੇ ਪਾਤਰ ਹੋਣਗੇ।
- 50% ਤੋਂ ਘੱਟ ਅਪੰਗਤਾ ਵਾਲੇ ਵਿਅਕਤੀ ਮਾਲੀ ਸਹਾਇਤਾ ਲਈ ਯੋਗ ਨਹੀਂ ਹੋਣਗੇ।
- ਮੰਦ-ਬੁੱਧੀ ਕਾਰਣ ਅਪੰਗ ਵਿਅਕਤੀਆਂ ਲਈ ਮਾਲੀ ਸਹਾਇਤਾ ਵਾਸਤੇ ਘੱਟ ਤੋਂ ਘੱਟ ਅਪੰਗਤਾ ਦੀ ਕੋਈ ਪ੍ਰਤੀਸ਼ੱਤਤਾ ਨਿਸ਼ਚਿਤ ਨਹੀਂ ਹੈ।
- ਬਿਨੈਕਾਰ ਦੀ ਆਪਣੀ ਆਮਦਨ 1000/- ਰੁਪਏ ਪ੍ਰਤੀ ਮਹੀਨਾ ਅਤੇ ਜੇਕਰ ਬਿਨੈਕਾਰ ਸ਼ਾਦੀ ਸ਼ੁਦਾ ਹੈ ਤਾਂ ਦੋਹਾਂ ਦੀ ਆਮਦਨ 1500/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਹੋਵੇ।
- ਜੇਕਰ ਅਪੰਗ ਵਿਅਕਤੀ ਖੁੱਦ ਕਮਾਊ ਨਾ ਹੋਵੇ ਤਾਂ ਮਾਪਿਆਂ ਦੀ ਆਮਦਨ ਜੇਕਰ ਉਨਾਂ ਦਾ ਇੱਕ ਬੱਚਾ ਹੋਵੇ ਤਾਂ 2500/- ਰੁਪਏ ਪ੍ਰਤੀ ਮਹੀਨਾ ਤੱਕ ਸੀਮਿਤ ਹੋਵੇਗੀ ਅਤੇ ਜੇ ਦੋ ਜਾਂ ਉਸ ਤੋਂ ਵੱਧ ਬੱਚੇ ਹੋਣ ਤਾਂ ਆਮਦਨ ਪ੍ਰਤੀ ਮਹੀਨਾ 3000/- ਰੁਪਏ ਤੱਕ ਗਿਣੀ ਜਾਵੇਗੀ।
- ਘੱਟ ਦਿਮਾਗ ਵਾਲੇ ਜਾਂ ਮਾਨਸਿਕ ਤੌਰ ਤੇ ਬਿਮਾਰ ਵਿਅਕਤੀਆਂ ਜਾਂ 21 ਸਾਲ ਤੋਂ ਘੱਟ ਉਮਰ ਦੇ ਅਪੰਗ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮ ਦੇ ਕੇਸ ਵਿੱਚ ਮਾਤਾ ਪਿਤਾ/ ਪਤੀ-ਪਤਨੀ/ ਗਾਰਡੀਅਨ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਮੰਨਜ਼ੂਰੀ ਕਰਤਾ ਅਧਿਕਾਰੀ/ਐਸ.ਡੀ.ਐਮ. ਵਲੋਂ ਕਿਸੇ ਨਜ਼ਦੀਕੀ ਰਿਸਤੇਦਾਰ ਦੀ ਬਤੌਰ ਨਾਮਜ਼ਦਗੀ ਕੀਤੀ ਜਾਵੇਗੀ। ਪੁਰਾਣੇ ਅਰਜੀ ਫਾਰਮ ਅਤੇ ਪੀ.ਐਲ.ਏ. ਨੰਬਰ ਉਤੇ ਹੀ ਨਵੇ ਨਾਮਜ਼ਦ ਗਾਰਡੀਅਨ/ਵਾਰਸ਼ ਨੂੰ ਵਿੱਤੀ ਸਹਾਇਤਾ ਬਿਨ੍ਹਾ ਰੋਕੇ ਜਾਰੀ ਰੱਖੀ ਜਾਵੇਗੀ। ਮਾਤਾ ਪਿਤਾ/ਪਤੀ੍ ਪਤਨੀ/ ਗਾਰਡੀਅਨ ਦੀ ਮੌਤ ਹੋ ਜਾਣ ਕਾਰਨ ਘੱਟ ਦਿਮਾਗ ਵਾਲੇ ਜਾਂ ਮਾਨਸਿਕ ਤੌਰ ਤੇ ਅਪੰਗ/ ਬਿਮਾਰ ਵਿਅਕਤੀਆਂ ਜਾਂ 21 ਸਾਲ ਤੋਂ ਘੱਟ ਉਮਰ ਦੇ ਅਪੰਗ ਬੱਚਿਆਂ ਦੇ ਕੇਸ ਵਿੱਚ ਵਾਰਸ ਦੀ ਆਮਦਨ ਨਹੀਂ ਵਿਚਾਰੀ ਜਾਵੇਗੀ।

**ਬੁਢਾਪਾ ਪੈਨਸ਼ਨ ਅਤੇ ਹੋਰ ਦੂਜੀਆਂ ਵਿੱਤੀ ਸਹਾਇਤਾ ਸਕੀਮ ਅਧੀਨ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਅਰਜ਼ੀ ਫਾਰਮਾਂ ਨੂੰ ਮੰਨਜ਼ੂਰ ਕਰਨ ਦੀ ਵਿਧੀ:**

ਬਿਨੈਕਾਰ ਵੋਟਰ ਕਾਰਡ ਜਾਂ ਵੋਟਰ ਸੂਚੀ ਜਾਂ ਰਾਸ਼ਨ ਕਾਰਡ ਜਾਂ ਦਸਵੀਂ ਪਾਸ ਸਰਟੀਫਿਕੇਟ ਜਾਂ ਰਜਿਸਟਰਾਰ ਜਨਮ ਅਤੇ ਮੌਤ ਵਿਭਾਗ ਵੱਲੋਂ ਜਾਰੀ ਸਰਟੀਫਿਕੇਟ (ਵਿਚੋਂ ਕੋਈ ਇੱਕ ਸਬੂਤ) ਵਿਚ ਦਰਸਾਈ ਉਮਰ ਦਾ ਸਬੂਤ। ਪੇਂਡੂ ਖੇਤਰ ਵਿੱਚ ਸਰਪੰਚ ਅਤੇ ਇਕ ਪੰਚਾਇਤ ਮੈਂਬਰ ਜਾਂ ਇਕ ਨੰਬਰਦਾਰ ਅਤੇ ਇਕ ਜਾਂ ਦੋ ਮੈਂਬਰ ਪੰਚਾਇਤ ਜਾਂ ਚੇਅਰਪਰਸਨ/ ਮੈਂਬਰ ਬਲਾਕ ਸੰਮਤੀ ਅਤੇ ਇਕ ਮੈਂਬਰ ਪੰਚਾਇਤ ਜਾਂ ਚੇਅਰਪਰਸਨ/ ਮੈਂਬਰ ਜ਼ਿਲਾ ਪ੍ਰੀਸ਼ਦ ਅਤੇ ਇਕ ਮੈਂਬਰ ਪੰਚਾਇਤ ਅਰਜ਼ੀ ਤਸਦੀਕ/ ਸਿਫਾਰਸ਼ ਕਰਨ ਲਈ ਅਧਿਕਾਰਤ ਹੋਵੇਗਾ।ਸ਼ਹਿਰੀ ਖੇਤਰਾਂ ਵਿੱਚ ਮਿਉਂਸਪਲ ਕੋਸਲਰ ਅਰਜ਼ੀ ਤਸਦੀਕ/ਸਿਫਾਰਸ਼ ਕਰਨ ਲਈ ਅਧਿਕਾਰਤ ਹੋਵੇਗਾ।ਤਸਦੀਕ/ਸਿਫਾਰਸ਼ ਉਪਰੰਤ ਬਿਨੈਕਾਰਾਂ ਦੇ ਅਰਜ਼ੀ ਫਾਰਮ ਸਬੰਧਤ ਐਸ੍ਡੀ੍ਐਮ੍ ਦਫਤਰ ਵਲੋਂ ਪ੍ਰਾਪਤ ਕੀਤੇ ਜਾਣਗੇ।

ਸਬੰਧਤ ਐਸ.ਡੀ.ਐਮ. ਨੂੰ ਇਹਨਾਂ ਤਸਦੀਕ/ਸਿਫਾਰਸ਼ ਦੇ ਆਧਾਰ ਤੇ ਆਰਜ਼ੀ ਪੈਨਸ਼ਨ ਮੰਨਜੂਰ ਕਰਨ ਦੇ ਅਧਿਕਾਰ ਹੋਣਗੇ। ਇਸ ਸਬੰਧੀ ਉਪ ਮੰਡਲ ਅਫਸਰ ਫਾਰਮ ਪ੍ਰਾਪਤ ਹੋਣ ਤੇ ਤਿੰਨ ਦਿਨਾਂ ਦੇ ਅੰਦਰ-ਅੰਦਰ ਪ੍ਰੋਵੀਜ਼ਨਲ ਪੈਨਸ਼ਨ ਮੰਨਜੂਰ ਕਰਨਗੇ।

ਆਰਜ਼ੀ ਪੈਨਸ਼ਨ ਮੰਨਜੂਰ ਹੋਣ ਤੋਂ ਬਾਅਦ ਸਾਰੀਆਂ ਅਰਜ਼ੀਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰਾਂ ਨੂੰ ਭੇਜ਼ ਦਿੱਤੀਆਂ ਜਾਣੀਆਂ ਯਕੀਨੀ ਬਣਾਈਆ ਜਾਣ। ਸਬੰਧਤ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਇਹਨਾਂ ਅਰਜ਼ੀ ਫਾਰਮਾਂ ਦੀ ਪੜਤਾਲ ਇਕ ਮਹੀਨੇ ਵਿੱਚ ਕਰਨੀ ਯਕੀਨੀ ਬਣਾਉਣਗੇ ਅਤੇ ਪੜਤਾਲ ਕਰਵਾਉਣ ਉਪਰੰਤ ਜੇਕਰ ਲਾਭਪਾਤਰੀ ਯੋਗ ਪਾਇਆ ਜਾਂਦਾ ਹੈ ਤਾਂ ਪੈਨਸ਼ਨ ਦੀ ਮੰਨਜੂਰੀ ਪੱਕੀ ਕੀਤੀ ਜਾਵੇਗੀ। ਜੇਕਰ ਪੜਤਾਲ ਦੌਰਾਨ ਲਾਭਪਾਤਰੀ ਅਯੋਗ ਪਾਇਆ ਜਾਂਦਾ ਹੈ ਤਾਂ ਸਬੰਧਤ ਸਿਫਾਰਸ਼/ ਤਸਦੀਕ ਕਰਤਾ ਪਾਸੋਂ ਲਾਭਪਾਤਰੀ ਵਲੋਂ ਪ੍ਰਾਪਤ ਕੀਤੀ ਰਾਸ਼ੀ ਦੀ ਦੁੱਗਣੀ ਰਾਸ਼ੀ ਵਸੂਲ ਕੀਤੀ ਜਾਵੇਗੀ। ਇਸ ਵਸੂਲੀ ਭੋ ਮਾਲੀਆ ਏਰੀਅਰ ਵਜੋਂ ਕੀਤੀ ਜਾਵੇਗੀ।

ਜੇਕਰ ਫਾਰਮ ਸਬੰਧਤ ਮਹੀਨੇ ਦੀ ਮਿਤੀ 01 ਤਰੀਕ ਤੋਂ 20 ਤਰੀਕ ਤੱਕ ਪ੍ਰਾਪਤ ਹੁੰਦੇ ਹਨ ਤਾਂ ਪੈਨਸ਼ਨ ਉਸੇ ਮਹੀਨੇ ਦਿੱਤੀ ਜਾਵੇਗੀ। ਜੇਕਰ 20 ਤਰੀਕ ਤੋਂ ਬਾਅਦ ਪ੍ਰਾਪਤ ਹੁੰਦਾ ਹੈ ਤਾਂ ਪੈਨਸ਼ਨ ਅਗਲੇ ਮਹੀਨੇ ਤੋਂ ਲਾਗੂ ਕੀਤੀ ਜਾਵੇਗੀ।

### ➢ ਅਦਾਇਗੀ ਦਾ ਢੰਗ (ਪੇਂਡੂ ਇਲਾਕਿਆਂ ਵਿਚ)

ਮਹੀਨਾ ਜਨਵਰੀ, 2016 ਤੋਂ ਪੈਨਸ਼ਨ ਦੀ ਵੰਡ ਪੰਚਾਇਤਾਂ ਰਾਹੀਂ ਕੀਤੀ ਜਾ ਰਹੀ ਹੈ।

**ਸ਼ਹਿਰੀ ਇਲਾਕਿਆਂ ਵਿਚ**

ਸ਼ਹਿਰੀ ਇਲਾਕਿਆਂ ਵਿਚ ਲਾਭਪਾਤਰੀਆਂ ਨੂੰ ਅਦਾਇਗੀ ਬੈਂਕਾਂ ਰਾਹੀਂ ਕੀਤੀ ਜਾਂਦੀ ਹੈ।

### ➢ ਪੈਨਸ਼ਨ ਦੀ ਦਰ

ਬੁਢਾਪਾ ਪੈਨਸ਼ਨ ਅਤੇ ਹੋਰ ਦੂਜੀਆਂ ਵਿੱਤੀ ਸਹਾਇਤਾ ਸਕੀਮਾਂ ਅਧੀਨ ਪੈਨਸ਼ਨ ਦੀ ਦਰ ਮਹੀਨਾ ਜਨਵਰੀ, 2016 ਤੋਂ 250/- ਰੁਪਏ ਤੋਂ ਵਧਾ ਕੇ 500/- ਰੁਪਏ ਕਰ ਦਿੱਤੀ ਗਈ ਹੈ।

### ➢ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ (NSAP)

ਇਹਨਾਂ ਸਕੀਮਾਂ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ (ਬੀ.ਪੀ.ਐਲ) ਦੇ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਹਨਾਂ ਸਕੀਮਾਂ ਅਧੀਨ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਪਾਤਰਤਾ ਅਤੇ ਹੋਰ ਮਾਪ ਦੰਡ ਹੇਠ ਲਿਖੇ ਅਨੁਸਾਰ ਹਨ :-

**1) ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ (IGNOAPS)**

ਇਸ ਸਕੀਮ ਅਧੀਨ ਪਾਤਰਤਾ ਉਮਰ 60 ਸਾਲ ਦੀ ਹੈ। 60-79 ਸਾਲ ਦੀ ਉਮਰ ਦੇ ਲਾਭਪਾਤਰੀਆਂ ਨੂੰ 200/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ। 80 ਸਾਲ ਜਾਂ ਇਸ ਤੋਂ ਉਪਰ ਦੀ ਉਮਰ ਦੇ ਲਾਭਪਾਤਰੀਆਂ ਨੂੰ 500/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

**2) ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ (IGNWPS)**

ਇਸ ਸਕੀਮ ਅਧੀਨ ਪਾਤਰਤਾ ਉਮਰ 40 ਸਾਲ ਦੀ ਹੈ ਅਤੇ 300/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ। 80 ਸਾਲ ਜਾਂ ਇਸ ਤੋਂ ਉਪਰ ਦੀ ਉਮਰ ਦੇ ਲਾਭਪਾਤਰੀਆਂ ਨੂੰ 500/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

3) **ਇੰਦਰਾ ਗਾਂਧੀ ਰਾਸ਼ਟਰੀ ਅਪੰਗਤਾ ਪੈਨਸ਼ਨ ਸਕੀਮ (IGNDPS)**

ਇਸ ਸਕੀਮ ਅਧੀਨ ਪਾਤਰਤਾ ਉਮਰ 18 ਸਾਲ ਅਤੇ ਉਸ ਤੋਂ ਵੱਧ ਲਈ 80% ਅਪੰਗਤਾ ਹੋਣੀ ਚਾਹੀਦੀ ਹੈ। ਲਾਭਪਾਤਰੀਆਂ ਨੂੰ 300/- ਰੁਪਏ ਪ੍ਰਤੀ ਮਹੀਨਾ ਅਤੇ 80 ਸਾਲ ਜਾਂ ਇਸ ਤੋਂ ਉਪਰ ਦੀ ਉਮਰ ਦੇ ਲਾਭਪਾਤਰੀਆਂ ਨੂੰ 500/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ। ਬੌਣੇ ਵਿਅਕਤੀ ਵੀ ਇਸ ਪੈਨਸ਼ਨ ਲਈ ਯੋਗ ਹਨ।

4) **ਰਾਸ਼ਟਰੀ ਪਰਿਵਾਰਿਕ ਲਾਭ ਸਕੀਮ (NFBS)**

ਘਰ ਦੇ ਕਮਾਊ ਮੁੱਖੀ ਦੀ ਮੋਤ ਹੋ ਜਾਣ ਤੇ ਉਸ ਦੇ ਪੀੜ੍ਹਤ ਪਰਵਾਰ ਨੂੰ 20,000/- ਰੁਪਏ ਦੀ ਯੱਕ-ਮੁਸ਼ਕ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਪ੍ਰਕਾਰ ਦੀ ਮੌਤ (ਕੁਦਰਤੀ ਜਾ ਹੋਰ ਕਾਰਨ ਕਰਕੇ) ਹੋ ਜਾਣ ਤੇ ਪਰਵਾਰਕ ਸਹਾਇਤਾ ਦਾ ਪਾਤਰ ਹੋਵੇਗਾ। ਪਰਵਾਰ ਦੀ ਕੋਈ ਮਹਿਲਾ, ਜੋ ਘਰ ਦਾ ਖਰਚ ਚਲਾਉਂਦੀ ਹੈ, ਵੀ ਇਸ ਸਕੀਮ ਅਧੀਨ ਘਰ ਦੀ ਕਮਾਊ ਮੁੱਖੀ ਮੰਨੀ ਜਾਂਦੀ ਹੈ। ਲੋਕਲ ਪੜਤਾਲ ਤੋਂ ਬਾਅਦ ਮ੍ਰਿਤਕ ਗਰੀਬ ਦੇ ਪਰਵਾਰ ਵਿੱਚ ਉਸ ਜੀਵਤ ਮੈਂਬਰ ਨੂੰ ਪਰਵਾਰਕ ਲਾਭ ਦਾ ਭੁਗਤਾਨ ਕੀਤਾ ਜਾਵੇਗਾ, ਜ਼ੋ ਉਸ ਪਰਵਾਰ ਵਿੱਚ ਪ੍ਰਮੁੱਖ ਵਿਅਕਤੀ ਹੋਵੇਗਾ। ਇਸ ਸਕੀਮ ਅਧੀਨ ਪਰਵਾਰੋਂ ਸ਼ਬਦ ਵਿੱਚ ਪਤੀ ਪਤਨੀ, ਛੋਟੇ ਬੱਚੇ, ਅਣਵਿਆਹੀਆਂ ਲੜਕੀਆਂ ਅਤੇ ਆਸ਼ਰਿਤ ਮਾਤਾ੍ਪਿਤਾ ਸ਼ਾਮਲ ਹੋਣਗੇ। ਅਣ੍ਵਿਆਹੇ ਵਿਅਕਤੀ ਦੀ ਮੋਤ ਦੇ ਮਾਮਲੇ ਵਿੱਚ ਪਰਵਾਰ ਸਬਦ ਛੋਟੇ ਭਰਾ/ਭੈਣ ਜਾਂ ਆਸ਼ਰਿਤ ਮਾਤਾ੍ ਪਿਤਾ ਨੂੰ ਸ਼ਾਮਲ ਕੀਤਾ ਜਾਣਾ ਹੈ। ਇਸ ਤਰ੍ਹਾਂ ਦੇ ਕਮਾਊ ਮੁੱਖੀ ਦੀ ਮੌਤ 18 ਸਾਲ ਤੋਂ ਵੱਧ ਅਤੇ 60 ਸਾਲ ਤੋਂ ਘੱਟ ਉਮਰ ਵਿੱਚ ਹੋਈ ਹੋਵੇ। ਮ੍ਰਿਤਕ ਕਮਾਊ ਮੁੱਖੀ ਦੀ ਮੌਤ ਦੇ ਹਰੇਕ ਮਾਮਲੇ ਵਿੱਚ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

➢ **ਸੀਨੀਅਰ ਸਿਟੀਜਨ ਸਹੂਲਤਾ**

ਰਾਜ ਦੇ ਸੀਨੀਅਰ ਵਿਅਕਤੀ ਜਿਨ੍ਹਾਂ ਦੀ ਉਮਰ 60 ਸਾਲ ਜਾਂ 60 ਸਾਲ ਤੋਂ ਵੱਧ ਹੋਵੇ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਂਦੇ ਹਨ।ਕਾਰਡ ਪ੍ਰਾਪਤ ਕਰਤਾ ਨੂੰ ਮਿਲਣ ਵਾਲੀਆਂ ਸਹੂਲਤਾਂ

1) ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਪ੍ਰਤੀ ਬੱਸ 3 ਸੀਟਾਂ ਰਾਖਵੀਆਂ ਰੱਖਣ ਦਾ ਪ੍ਰਬੰਧ ਹੈ।
2) ਹਸਪਤਾਲਾ, ਡਿਸਪੈਂਸਰੀਆਂ, ਬੱਸ ਅੱਡਿਆਂ ਅਤੇ ਲਾਇਬ੍ਰੇਰੀਆਂ ਵਿੱਚ ਵੱਖਰੀਆਂ ਲਾਈਨਾਂ ਦਾ ਪ੍ਰਬੰਧ ਹੈ।
3) ਬਿਜਲੀ, ਪਾਣੀ ਦੇ ਬਿਲਾਂ ਦੀ ਅਦਾਇਗੀ ਸਮੇਂ ਉਨ੍ਹਾਂ ਦੀਆਂ ਵੱਖਰੀਆਂ ਲਾਈਨਾਂ ਦਾ ਪ੍ਰਬੰਧ ਹੈ।
4) ਪੰਜਾਬ ਸਰਕਾਰ ਵਲੋਂ ਸੀਨੀਅਰ ਨਾਗਰਿਕਾਂ ਨੂੰ ਸਮੇਂ ਸਮੇਂ ਤੇ ਦਿੱਤੀਆਂ ਜਾਣ ਵਾਲੀਆਂ ਹੋਰ ਸਹੂਲਤਾਂ।

➢ **ਅੰਗਹੀਣ ਵਿਦਿਆਰਥੀਆਂ/ਸਿਖਿਆਰਥੀਆਂ ਨੂੰ ਵਜ਼ੀਫਾ ਸਕੀਮ**

ਇਹ ਸਕੀਮ ਸਾਲ 1970-71 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਪਹਿਲੀ ਤੋਂ ਅੱਠਵੀਂ ਕਲਾਸ ਤੱਕ ਦੇ ਗੂੰਗੇ ਬੋਲੇ, ਨੇਤਰਹੀਣ ਅਤੇ ਅੰਗਹੀਣ ਵਿਦਿਆਰਥੀਆਂ/ ਸਿਖਿਆਰਥੀਆਂ ਨੂੰ 200/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫਾ ਮੰਨਜੂਰ ਕੀਤਾ ਜਾਂਦਾ ਹੈ ਅਤੇ ਨੌਂਵੀ ਕਲਾਸ ਤੋਂ ਲੈ ਕੇ ਉਪਰਲੀਆਂ ਕਲਾਸਾਂ/ ਕੋਰਸਾਂ ਲਈ ਵਿਦਿਆਰਥੀਆਂ / ਸਿਖਿਆਰਥੀਆਂ ਦੀ ਪੜ੍ਹਾਈ ਲਈ 300/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫਾ ਦਿੱਤਾ ਜਾਂਦਾ ਹੈ। ਇਹ ਵਜ਼ੀਫਾ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਮਾਤਾ ਪਿਤਾ ਦੀ ਮਾਸਿਕ ਆਮਦਨ 5000/- ਰੁਪਏ ਤੋਂ ਵੱਧ ਨਾ ਹੋਵੇ।

➢ **ਅੰਗਹੀਣ ਵਿਅਕਤੀਆਂ ਲਈ (ਸਮਾਨ ਮੌਕੇ, ਹੱਕਾਂ ਦੀ ਰਾਖੀ ਅਤੇ ਪੂਰਨ ਭਾਗੀਦਾਰੀ) ਐਕਟ :**

ਅੰਗਹੀਣ ਵਿਅਕਤੀਆਂ ਨੂੰ ਸਾਮਾਨ ਮੌਕੇ, ਉਨ੍ਹਾਂ ਦੇ ਹੱਕਾਂ ਦੀ ਰਾਖੀ ਅਤੇ ਹਰ ਖੇਤਰ ਵਿੱਚ ਪੂਰਨ ਭਾਗੇਦਾਰੀ ਯਕੀਨੀ ਬਣਾਉਣ ਲਈ ਇਹ ਐਕਟ ਲਾਗੂ ਕੀਤਾ ਗਿਆ ਹੈ। ਇਸ ਐਕਟ ਅਧੀਨ ਅੰਗਹੀਣਾਂ ਦੀ ਭਲਾਈ ਲਈ ਸਟੇਟ ਕੋਆਰਡੀਨੇਸ਼ਨ ਕਮੇਟੀ, ਸਟੇਟ ਕਾਰਜਕਾਰੀ ਕਮੇਟੀ ਨੂੰ ਹੋਂਦ ਵਿੱਚ ਲਿਆਂਦਾ ਗਿਆ ਹੈ। ਅੰਗਹੀਣਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਕਮਿਸ਼ਨਰ ਫਾਰ ਪਰਸਨਜ ਵਿਦ ਡਿਸਏਬਿਲਟੀਜ਼ ਦੀ ਨਿਯੁਕਤੀ ਕੀਤੀ ਗਈ ਹੈ। ਅਪੰਗਤਾ ਅਤੇ ਇਸ ਦੀ ਰੋਕਥਾਮ ਲਈ ਆਮ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਦੀ ਲੋੜ ਹੈ। ਸਿੱਖਿਆ ਅਤੇ ਨੌਕਰੀਆਂ ਵਿਚ ਅੰਗਹੀਣਾਂ ਲਈ 3% ਰਾਖਵਾਂਕਰਨ, ਅੰਗਹੀਣਾਂ ਨੂੰ ਨਕਲੀ ਅੰਗ ਮੁਹਈਆਂ ਕਰਨ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਖੁਦਮੁਖਤਾਰ ਬਣਾਉਣ ਲਈ ਸਰਕਾਰ ਵਲੋਂ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਅੰਗਹੀਣਾਂ ਦੀ ਭਲਾਈ ਦੇ ਖੇਤਰ ਵਿੱਚ ਕੰਮ ਕਰਦੀਆਂ ਸਵੈਇਛੁੱਕ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਅੱਛਾ ਯੋਗਦਾਨ ਪਾਉਣ ਲਈ ਸਰਕਾਰ ਵਲੋਂ ਸਹਾਇਤਾ ਫੰਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਰਕਾਰ ਵਲੋਂ ਅੰਗਹੀਣਾਂ ਦੀ ਭਲਾਈ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।ਠਅ

ਰਾਜ ਸਰਕਾਰ ਨੇ ਡਾਇਰੈਕਟਰ, ਸਮਾਜਿਕ ਸੁਰਖਿਆ ਨੂੰ ਸਮੱਰਥ ਅਧਿਕਾਰੀ ਦਾ ਦਰਜਾ ਦਿੱਤਾ ਹੈ। ਨੌਕਰੀਆਂ ਵਿਚ 3% ਰਾਖਵਾਂਕਰਨ ਸਬੰਧੀ ਹਦਾਇਤਾ ਜਾਰੀ ਕਰ ਦਿਤੀਆਂ ਗਈਆਂ ਹਨ। ਅੰਗਹੀਣਾਂ ਲਈ ਨੌਕਰੀਆਂ ਵਿਚ ਕੋਟਾ ਪੂਰਾ ਕਰਨਾ ਲਾਜ਼ਮੀ ਬਣਾਇਆ ਗਿਆ ਹੈ। ਅੰਗਹੀਣ ਬੱਚਿਆਂ ਨੂੰ 18 ਸਾਲ ਦੀ ਉਮਰ ਤੱਕ ਮੁਫਤ ਸਿੱਖਿਆ ਦੇਣ ਦਾ ਪ੍ਰਬੰਧ ਵੀ ਸਰਕਾਰ ਵਲੋਂ ਕੀਤਾ ਗਿਆ ਹੈ।

- **ਅਪੰਗਾਂ ਲਈ ਰਾਜ ਪੱਧਰੀ ਅਵਾਰਡ**

ਇਹ ਰਾਜ ਪੱਧਰੀ ਇਨਾਮ ਵੰਡ ਉਨ੍ਹਾਂ ਚੰਗੇ ਅਪੰਗ ਵਰਕਰਾਂ, ਕਰਮਚਾਰੀਆਂ, ਖਿਡਾਰੀਆਂ ਅਤੇ ਉਨ੍ਹਾਂ ਸੰਸਥਾਵਾਂ ਲਈ ਹੈ ਜਿਹੜੀਆਂ ਅਪੰਗ ਵਿਅਕਤੀਆਂ ਦੀ ਭਲਾਈ ਦਾ ਕੰਮ ਕਰਦੀਆਂ ਹੋਣ।

- **ਅਪੰਗਾਂ ਲਈ ਸਰਕਾਰੀ ਵਰਕਸ਼ਾਪ**

ਇਹ ਸੰਸਥਾ ਸ਼ਿਮਲਾਪੁਰੀ ਲੁਧਿਆਣਾ ਵਿਖੇ ਚਲਾਈ ਜਾ ਰਹੀ ਹੈ। ਇਹ ਸਾਲ 1965 ਵਿੰਚ ਸਵੈਇਛੱਕ ਸੰਸਥਾ ਵਜੋਂ ਚਲਾਈ ਜਾ ਰਹੀ ਸੀ ਪਰ ਜੂਨ 1970 ਵਿੱਚ ਸਮਾਜ ਭਲਾਈ ਵਿਭਾਗ ਨੇ ਆਪਣੇ ਅਧਿਕਾਰ ਖੇਤਰ ਵਿੱਚ ਲੈ ਲਿਆ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਸਰੀਰਕ ਤੌਰ ਤੇ ਅੰਗਹੀਣ ਵਿਅਕਤੀਆਂ ਨੂੰ ਵੱਖ੍ ਵੱਖ ਕਿਤਿਆਂ ਭਾਵ ਬੁਣਾਈ, ਹੋਜ਼ਰੀ, ਸਿਲਾਈ, ਕੇਨਿੰਗ, ਮੋਮਬਤੀਆਂ ਆਦਿ ਵਿੱਚ ਨਿਪੁੰਨ ਕਰਨਾ ਹੈ ਤਾਂ ਜੋ ਉਹ ਆਪਣੇ ਆਪ ਤੇ ਨਿਰਭਰ ਹੋ ਸਕਣ। ਇਨ੍ਹਾਂ ਨੂੰ 2000/- ਰੁਪਏ ਪ੍ਰਤੀ ਮਹੀਨਾ ਵਜੀਫਾ ਦਿੱਤਾ ਜਾਂਦਾ ਹੈ।

- **ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਲਈ (ਕਪੂਰਥਲਾ)**

ਇਹ ਸੰਸਥਾ ਸਰਕਾਰ ਵਲੋ਼ 29-3-1975 ਨੂੰ ਆਪਣੇ ਅਧਿਕਾਰ ਵਿਚ ਲਈ ਗਈ। ਇਸ ਸੰਸਥਾ ਦਾ ਉਦੇਸ਼ ਮੰਦਬੁਧੀ 6-16 ਸਾਲ ਦੀ ਉਮਰ ਦੇ ਬੱਚਿਆਂ ਨੂੰ ਪੜਾਉਣਾ ਅਤੇ ਤਕਨੀਕੀ ਸਿਖਿਆ ਦੇਣਾ ਹੈ। ਇਸ ਸੰਸਥਾ ਵਿਚ ਉਨ੍ਹਾਂ ਬਚਿਆਂ ਨੂੰ ਦਾਖਲ ਕੀਤਾ ਜਾਂਦਾ ਹੈ ਜਿਨ੍ਹਾਂ ਦੇ ਵਾਰਸਾਂ ਦੀ ਆਮਦਨ 11000/- ਰੁਪਏ ਸਲਾਨਾ ਤੋਂ ਘੱਟ ਹੁੰਦੀ ਹੈ। ਸਹਿਵਾਸੀਆਂ ਨੂੰ ਉਨ੍ਹਾਂ ਦੀ ਸਮਰਥਾ ਅਨੁਸਾਰ ਪੜ੍ਹਾਈ ਅਤੇ ਤਕਨੀਕੀ ਸਿਖਿਆ ਦਿਤੀ ਜਾਂਦੀ ਹੈ। ਇਹ ਲੜਕੇ ਅਤੇ ਲੜਕੀਆਂ ਲਈ ਰਿਹਾਇਸ਼ੀ ਸੰਸਥਾ ਹੈ। ਸੰਸਥਾ ਵਿਖੇ 50 ਸਹਿਵਾਸੀਆਂ ਨੂੰ ਰਖਣ ਦੀ ਸਮਰੱਥਾ ਹੈ। ਸਹਿਵਾਸੀਆਂ ਨੂੰ ਮੁਫਤ ਰਿਹਾਇਸ਼, ਖਾਣਾ, ਕਪੜੇ ਤੇ ਡਾਕਟਰੀ ਸਹੂਲਤਾ ਦਿਤੀਆਂ ਜਾਂਦੀਆਂ ਹਨ। ਇਸ ਹੋਮ ਵਿੱਚ ਰਹਿ ਰਹੇ ਸਹਿਵਾਸੀਆਂ ਤੇ 2000/- ਰੁ: ਪ੍ਰਤੀ ਮਹੀਨਾ, ਪ੍ਰਤੀ ਸਹਿਵਾਸੀ ਰਾਸ਼ਨ ਆਦਿ ਲਈ ਖਰਚ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਬੱਚਿਆਂ ਦੀ ਸਮਰਥਾ ਅਨੁਸਾਰ ਉਨ੍ਹਾਂ ਨੂੰ ਸਿਖਿਆ ਅਤੇ ਮਨੋਰੰਜਨ ਦੀਆਂ ਸਹੂਲਤਾਂ ਵੀ ਦਿਤੀਆਂ ਜਾਂਦੀਆ ਹਨ।

- **ਨੇਤਰਹੀਨਾਂ ਲਈ ਬਰੇਲ ਪ੍ਰੈਸ ਲਾਇਬ੍ਰੇਰੀ**

ਨੇਤਰਹੀਣਾਂ ਦੀ ਸਰਕਾਰੀ ਸੰਸਥਾ, ਜਮਾਲਪੁਰ, ਲੁਧਿਆਣਾ ਵਿਖੇ ਨੇਤਰਹੀਣਾ ਦੀ ਭਲਾਈ ਲਈ ਬਰੇਲ ਪ੍ਰੈਸ ਅਤੇ ਆਡਿਓ ਕੈਸਟ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ ਜਿਥੇ ਕਿ ਨੇਤਰਹੀਣਾਂ ਲਈ ਬਰੇਲ ਕਿਤਾਬਾ ਛਾਂਪੀਆਂ ਜਾਂਦੀਆਂ ਹਨ ਅਤੇ 18 ਸਾਲ ਦੀ ਉਮਰ ਤੱਕ ਦੇ ਨੇਤਰਹੀਣ ਵਿਦਿਆਰਥੀਆਂ ਲਈ ਮੁਫਤ ਕਿਤਾਬਾਂ ਦਿਤੀਆਂ ਜਾਂਦੀਆਂ ਹਨ।

- **ਅਪੰਗ ਵਿਅਕਤੀਆਂ ਲਈ ਸਨਾਖਤੀ ਕਾਰਡ ਜਾਰੀ ਕਰਨ ਸਬੰਧੀ**

ਇਸ ਵਿਭਾਗ ਵਲੋਂ ਅਪੰਗ/ ਨੇਤਰਹੀਣ ਵਿਅਕਤੀਆਂ ਨੂੰ ਭਾਰਤ ਸਰਕਾਰ ਵਲੋਂ ਮਿਲਦੀਆਂ ਸਹੂਲਤਾਂ ਪ੍ਰਾਪਤ ਕਰਨ ਲਈ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਂਦੇ ਹਨ।

- **ਨਕਾਰਾ ਵਿਅਕਤੀਆਂ ਲਈ ਕਿੱਤਾ ਅਤੇ ਮੁੜ ਵਸੇਵਾ ਸੈਂਟਰ**

ਇਸ ਵਿਭਾਗ ਵਲੋਂ 3 ਕਿੱਤਾ ਮੁੜ ਵਸੇਵਾ ਸੈਂਟਰ ਬਠਿੰਡਾ, ਲੁਘਿਆਣਾ ਅਤੇ ਹੁਸ਼ਿਆਰਪੁਰ ਵਿਖੇ ਖੋਲ੍ਹੇ ਗਏ ਹਨ। ਇਨਾਂ ਸੈਂਟਰਾਂ ਵਿੱਚ 18 ਤੋਂ 40 ਸਾਲ ਤੱਕ ਦੇ ਵਿਕਲਾਂਗ ਮਰਦਾਂ ਅਤੇ ਔਰਤਾਂ ਨੂੰ ਵੱਖ੍ ਵੱਖ ਕਿਤਿਆ ਦੀ ਟ੍ਰੇਨਿੰਗ ਜਿਵੇ: ਪੰਜਾਬੀ ਟਾਈਪ, ਸਟੈਨੋਗ੍ਰਾਫੀ, ਕੇਨਿੰਗ, ਸਿਲਾਈ, ਕਢਾਈ, ਮੋਮਬਤੀਆਂ ਬਨਾਉਣਾ, ਆਦਿ ਦੀ ਸਿਖਲਾਈ ਦਿਤੀ ਜਾਂਦੀ ਹੈ। ਸਿਖਿਆਰਥੀਆਂ ਨੂੰ 20000/- ਰੁ: ਪ੍ਰਤੀ ਮਹੀਨਾ ਵਜੀਫਾ ਦਿੱਤਾ ਜਾਂਦਾ ਹੈ।

## ➢ ਨੇਤਰਹੀਣ/ਅੰਗਹੀਣ ਵਿਅਕਤੀਆਂ ਨੂੰ ਬੱਸਾਂ ਵਿਚ ਮੁਫਤ/ਰਿਆਇਤੀ ਦਰਾਂ ਤੇ ਬੱਸ ਸਫਰ ਕਰਨ ਦੀ ਸਹੂਲਤ

ਨੇਤਰਹੀਣਾ ਵਿਅਕਤੀਆਂ ਨੂੰ ਮੁਫਤ ਬੱਸ ਸਫਰ ਅਤੇ ਅੰਗਹੀਣਾਂ ਨੂੰ 50% ਬੱਸ ਕਿਰਾਏ ਸਹੂਲਤ ਵਜੋਂ ਪੀ.ਆਰ.ਟੀ.ਸੀ. ਅਤੇ ਸਟੇਟ ਟਰਾਂਸਪੋਰਟ ਨੂੰ ਘਾਟੇ ਦੀ ਪ੍ਰਤੀ ਪੂਰਤੀ ਲਈ ਉਪਬੰਧ ਹੈ।

## ➢ ਅਪਾਹਜਾਂ ਲਈ ਸਿਖਲਾਈ ਕੇਂਦਰ :

ਪੀ.ਡਬਲਿਊ.ਡੀ. ਐਕਟ 1995 ਦੀ ਧਾਰਾ 26 ਅਧੀਨ ਵਿਜੁਅਲੀ ਹੈਂਡੀਕੇਪਡ ਅਤੇ ਗੁੰਗੇ ਬੋਲੇ ਬੱਚਿਆਂ ਵਾਸਤੇ ਸ਼ਪੈਸ਼ਲ ਸਕੂਲ ਖੋਲਣ ਦੀ ਵਿਵਸਥਾ ਹੈ। ਨੇਸ਼ਨਲ ਇੰਸਟੀਚਿਊਟ ਫਾਰ ਵਿਜੁਅਲੀ ਹੈਂਡੀਕੇਪਡ ਕਿ ਭਾਰਤ ਸਰਕਾਰ ਦਾ ਅਦਾਰਾ ਹੈ, ਦੇ ਅਧਿਕਾਰੀਆਂ ਨੇ 4.75 ਲੱਖ ਰੁ: ਦੇ ਫੰਡਜ ਇਸ ਕੰਮ ਲਈ ਦੇਣ ਦੀ ਸਹਿਮਤੀ ਦਿੱਤੀ ਹੈ। ਰਾਜ ਸਰਕਾਰ ਵੱਲੋਂ ਇਸ ਮੰਤਵ ਲਈ ਸਿਰਫ ਇਨਫਰਾਸਟਰਕਚਰ ਹੀ ਮੁਹੱਈਆ ਕਰਵਾਇਆ ਜਾਂਦਾ ਹੈ। ਇਹ ਟਰੇਨਿੰਗ ਸੈਂਟਰ ਵਿਭਾਗ ਵੱਲੋਂ ਨੈਤਰਹੀਣਾਂ ਦੀ ਸਰਕਾਰੀ ਸੰਸਥਾ ਜਮਾਲਪੁਰ, ਲੁਧਿਆਣਾ ਵਿਖੇ 3 ਕਮਰਿਆਂ ਵਿੱਚ ਸ਼ੁਰੂ ਕੀਤਾ ਹੋਇਆ ਹੈ। ਇਸ ਦਾ ਸਾਰਾ ਖਰਚਾ ਭਾਰਤ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ।

## ➢ ਰਿਜਨਲ ਸਪਾਈਨਲ ਇੰਜਰੀਜ ਸੈਂਟਰ ਮੁਹਾਲੀ

ਅਪੰਗਤਾ ਵਾਲੇ ਵਿਅਕਤੀਆਂ (ਸਮਾਂਨ ਮੌਕੇ, ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਭਾਗੇਦਾਰੀ) ਐਕਟ 1995 ਦੇ ਉਪਬੰਧ ਤਹਿਤ ਭਾਰਤ ਸਰਕਾਰ ਨਵੀਂ ਦਿੱਲੀ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ ਵਲੋਂ ਮੁੱਖ ਕੇਂਦਰ ਇੰਡੀਅਨ ਸਪਾਇਨਲ ਇੰਜਰੀਜ ਸੈਂਟਰ ਦਿੱਲੀ ਵਿਖੇ ਸਥਾਪਿਤ ਕੀਤਾ ਗਿਆ ਹੈ। ਪੰਜਾਬ ਵਿਚ ਇਸ ਪ੍ਰੋਗਰਾਮ ਅਧੀਨ ਰੀਜਨਲ ਸਪਾਈਨਲ ਇੰਜਰੀਜ ਸੈਂਟਰ, ਸੈਕਟਰ-70, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸਥਾਪਿਤ ਕੀਤਾ ਗਿਆ ਹੈ। ਇਹ ਸੈਂਟਰ ਸਾਲ 1999-2000 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਸਾਲ 2012-13 ਤੱਕ ਇਸ ਸੈਂਟਰ ਨੂੰ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਲੋਂ 11.29 ਕਰੋੜ ਰੁਪਏ ਰਲੀਜ਼ ਕੀਤੇ ਜਾ ਚੁੱਕੇ ਹਨ। ਇਸ ਸੈਂਟਰ ਦਾ ਗਰਾਉਂਡ ਫਲੋਰ ਅਤੇ 1/4 ਹਿੱਸਾ ਪਹਿਲੀ ਮੰਜ਼ਿਲ ਦਾ ਮੁਕੰਮਲ ਹੋ ਚੁੱਕਾ ਹੈ। ਇਸ ਸੈਂਟਰ ਲਈ 1.45 ਲੱਖ ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ 5 ਏਕੜ ਜ਼ਮੀਨ ਪੁੱਡਾ ਤੋਂ ਲੀਜ਼ ਤੇ ਲਈ ਗਈ ਹੈ। ਇਸ ਸੈਂਟਰ ਦਾ ਪੰਜਾਬ, ਹਿਮਾਚਲ, ਹਰਿਆਣਾ ਅਤੇ ਜੰਮੂ ਕਸਮੀਰ ਦੇ ਮਰੀਜ਼ਾਂ ਨੂੰ ਲਾਭ ਪ੍ਰਾਪਤ ਹੋਵੇਗਾ। ਇਹ ਸੈਂਟਰ ਅਪੰਗਤਾ ਰੱਖਣ ਵਾਲੇ ਮਰੀਜ਼ਾਂ ਲਈ ਜਿਹੜੇ ਕਿ ਗੁੰਗੇ, ਬੋਲੇ, ਨੇਤਰਹੀਣ ਅਤੇ ਸਰੀਰਕ ਤੌਰ ਤੇ ਅਪੰਗ ਅਤੇ ਘੱਟ ਦਿਮਾਗ ਵਾਲੇ ਵਿਅਕਤੀਆਂ ਦੇ ਲਾਭ ਹਿੱਤ ਕੰਮ ਕਰ ਰਿਹਾ ਹੈ। ਇਹ ਸੈਂਟਰ ਡਾ਼ ਰਾਜ ਬਹਾਦਰ, ਹੈਡ ਆਫ ਡਿਪਾਰਟਮੈਂਟ ਆਫ ਆਰਥੋਪੈਡੀਕਲ ਪੀ਼ਜੀ਼ਆਈ਼ ਚੰਡੀਗੜ੍ਹ ਅਤੇ ਪ੍ਰੋਜੈਕਟ ਡਾਇਰੈਕਟਰ (ਆਰ.ਐਸ.ਆਈ.ਸੀ.), ਦੀ ਨਿਗਰਾਨੀ ਹੇਠ ਮਿਤੀ 1-4-06 ਤੋਂ ਸੈਕਟਰ 70, ਮੋਹਾਲੀ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸੈਂਟਰ ਵਲੋਂ ਫੀਜੀਓਥਰੈਪੀ ਸੇਵਾਵਾਂ ਅਤੇ ਰੀੜ੍ਹ ਦੀ ਹੱਡੀ ਦੇ ਮਰੀਜ਼ਾਂ ਦਾ ਲਗਾਤਾਰ ਇਲਾਜ ਕੀਤਾ ਜਾ ਰਿਹਾ ਹੈ। ਮਿਤੀ 31-3-2013 ਤੱਕ 53415 ਮਰੀਜਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ ਪੈਰਾਪਲੈਜਿਕ ਮਰੀਜ਼ਾਂ ਦੀ ਇਨਡੋਰ ਰੀਹੈਬਲੀਟੇਸ਼ਨ ਅਤੇ ਫਿਜਿਓਥਰੈਪੀ ਦੇ 48947 ਕੇਸ ਸ਼ਾਮਲ ਹਨ।

## ➢ ਗਾਂਧੀ ਵਨੀਤਾ ਆਸਰਮ ਹਾਈ ਸਕੂਲ ਜਲੰਧਰ ਅਤੇ ਹੁਸ਼ਿਆਰਪੁਰ

ਇਨ੍ਹਾਂ ਸਕੂਲਾਂ ਵਿੱਚ, ਹੋਮ ਦੇ ਬੱਚਿਆਂ ਤੋਂ ਇਲਾਵਾ ਬਾਹਰ ਦੇ ਬੱਚਿਆਂ ਦਾ ਦਾਖਲਾ ਵੀ ਕੀਤਾ ਜਾਂਦਾ ਹੈ ਅਤੇ 10ਵੀਂ ਤੱਕ ਪੜ੍ਹਾਈ ਮੁਫਤ ਦਿਤੀ ਜਾਂਦੀ ਹੈ। ਇਸ ਸਕੂਲ ਵਿੱਚ ਬੱਚਿਆਂ ਨੂੰ ਰੱਖਣ ਦੀ ਸਮਰੱਥਾ 1000 ਹੈ।

## ➢ ਬੁੱਢੇ ਅਤੇ ਨਿਤਾਣਿਆਂ ਦਾ ਹੋਮ ਹੁਸਿ਼ਆਰਪੁਰ

ਇਸ ਹੋਮ ਦੀ ਸਥਾਪਨਾ ਸਾਲ 1961 ਵਿੱਚ ਹੋਈ ਸੀ। ਅਜਿਹੇ ਬਿਰਧ ਅਤੇ ਬੇਸਹਾਰਾ ਬਿਰਧ ਜਿਨ੍ਹਾਂ ਵਿਚ ਮਰਦ ਦੀ ਉਮਰ 65 ਸਾਲ ਤੋਂ ਵੱਧ ਅਤੇ ਔਰਤ ਦੀ ਉਮਰ 60 ਸਾਲ ਤੋਂ ਵੱਧ ਹੋਵੇ, ਜਿਨ੍ਹਾਂ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ ਅਤੇ ਰਹਿਣ ਦਾ ਕੋਈ ਸਾਧਨ ਨਹੀਂ, ਨੂੰ ਇਸ ਹੋਮ ਵਿੱਚ ਦਾਖਲਾ ਦਿੱਤਾ ਜਾਂਦਾ ਹੈ। ਸੰਸਥਾ ਵਿਚ ਉਨ੍ਹਾਂ ਦੀ ਰਹਿਣ ਸਹਿਣ ਅਤੇ ਖਾਣਾ, ਕਪੜੇ ਅਤੇ ਡਾਕਟਰੀ ਸਹਾਇਤਾ ਮੁਫਤ ਦਿੱਤੀ ਜਾਂਦੀ ਹੈ ਔਰਤਾਂ ਅਤੇ ਮਰਦਾਂ ਵਾਸਤੇ ਅਲੱਗ-ਅਲੱਗ ਹੋਸਟਲ ਹਨ। ਇਸ ਹੋਮ ਵਿੱਚ ਰਹਿ ਰਹੇ ਸਹਿਵਾਸੀਆਂ ਤੇ 2000/- ਰੁਪਏ ਪ੍ਰਤੀ ਮਹੀਨਾ, ਪ੍ਰਤੀ ਸਹਿਵਾਸੀ ਰਾਸ਼ਨ ਆਦਿ ਲਈ ਖਰਚ ਕੀਤਾ ਜਾਂਦਾ ਹੈ। ਹੋਮ ਵਿੱਚ ਕੁੱਲ 100 ਸਹਿਵਾਸੀ ਰੱਖਣ ਦੀ ਸਮਰਥਾ ਹੈ।

## ➢ ਵਿਧਵਾ ਅਤੇ ਨਿਆਸਰਿਤ ਔਰਤਾ ਲਈ ਹੋਮ ਜਲੰਧਰ

ਵਿਭਾਗ ਵੱਲੋਂ ਗਾਂਧੀ ਵਨੀਤਾ ਆਸ਼ਰਮ, ਜਲੰਧਰ ਕੰਪਲੈਕਸ ਵਿਖੇ ਔਰਤਾਂ ਅਤੇ ਬੱਚਿਆਂ ਲਈ ਵੱਖ ਵੱਖ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ। ਇਸ ਕੰਪਲੈਕਸ ਦੀ ਬਿਲਡੰਗ 1950 ਵਿੱਚ ਭਾਰਤ ਪਾਕਿਸਤਾਨ ਵੰਡ ਸਮੇਂ ਸਥਾਪਿਤ ਕੀਤੀ ਗਈ ਸੀ। ਸੰਨ 1968 ਵਿੱਚ ਔਰਤਾਂ ਲਈ "ਹੋਮ ਫਾਰ ਵਿਡੋਜ਼ ਐਂਡ ਡੈਸਟੀਚਿਊਟ" ਦੀ ਸਥਾਪਨਾ ਕੀਤੀ ਗਈ। ਇਸ ਵਿੱਚ ਉਨ੍ਹਾਂ ਬੇਸਹਾਰਾ, ਵਿੱਧਵਾ ਅਤੇ ਨਿਆਸਰਿਤ ਔਰਤਾਂ ਨੂੰ ਦਾਖਲ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਆਮਦਨ ਦਾ ਕੋਈ ਸਾਧਨ ਨਾ ਹੋਵੇ। ਮਾਵਾਂ ਅਤੇ ਬੱਚਿਆਂ ਨੂੰ ਕੈਸ਼ਡੋਲ ਅਤੇ ਕੱਪੜੇ ਲਈ 2000/- ਰੁਪਏ ਪ੍ਰਤੀ ਲਾਭਪਾਤਰੀ, ਪ੍ਰਤੀ ਮਹੀਨਾ ਦਿੱਤਾ ਜਾਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਨੂੰ ਮੁਫਤ ਰਿਹਾਇਸ਼, ਬਿਜਲੀ, ਪਾਣੀ, ਡਾਕਟਰੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਹੋਮ ਵਿਚ 250 ਸਹਿਵਾਸੀਆਂ ਨੂੰ ਰੱਖਣ ਦੀ ਸਮਰੱਥਾ ਹੈ।

## ➢ ਨੇਤਰਹੀਣਾ ਦੀ ਸਰਕਾਰੀ ਸੰਸਥਾ, ਜਮਾਲਪੁਰ, ਲੁਧਿਆਣਾ

ਇਹ ਸੰਸਥਾ ਸਾਲ 1968 ਵਿੱਚ ਇਸ ਵਿਭਾਗ ਵਲੋਂ ਸਥਾਪਤ ਕੀਤੀ ਗਈ ਸੀ ਤਾਂ ਕਿ ਸਕੂਲ ਜਾਣ ਵਾਲੀ ਉਮਰ ਦੇ ਨੇਤਰਹੀਣ ਬੱਚਿਆਂ ਨੂੰ ਪੜ੍ਹਾਈ ਅਤੇ ਉਦਯੋਗਿਕ ਸਿਖਿਆ ਦੇਣ ਵਿੱਚ ਮੱਦਦ ਹੋ ਸਕੇ ਤਾਂ ਜੋ ਉਹ ਆਪਣੇ ਪਰਵਾਰ ਤੇ ਸਮਾਜ ਤੇ ਬੋਝ ਨਾ ਬਣੇ ਆਰਥਿਕ ਤੌਰ ਤੇ ਆਪਣੇ ਆਪ ਤੇ ਨਿਰਭਰ ਹੋ ਕੇ ਜ਼ਿੰਦਗੀ ਬਿਤਾ ਸਕਣ। ਇਹ ਰਿਹਾਇਸ਼ੀ ਸੰਸਥਾ ਹੈ। ਲੜਕੇ ਅਤੇ ਲੜਕੀਆਂ ਲਈ ਵੱਖਰੇ-2 ਹੋਸਟਲਾਂ ਦੀਆਂ ਸਹੂਲਤਾਂ ਹਨ। ਸਹਿਵਾਸੀਆਂ ਨੂੰ ਭਾਰਤੀ ਬਰੇਲ ਲਿਪੀ ਵਿੱਚ ਦਸਵੀਂ ਪੱਧਰ ਤੱਕ ਦੀ ਮੁਫਤ ਪੜ੍ਹਾਈ ਦਾ ਉਪਬੰਧ ਹੈ। ਪੜ੍ਹਾਈ ਦਾ ਮਿਆਰ ਪੰਜਾਬ ਸਕੂਲ ਸਿਖਿਆ ਬੋਰਡ ਦੇ ਬਰਾਬਰ ਹੈ। ਇਸ ਤੋਂ ਛੁੱਟ ਉਨ੍ਹਾਂ ਨੂੰ ਮੁਫਤ ਰਿਹਾਇਸ਼, ਖਾਣਾ, ਸੰਗੀਤ ਕਲਾ, ਦਸਤਕਾਰੀ ਅਤੇ ਸਿਹਤ ਡਾਕਟਰੀ ਸਹੂਲਤਾਂ ਆਦਿ ਦਿਤੀਆਂ ਜਾਂਦੀਆਂ ਹਨ।

## ➢ ਪੇਂਡੂ ਖੇਤਰ ਦੀਆਂ ਅੰਗਹੀਣ ਵਿਦਿਆਰਥਣਾਂ/ਸਿਖਿਆਰਥਣਾਂ ਲਈ ਵਿੱਤੀ ਸਹਾਇਤਾ ਸਕੀਮ

ਇਸ ਸਕੀਮ ਅਧੀਨ ਪੇਂਡੂ ਖੇਤਰ ਦੀਆਂ ਅੰਗਹੀਣ ਵਿਦਿਆਰਥਣਾਂ/ਸਿਖਿਆਰਥਣਾਂ ਲਈ ਦਸਵੀਂ ਪੱਧਰ ਤੱਕ ਦੀਆਂ ਵਿਦਿਆਰਥਣਾਂ ਲਈ ਕਿਤਾਬਾ ਕਾਪੀਆਂ ਲਈ 1000/- ਰੁਪਏ ਅਤੇ ਵਰਦੀਆਂ ਆਦਿ ਲਈ 1500/- ਰੁਪਏ ਪ੍ਰਤੀ ਸਾਲ ਦਿੱਤੇ ਜਾਣ ਦੀ ਵਿਵਸਥਾ ਹੈ ਅਤੇ ਉਸ ਤੋਂ ਉਪਰ ਦੀਆਂ ਵਿਦਿਆਰਥਣਾਂ/ ਸਿਖਿਆਰਥਣਾਂ ਲਈ 1500/- ਰੁਪਏ ਕਿਤਾਬਾ ਕਾਪੀਆਂ ਲਈ ਅਤੇ 1500 ਰੁਪਏ ਵਰਦੀਆਂ ਲਈ ਪ੍ਰਤੀ ਸਾਲ ਦਿੱਤੇ ਜਾਣ ਦੀ ਵਿਵਸਥਾ ਹੈ ਤਾਂ ਜ਼ੋ ਅੰਗਹੀਣ ਵਿਦਿਆਰਥਣਾਂ/ ਸਿਖਿਆਰਥਣਾਂ ਆਪਣੀ ਪੜਾਈ ਨੂੰ ਚਾਲੂ ਰੱਖ ਸਕੱਣ।

## ➢ ਸੰਗਠਿਤ ਬਾਲ ਸੁਰੱਖਿਆ ਸਕੀਮ (ਆਈ.ਸੀ.ਪੀ.ਐਸ) ਨੂੰ ਪੰਜਾਬ ਰਾਜ ਵਿੱਚ ਲਾਗੂ ਕਰਨ ਬਾਰੇ

ਭਾਰਤ ਸਰਕਾਰ, ਇਸਤਰੀ ਤੇ ਬਾਲ ਵਿਕਾਸ ਮੰਤਰਾਲੇ, ਨਵੀ ਦਿੱਲੀ ਵਲੋਂ ਕੇਂਦਰੀ ਪ੍ਰਾਯੋਜਿਤ ਸੰਗਠਿਤ ਬਾਲ ਸੁਰੱਖਿਆ ਸਕੀਮ ਲਾਗੂ ਕੀਤੀ ਗਈ ਹੈ। ਇਸ ਸਕੀਮ ਅਧੀਨ ਮੌਜੂਦਾ ਬਾਲ ਸੁਰੱਖਿਆ ਪ੍ਰੋਗਰਾਮ ਨੂੰ ਇੱਕ ਛੱਤਰੀ ਹੇਠ ਇਕੱਠੇ ਕੀਤਾ ਜਾਵੇਗਾ ਅਤੇ ਨਵੇਂ ਪ੍ਰੋਗਰਾਮ ਆਰੰਭ ਕਰੇਗੀ।

ਉਦੇਸ਼ :-

1) ਸਾਂਭ ਸੰਭਾਲ ਅਤੇ ਸੁਰੱਖਿਆ ਲਈ ਲੋੜਵੰਦ ਬੱਚੇ ਅਤੇ ਕਾਨੂੰਨੀ ਵਿਵਾਦ ਵਿੱਚ ਸ਼ਾਮਲ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਸੁਰੱਖਿਅਤ ਵਾਤਾਵਰਣ ਮੁਹੱਈਆਂ ਕਰਵਾਉਣਾ।
2) ਮੁਸ਼ਕਲ ਹਾਲਤਾਂ ਵਿੱਚ ਰਹਿ ਰਹੇ ਬੱਚਿਆਂ ਦੇ ਸੁਧਾਰ ਲਈ ਯੋਗਦਾਨ ਦੇਣਾ।
3) ਉਹਨਾਂ ਹਾਲਤਾ ਅਤੇ ਐਕਸ਼ਨਾਂ ਨੂੰ ਘਟਾਉਣਾ ਜਿਹੜੇ ਛੇੜਛਾੜ, ਅਣਗੋਲੇ, ਸੋਸ਼ਣ, ਬੇਸਹਾਰਾ ਅਤੇ ਇਕੱਲਤਾ ਨੂੰ ਵਧਾਉਦੇ ਹੋਣ।

ਉਪਰੋਕਤ ਤੋ ਇਲਾਵਾ ਜੁਵੇਨਾਈਲ ਜਸਟਿਸ ਐਕਟ ਅਧੀਨ ਸਥਾਪਤ 15 ਹੋਮਜ਼ ਚਲਾਏ ਜਾ ਰਹੇ ਹਨ।

## ➢ ਸਟੇਟ ਪ੍ਰੋਟੈਕਟਿਵ ਹੋਮ, ਜਲੰਧਰ

ਇਹ ਸੰਸਥਾ ਔਰਤਾਂ ਅਤੇ ਲੜਕੀਆਂ ਵਿੱਚ ਬਦਚੱਲਣੀ ਦੀ ਰੋਕਥਾਮ ਲਈ ਐਸ.ਆਈ.ਟੀ. ਐਕਟ 1956 ਅਧੀਨ ਸਥਾਪਿਤ ਕੀਤੀ ਗਈ ਹੈ, ਇਹ ਇੱਕ ਸੁਧਾਰੂ ਸੰਸਥਾ ਹੈ। ਇਸ ਹੋਮ ਵਿਚ ਉਨ੍ਹਾਂ 18 ਸਾਲ ਤੋਂ ਉਪਰ ਦੀਆਂ ਉਨ੍ਹਾਂ ਔਰਤਾਂ ਨੂੰ

ਦਾਖਲ ਕੀਤਾ ਜਾਂਦਾ ਹੈ ਜੋ ਕਿਸੇ ਮੁਕੱਦਮੇ ਦੌਰਾਨ ਅਦਾਲਤਾਂ ਵਲੋਂ ਭੇਜੀਆਂ ਗਈਆਂ ਹੋਣ ਜਾਂ ਆਪਣੇ ਆਪ ਇਖਲਾਕੀ ਖਤਰੇ ਤੋਂ ਬਚਣ ਲਈ ਆਈਆਂ ਯਤੀਮ ਲੜਕੀਆਂ ਅਤੇ ਔਰਤਾਂ ਹੋਣ। ਅਦਾਲਤ ਵਲੋਂ ਕੇਸ ਖਤਮ ਹੋਣ ਤੇ ਔਰਤ ਨੂੰ ਉਸ ਦੇ ਵਾਰਸਾਂ ਨੂੰ ਸੌਂਪ ਕੇ ਜਾਂ ਉਨ੍ਹਾਂ ਦੀ ਸ਼ਾਦੀ ਕਰਕੇ ਕੀਤਾ ਜਾਂਦਾ ਹੈ। ਇਸ ਹੋਮ ਵਿਚ ਰਹਿ ਰਹੇ ਸਹਿਵਾਸੀਆਂ ਲਈ 2000/- ਰੁ: ਪ੍ਰਤੀ ਮਹੀਨਾ, ਪ੍ਰਤੀ ਸਹਿਵਾਸੀ ਲਈ ਰਾਸ਼ਨ ਤੇ ਖਰਚ ਕੀਤਾ ਜਾਂਦਾ ਹੈ ਅਤੇ ਇਸ ਹੋਮ ਵਿਚ 50 ਸਹਿਵਾਸੀ ਰੱਖਣ ਦੀ ਸਮਰੱਥਾ ਹੈ।

- **ਸਿਖਲਾਈ ਅਤੇ ਵ੍ਰਤਪਾਦਨ ਸੈਂਟਰ, ਜਲੰਧਰ**

ਇਸ ਸੰਸਥਾ ਦੀ ਇਮਾਰਤ ਵਿੱਚ ਸਿਖਲਾਈ ਅਤੇ ਉਤਪਾਦਨ ਕੇਂਦਰ ਵੀ ਚਲ ਰਿਹਾ ਹੈ। ਸਹਿਵਾਸੀਆਂ ਅਤੇ ਉਨ੍ਹਾਂ ਦੀਆਂ ਲੜਕੀਆਂ ਨੂੰ ਕਟਾਈ, ਕਢਾਈ, ਸਿਲਾਈ, ਚਮੜੇ, ਪਲਾਸਟਿਕ ਅਤੇ ਹੌਜ਼ਰੀ ਦਾ ਕੰਮ ਆਦਿ ਕਰਨ ਲਈ ਟਰੇਨਿੰਗ ਦਿੱਤੀ ਜਾਂਦੀ ਹੈ।

- **ਪੰਜਾਬ ਰਾਜ ਮਹਿਲਾ ਕਮਿਸਨ**

ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਥਾਪਨਾ 1998 ਵਿੱਚ ਹੋਈ ਸੀ ਤਾਂ ਕਿ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਹੋ ਸਕੇ।

- **ਪੀ.ਐਮ. ਅਸਿਸਟੈਂਟ ਟੂ ਐਨ.ਜੀ.ਓ. (ਪਲਾਨ) ਸਕੀਮ**

ਇਸ ਸਕੀਮ ਅਧੀਨ ਸਵੈ ਇਛੱਕ ਸੰਸਥਾਵਾਂ, ਜਿਹੜੀਆਂ ਤਿੰਨ ਸਾਲਾਂ ਤੋਂ ਹੋਂਦ ਵਿੱਚ ਹਨ, ਨਸ਼ਿਆਂ ਤੋਂ ਬਚਣ ਲਈ ਜਾਗਰਿਤ ਕਰਨ ਸਬੰਧੀ/ਔਰਤਾਂ ਦੀ ਭਲਾਈ (ਕੰਪਿਊਟਰ ਟ੍ਰੇਨਿੰਗ ਸੈਂਟਰ, ਸਿਲਾਈ ਕਢਾਈ, ਕਰਾਫਟ ਟ੍ਰੇਨਿੰਗ ਆਦਿ) ਭਰੂਣ ਹਤਿਆ ਰੋਕਣਾ, ਗਲੀਆਂ ਦੇ ਬੱਚੇ ਅਤੇ ਯਤੀਮ ਬੱਚਿਆਂ ਦੀ ਭਲਾਈ ਸਬੰਧੀ ਕੰਮ ਕਰਦੀਆਂ ਹਨ।

- **ਨਸ਼ਾ ਜਾਗਰੂਕਤਾਂ**

ਨਸਿਆਂ ਦੀ ਬੁਰਿਆਈ ਵਿਰੁਧ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਇਸ ਵਿਸ਼ੇਸ਼ ਮੁਹਿੰਮ ਤਹਿਤ ਰਾਜ ਪੱਧਰ, ਜ਼ਿਲਾ ਪੱਧਰ ਅਤੇ ਬਲਾਕ ਪੱਧਰ ਤੇ ਟੀ.ਵੀ., ਡਾਕੂਮੈਂਟਰੀ ਫਿਲਮ, ਪ੍ਰਿੰਟ ਸਮੱਗਰੀ, ਸੈਮੀਨਾਰ, ਡਰਾਮਾ, ਆਦਿ ਆਯੋਜਤ ਕਰਕੇ ਜਨਤਾ ਨੂੰ ਜਾਗਰੂਕ ਕੀਤਾ ਜਾਂਦਾ ਹੈ।

- **ਬਜੁਰਗਾਂ ਦੇ ਲਈ ਕੌਮੀ ਨੀਤੀ**

ਇਹ ਨਵੀਂ ਸਕੀਮ ਹੈ। ਦੁਨੀਆਂ ਵਿੱਚ ਹਰ ਸਾਲ ਪਹਿਲੀ ਅਕਤੂਬਰ ਨੂੰ ਬਿਰਧ ਰਾਸ਼ਟਰੀ ਦਿਵਸ ਮਨਾਉਣ ਲਈ ਸਾਲ 1990 ਵਿੱਚ ਯੂ.ਐਨ. ਜਨਰਲ ਅਸੈਂਬਲੀ ਰੈਜੋਲਿਊਸ਼ਨ ਫਾਰ ਓਲਡਰ ਪਰਸਨਜ਼ ਪਾਸ ਕੀਤਾ ਗਿਆ ਸੀ। ਇਹ ਦਿਨ ਸਾਨੂੰ ਸਾਰਿਆਂ ਨੂੰ ਬਿਰਧ ਵਿਅਕਤੀਆਂ ਦੀ ਦੇਸ਼ ਲਈ ਉਨ੍ਹਾਂ ਵਲੋਂ ਦਿੱਤੇ ਗਏ ਯੋਗਦਾਨ ਲਈ ਸੁਭ ਕਾਮਨਾਵਾਂ ਦੀ ਯਾਦ ਕਰਵਾਉਂਦੀਆਂ ਹਨ।

- **ਸੰਗਠਿਤ ਬਾਲ ਵਿਕਾਸ ਸੇਵਾਵਾ ਸਕੀਮ (ਆਈ.ਸੀ.ਡੀ.ਐਸ.) (ਕੇਂਦਰ ਸਰਕਾਰ ਅਤੇ ਰਾਜ ਸਰਕਾਰ) (60:40)**

ਸੰਗਠਿਤ ਬਾਲ ਵਿਕਾਸ ਸੇਵਾਵਾਂ ਸਕੀਮ ਅਧੀਨ ਭਾਰਤ ਸਰਕਾਰ ਵਲੋਂ ਬੱਚਿਆਂ ਦੇ ਵਿਕਾਸ ਲਈ ਤਜਰਬੇ ਦੇ ਤੌਰ ਤੇ ਸਾਲ 1975-76 ਵਿੱਚ ਲਾਗੂ ਕੀਤੀ ਗਈ ਸੀ। ਇਹ ਸਕੀਮ ਪੰਜਾਬ ਦੇ 155 (146 ਦਿਹਾਤੀ ਅਤੇ 9 ਸ਼ਹਿਰੀ ਸਲੱਮ) ਮੰਨਜ਼ੂਰ ਆਈ.ਸੀ.ਡੀ.ਐਸ. ਪ੍ਰੋਜੈਕਟਾਂ ਵਿੱਚ ਅਤੇ 26656 ਆਂਗਣਵਾੜੀ ਸੈਂਟਰਾਂ ਵਿਚ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਕ੍ਰਮਵਾਰ ਕੁੱਲ 5600/- (3000+2600) ਰੁਪਏ ਅਤੇ 2800/- (1500+1300) ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮਾਣਭੱਤਾ ਦਿੱਤਾ ਜਾ ਰਿਹਾ ਹੈ। ਇੰਦਰਾ ਗਾਂਧੀ ਮਾਤਰਤਵ ਸਹਿਯੋਗ ਯੋਜਨਾ ਰਾਜ ਦੇ ਜ਼ਿਲ੍ਹਿਆਂ (ਅੰਮ੍ਰਿਤਸਰ ਅਤੇ ਕਪੂਰਥਲਾ) ਵਿੱਚ ਚਲਾਈ ਜਾ ਰਹੀ ਹੈ। ਭਾਰਤ ਸਰਕਾਰ ਵੱਲੋਂ ਮਿਤੀ 1-2-2017 ਤੋਂ ਇਹ ਸਕੀਮ ਬਦਲ ਕੇ ਮੈਟਰਨਿਟੀ ਬੈਨੀਫਿਟ ਪ੍ਰੋਗਰਾਮ ਦੇ ਨਾਮ ਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਸਕੀਮ ਅਧੀਨ 6 ਮਹੀਨਿਆਂ ਤੋਂ 6 ਸਾਲ ਤੱਕ ਦੇ ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਂਦੀਆਂ ਮਾਵਾਂ ਨੂੰ 6 ਸੇਵਾਵਾਂ ਪੂਰਕ ਪੌਸ਼ਕ ਆਹਾਰ, ਟੀਕਾਕਰਨ, ਸਿਹਤ ਦੀ ਜਾਂਚ-ਪੜਤਾਲ, ਨਿਊਟ੍ਰੀਸ਼ਨ ਅਤੇ ਸਿਹਤ ਸਬੰਧੀ ਸਿੱਖਿਆ, ਪੂਰਵ ਸਕੂਲ ਸਿਖਿਆ ਅਤੇ ਰੈਫਰਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ।

ਇਹ ਖਰਚਾ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵੱਲੋਂ 60:40 ਦੇ ਅਨੁਪਾਤ ਨਾਲ ਕੀਤਾ ਜਾ ਰਿਹਾ ਹੈ।

## ➢ ਵਿਸ਼ੇਸ਼ ਪੌਸ਼ਟਿਕ ਆਹਾਰ ਪ੍ਰੋਗਰਾਮ

ਆਈ.ਸੀ.ਡੀ.ਐਸ. ਸਕੀਮ ਅਧੀਨ 6 ਮਹੀਨੇ ਤੋਂ 6 ਸਾਲ ਤੱਕ ਦੇ ਬੱਚਿਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਂਦੀਆਂ ਮਾਵਾਂ ਨੂੰ 6 ਸੇਵਾਵਾਂ ਪੂਰਕ ਪੌਸ਼ਕ ਆਹਾਰ, ਟੀਕਾਕਰਨ, ਸਿਹਤ ਦੀ ਜਾਂਚ-ਪੜਤਾਲ, ਨਿਊਟ੍ਰੀਸ਼ਨ ਅਤੇ ਸਿਹਤ ਸਬੰਧੀ ਸਿਖਿਆ, ਪੂਰਵ ਸਕੂਲ ਸਿਖਿਆ ਅਤੇ ਰੈਫਰਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਸਪਲੀਮੈਂਟਰੀ ਨਿਊਟ੍ਰੀਸ਼ਨ ਇਨ੍ਹਾਂ ਸੇਵਾਵਾਂ ਵਿੱਚੋਂ ਇੱਕ ਹੈ, ਜਿਸ ਲਈ ਰਾਜ ਸਰਕਾਰ ਵਲੋਂ ਸਲਾਨਾ ਸਟੇਟ ਪਲਾਨ ਵਿੱਚੋਂ ਫੰਡਜ਼ ਉਪਲੱਬਧ ਕਰਵਾਏ ਜਾਂਦੇ ਹਨ। ਇਸ ਸਕੀਮ ਅਧੀਨ ਕੇਂਦਰ ਅਤੇ ਰਾਜ ਸਰਕਾਰ ਵੱਲੋਂ 50:50 ਦੇ ਹਿਸਾਬ ਨਾਲ ਖਰਚਾ ਕੀਤਾ ਜਾਂਦਾ ਹੈ।

ਇਸ ਪ੍ਰੋਗਰਾਮ ਅਧੀਨ ਲਾਭਪਾਤਰੀਆਂ ਨੂੰ ਹੇਠ ਲਿਖੇ ਰੇਟਾਂ ਅਨੁਸਾਰ ਐਸ੍ਰਐਨ੍ਰਪੀ੍ਰ ਦਿੱਤੀ ਜਾ ਰਹੀ ਹੈ :-

| ਲੜੀ ਨੰ: | ਲਾਭਪਾਰਤੀ | ਰੇਟ (ਪ੍ਰਤੀ ਦਿਨ/ ਪ੍ਰਤੀ ਲਾਭਪਾਤਰੀ |
|---|---|---|
| 1 | 6 ਮਹੀਨੇ ਤੋਂ 3 ਸਾਲ ਦੇ ਬੱਚੇ | 6/- ਰੁਪਏ |
| 2 | 3 ਤੋਂ 6 ਸਾਲ ਤੱਕ ਦੇ ਬੱਚੇ | 6/- ਰੁਪਏ |
| 3 | ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਂਦੀਆਂ ਮਾਵਾਂ | 7/-ਰੁਪਏ |
| 4 | ਅਲੜ ਉਮਰ ਦੀਆਂ ਲੜਕੀਆਂ | 5/-ਰੁਪਏ |
| 5 | 6 ਸਾਲ ਦੇ ਕੁਪਸੋਤ ਬੱਚੇ | 9/- ਰੁਪਏ |

ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਮਿੱਠਾ ਦਲੀਆ, ਖੀਰ, ਪੰਜੀਰੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ 3 ਤੋਂ 6 ਸਾਲ ਦੇ ਬੱਚਿਆਂ ਨੂੰ ਸਵੇਰੇ ਸਨੈਕਸ ਦੇ ਤੌਰ ਤੇ ਹਲਵਾ ਅਤੇ ਦੁੱਧ ਦਿੱਤਾ ਜਾਂਦਾ ਹੈ। ਇਨ੍ਹਾਂ ਵਸਤੂਆਂ ਦੀ ਖ੍ਰੀਦ ਸਰਕਾਰ ਦੇ ਮੰਨਜੂਰਸ਼ੁਦਾ ਅਦਾਰਿਆਂ, ਐਫ.ਸੀ.ਆਈ., ਮਿਲਕਫੈਡ, ਮਾਰਕਫੈਡ ਅਤੇ ਸ਼ੂਗਰਫੈਡ ਤੋਂ ਕੀਤੀ ਜਾਂਦੀ ਹੈ।

ਇਹ ਖਰਚਾ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿੱਚ 50:50 ਦੇ ਅਨੁਪਾਤ ਨਾਲ ਕੀਤਾ ਜਾ ਰਿਹਾ ਹੈ।

## ➢ ਕਿਸ਼ੌਰੀ ਸ਼ਕਤੀ ਯੋਜਨਾ (ਨਿਊਟ੍ਰੀਸ਼ਨ)

1) ਕਿਸ਼ੋਰੀ ਸ਼ਕਤੀ ਯੋਜਨਾ ਪੰਜਾਬ ਦੇ 100 ਬਲਾਕਾਂ ਵਿੱਚ ਚਲਾਈ ਜਾ ਰਹੀ ਹੈ। ਸਕੀਮ ਅਧੀਨ 11 ਤੋਂ 18 ਸਾਲ ਤੱਕ ਦੀ ਉਮਰ ਦੀਆਂ ਲੜਕੀਆਂ ਜਿਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ, ਨੂੰ ਆਈ.ਸੀ.ਡੀ.ਐਸ. ਸਪਲੀਮੈਂਟਰੀ ਨਿਊਟ੍ਰੀਸ਼ਨ ਦੇ ਪੈਟਰਨ ਤੇ ਨਿਊਟ੍ਰੀਸ਼ਨ ਦਿੱਤੀ ਜਾਂਦੀ ਹੈ।

**ਕਿਸੋਰੀ ਸਕਤੀ ਯੋਜਨਾ (ਟ੍ਰੇਨਿੰਗ)**

2) ਕਿਸ਼ੋਰੀ ਸਕਤੀ ਯੋਜਨਾ ਪੰਜਾਬ ਦੇ 100 ਬਲਾਕਾਂ ਵਿੱਚ ਚਲਾਈ ਜਾ ਰਹੀ ਹੈ। ਇਸ ਸਕੀਮ ਦਾ ਮੁੱਖ ਮਨੋਰਥ ਗਰੀਬੀ ਰੇਖਾਂ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਵਿਚੋਂ 11 ਤੋਂ 18 ਸਾਲ ਦੀ ਉਮਰ ਤੱਕ ਦੀਆਂ ਲੜਕੀਆਂ ਨੂੰ ਸਿਹਤ ਸੰਭਾਲ, ਬੱਚਿਆਂ ਦੀ ਦੇਖਭਾਲ, ਚੰਗੀ ਖੁਰਾਕ ਅਤੇ ਸਫਾਈ ਆਦਿ ਬਾਰੇ ਟ੍ਰੇਨਿੰਗ ਕਰਵਾ ਕੇ ਇੱਕ ਸੁਚੱਜੀ ਮਾਂ ਦਾ ਕਿਰਦਾਰ ਨਿਭਾਉਣ ਸਬੰਧੀ ਸਿੱਖਿਆ ਦੇਣਾ ਹੈ।

## ➢ ਬਿਰਧ ਔਰਤਾਂ ਨੂੰ ਅੱਧੇ ਕਿਰਾਏ ਤੇ ਬੱਸਾਂ ਵਿੱਚ ਸਫਰ ਕਰਨ ਦੀ ਸਹੂਲਤ ਰਾਜ ਪ੍ਰਯੋਜਿਤ ਸਕੀਮ

ਇਹ ਸਕੀਮ ਪੰਜਾਬ ਸਰਕਾਰ ਵਲੋਂ ਅਧਿਸੂਚਨਾ ਨੰ: 4/30/96-2ਸਸ/194, ਮਿਤੀ 30-12-1996 ਰਾਹੀਂ ਮਿਤੀ 1-12-1997 ਤੋਂ ਚਾਲੂ ਕੀਤੀ ਗਈ। ਇਸ ਦਾ ਉਦੇਸ਼ ਹੈ ਕਿ ਪੰਜਾਬ ਦੀਆਂ 60 ਸਾਲ ਤੋਂ ਵੱਧ ਉਮਰ ਦੀਆਂ ਲੋੜਵੰਦ ਔਰਤਾਂ ਨੂੰ ਸਮਾਜਿਕ ਤਾਲਮੇਲ ਵਧਾਉਣ ਲਈ 50% ਰਿਆਇਤ ਤੇ ਸਫਰ ਸਹੂਲਤ ਦਾ ਪ੍ਰਬੰਧ ਕਰਨਾ। ਪੰਜਾਬ ਸਟੇਟ

ਟਰਾਂਸਪੋਰਟ ਵਿਭਾਗ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਨੂੰ ਇਸ ਸਕੀਮ ਦੇ ਲਾਗੂ ਕਰਨ ਵਿੱਚ ਪੈਣ ਵਾਲੇ ਘਾਟੇ ਦੀ ਪ੍ਰਤੀ ਪੂਰਤੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਕੀਤੀ ਜਾਂਦੀ ਹੈ।

➢ **ਆਈ.ਸੀ.ਡੀ.ਐਸ. ਸਿਖਲਾਈ ਪ੍ਰੋਗਰਾਮ (ਉਦੀਸ਼ਾ)**

ਆਈ.ਸੀ.ਡੀ.ਐਸ. ਸਕੀਮ ਅਧੀਨ ਕਾਰਜ਼ਕਰਤਾਵਾਂ ਨੂੰ ਟ੍ਰੇਨਿੰਗ ਦੇਣ ਲਈ ਆਈ.ਸੀ.ਡੀ.ਐਸ. ਟ੍ਰੇਨਿੰਗ ਪ੍ਰੋਗਰਾਮ ਪ੍ਰੋਜੈਕਟ ਸਾਲ 1998-99 ਵਿੱਚ ਭਾਰਤ ਸਰਕਾਰ ਵਲੋਂ ਵਰਲਡ ਬੈਂਕ ਦੀ ਮੱਦਦ ਨਾਲ ਸ਼ੁਰੂ ਕੀਤਾ ਗਿਆ ਸੀ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਆਈ.ਸੀ.ਡੀ.ਐਸ. ਦੇ ਕਾਰਜਕਰਤਾਵਾਂ ਸੁਪਰਵਾਈਜ਼ਰਾਂ, ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਨੂੰ ਟ੍ਰੇਨਿੰਗ ਦੇ ਕੇ ਕੰਮ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ। ਇਸ ਪ੍ਰੋਗਰਾਮ ਅਧੀਨ ਆਈ.ਸੀ.ਡੀ.ਐਸ. ਕਾਰਜਕਰਤਾਵਾਂ ਨੂੰ ਟ੍ਰੇਨਿੰਗ ਦੇਣ ਦੇ ਨਾਲ ਨਾਲ ਹੋਰ ਟ੍ਰੇਨਿੰਗ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ, ਜਿਵੇਂ ਪੰਚਾਇਤੀ ਰਾਜ ਸੰਸਥਾਵਾਂ ਦੇ ਕਾਰਜਕਰਤਾਵਾਂ ਨੂੰ ਟ੍ਰੇਨਿੰਗ ਦੇਣਾ ਤਾਂ ਜੋ ਆਈ.ਸੀ.ਡੀ.ਐਸ. ਪ੍ਰੋਗਰਾਮ ਨੂੰ ਸਫਲ ਬਨਾਉਣ ਦੇ ਮੰਤਵ ਪ੍ਰਾਪਤ ਹੋ ਸਕਣ। ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਹੇਠ ਲਿਖੇ ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰਾਂ ਵਿਖੇ ਟ੍ਰੇਨਿੰਗ ਦਿੱਤੀ ਜਾਂਦੀ ਹੈ :-

1) ਮਿਡਲ ਲੈਵਲ ਟ੍ਰੇਨਿੰਗ ਸੈਂਟਰ, ਹੁਸਿਆਰਪੁਰ।
2) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਬਾਲ ਭਵਨ, ਫੇਸ-4 ਮੋਹਾਲੀ।
3) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਖਰੜ ਜਿਲ੍ਹਾ ਮੋਹਾਲੀ।
4) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਫਰੀਦਕੋਟ, ਜ਼ਿਲ੍ਹਾ ਫਰੀਦਕੋਟ।
5) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਲੁਧਿਆਣਾ।
6) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਹੁਸ਼ਿਆਰਪੁਰ।
7) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਪਟਿਆਲਾ।
8) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਗੁੰਗੇ ਬੋਲਿਆ ਦਾ ਸਕੂਲ, ਰੈਡ ਕਰਾਸ ਬਿਲਡਿੰਗ, ਜਲੰਧਰ।
9) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਗਾਂਧੀ ਵਨੀਤਾ ਆਸ਼ਰਮ, ਜਲੰਧਰ।
10) ਆਂਗਣਵਾੜੀ ਵਰਕਰ ਟ੍ਰੇਨਿੰਗ ਸੈਂਟਰ, ਬਠਿੰਡਾ।

ਇਹ ਖਰਚਾ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿੱਚ 60:40 ਦੇ ਅਨੁਪਾਤ ਨਾਲ ਕੀਤਾ ਜਾ ਰਿਹਾ ਹੈ।

➢ **ਲੜਕੀਆਂ ਦੇ ਵਿਕਾਸ ਲਈ ਰਾਜੀਵ ਗਾਂਧੀ ਸਕੀਮ (ਸਬਲਾ)**

ਇਹ ਸਕੀਮ ਕੇਂਦਰੀ ਪ੍ਰਯੋਜਿਤ ਸਕੀਮ ਹੈ। ਇਹ ਸਕੀਮ ਇਸਤਰੀ ਤੇ ਬਾਲ ਵਿਕਾਸ ਮੰਤਰਾਲਾ ਭਾਰਤ ਸਰਕਾਰ ਵੱਲੋਂ ਪੰਜਾਬ ਦੇ 6 ਜ਼ਿਲ੍ਹਿਆਂ (ਫਰੀਦਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਮਾਨਸਾ ਅਤੇ ਪਟਿਆਲਾ ਵਿੱਚ ਚਲਾਈ ਜਾ ਰਹੀ ਹੈ। ਇਹ ਸਕੀਮ ਕਿਸ਼ੋਰੀ ਸ਼ਕਤੀ ਯੋਜਨਾ ਅਤੇ ਕੁਪੋਸ਼ਤ ਕਿਸ਼ੋਰ ਲੜਕੀਆਂ ਨੂੰ ਵਾਧੂ ਖੁਰਾਕ ਦੇਣ ਦੀ ਸਕੀਮ (ਨਪਾਗ) ਨੂੰ ਮਿਲਾਕੇ ਕਰਕੇ ਚਲਾਈ ਗਈ ਹੈ। ਇਹ ਸਕੀਮ ਨਵੰਬਰ 2010 ਤੋਂ ਲਾਗੂ ਕੀਤੀ ਗਈ ਹੈ। ਬਾਕੀ ਦੇ ਜ਼ਿਲ੍ਹਿਆਂ ਵਿੱਚ ਕਿਸ਼ੋਰੀ ਸ਼ਕਤੀ ਯੋਜਨਾ ਪਹਿਲਾਂ ਦੀ ਤਰ੍ਹਾਂ ਹੀ ਲਾਗੂ ਰਹੇਗੀ। ਇਸ ਸਕੀਮ ਦਾ ਮੁੱਖ ਮਨੋਰਥ 11-18 ਸਾਲ ਤੱਕ ਦੀ ਉਮਰ ਦੀਆਂ ਕਿਸ਼ੋਰ ਲੜਕੀਆਂ ਦਾ ਨਿਊਟ੍ਰੀਸ਼ਨ, ਸਿੱਖਿਅਕ, ਸਮਾਜਿਕ ਅਤੇ ਆਰਥਿਕ ਪੱਧਰ ਉੱਚਾ ਚੁੱਕਣਾ ਹੈ। ਇਸ ਸਕੀਮ ਦੇ 2 ਕੰਪੋਨੈਂਟ ਹਨ :-

1) ਇਹ ਕੰਪੋਨੈਂਟ ਕਿਸ਼ੋਰ ਲੜਕੀਆਂ ਨੂੰ ਟ੍ਰੇਨਿੰਗ ਦੇਣ ਨਾਲ ਸਬੰਧਤ ਹੈ ਜਿਸ ਦਾ ਖਰਚਾ 100% ਭਾਰਤ ਸਰਕਾਰ ਵੱਲੋਂ ਕੀਤਾ ਜਾਵੇਗਾ। **(ਨਾਨ-ਨਿਊਟ੍ਰੀਸ਼ਨ) (100% ਕੇਂਦਰੀ ਪ੍ਰਯੋਜਿਤ)**
2) ਇਸ ਸਕੀਮ ਦਾ ਦੂਜਾ ਕੰਪੋਨੈਂਟ ਨਿਊਟ੍ਰੀਸ਼ਨ ਨਾਲ ਸਬੰਧਤ ਹੈ। ਨਿਊਟ੍ਰੀਸ਼ਨ ਤੇ ਆਉਣ ਵਾਲਾ ਖਰਚਾ ਕੇਂਦਰ ਅਤੇ ਰਾਜ ਸਰਕਾਰ ਵੱਲੋਂ 50:50 ਦੇ ਆਧਾਰ ਤੇ ਕੀਤਾ ਜਾਂਦਾ ਹੈ।

### ➢ ਮਹਿਲਾ ਜਾਗਰਿਤੀ ਯੋਜਨਾ (ਰਾਜ ਪ੍ਰਯੋਜਿਤ)

ਮਹਿਲਾ ਜਾਗਰਿਤੀ ਯੋਜਨਾ ਪੰਜਾਬ ਮਿਤੀ 8-3-99 ਤੋਂ ਲਾਗੂ ਕੀਤੀ ਗਈ। ਇਸ ਸਕੀਮ ਅਧੀਨ ਔਰਤਾਂ ਦੇ ਸਵੈ ਸਹਾਇਤਾ ਗਰੁੱਪ ਬਣਾਏ ਜਾਂਦੇ ਹਨ। ਸਕੀਮ ਦਾ ਮੁੱਖ ਮਨੋਰਥ ਔਰਤਾਂ ਦਾ ਸਮਾਜਿਕ ਅਤੇ ਆਰਥਿਕ ਪੱਧਰ ਉੱਚਾ ਚੁੱਕਣਾ, ਉਨ੍ਹਾਂ ਨੂੰ ਆਤਮਨਿਰਭਰ ਬਣਾਉਣਾ, ਬੱਚਤ ਦੀ ਭਾਵਨਾ ਪੈਦਾ ਕਰਨਾ, ਆਰਥਿਕ ਗਤੀਵਿਧੀਆਂ ਰਾਹੀਂ ਪਰਵਾਰ ਦੀ ਆਮਦਨ ਵਿੱਚ ਵਾਧਾ ਕਰਨ ਵਿੱਚ ਸਹਾਇਤਾ ਕਰਨਾ ਅਤੇ ਵਿਭਾਗ ਅਤੇ ਦੂਸਰੇ ਵਿਭਾਗਾਂ ਵਲੋਂ ਔਰਤਾਂ ਦੀ ਭਲਾਈ ਅਤੇ ਵਿਕਾਸ ਲਈ ਚਲਾਈਆ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਸਕੀਮ ਅਧੀਨ ਔਰਤਾਂ ਦੇ 13665 ਸਵੈ ਸਹਾਇਤਾ ਗਰੁੱਪ ਬਣਾਏ ਗਏ ਹਨ, ਤਾਂ ਜੋ ਉਹ ਆਪਣੀਆਂ ਮੁਸ਼ਕਲਾਂ ਆਪ ਹੱਲ ਕਰ ਸਕਣ।

### ➢ ਇੰਦਰਾ ਗਾਂਧੀ ਮਾਤਰਤਵ ਸਹਿਯੋਗ ਯੋਜਨਾ (ਗਰਭਵਤੀ ਔਰਤਾਂ ਲਈ ਲਾਹੇਵੰਦ ਸਕੀਮ)

ਇਹ ਕੇਂਦਰੀ ਪ੍ਰਯੋਜਿਤ ਸਕੀਮ ਹੈ ਅਤੇ ਭਾਰਤ ਸਰਕਾਰ ਵੱਲੋਂ ਪੰਜਾਬ ਦੇ 2 ਜਿਲਿਆਂ ਅੰਮ੍ਰਿਤਸਰ ਅਤੇ ਕਪੂਰਥਲਾ ਵਿੱਚ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਕੀਤੀ ਗਈ ਹੈ। ਸਕੀਮ ਦਾ ਉਦੇਸ਼ ਗਰਭਵਤੀ ਅਤੇ ਦੁੱਧ ਪਿਲਾਉਂਦੀਆਂ ਇਸਤਰੀਆਂ ਅਤੇ ਛੋਟੇ ਬੱਚਿਆਂ ਦੀ ਸਿਹਤ ਅਤੇ ਨਿਊਟ੍ਰੀਸ਼ਨ ਪੱਧਰ ਵਿੱਚ ਸੁਧਾਰ ਲਿਆਉਣਾ ਹੈ। ਸਕੀਮ ਅਧੀਨ 19 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਲੜਕੀਆਂ ਨੂੰ ਪਹਿਲੇ ਦੋ ਬੱਚਿਆਂ ਦੇ ਜਨਮ ਤੇ 6000/- ਰੁਪਏ ਦਾ ਲਾਭ ਦੋ ਬਰਾਬਰ ਕਿਸ਼ਤਾਂ ਵਿਚ ਦਿੱਤਾ ਜਾਂਦਾ ਹੈ। ਪਹਿਲੀ ਕਿਸ਼ਤ ਤੀਜੇ ਟਰਾਈਮੈਸਟਰ ਤੇ ਅਤੇ ਦੂਸਰੀ ਕਿਸ਼ਤ ਬੱਚਾ ਹੋਣ ਤੋਂ 6 ਮਹੀਨੇ ਬਾਅਦ ਦਿੱਤੀ ਜਾਂਦੀ ਹੈ। ਲਾਭਪਾਤਰੀ ਨੂੰ ਪੂਰੀ ਰਾਸ਼ੀ ਅਦਾ ਹੋਣ ਤੋਂ ਬਾਅਦ ਸਬੰਧਤ ਆਂਗਣਵਾੜੀ ਵਰਕਰ ਅਤੇ ਹੈਲਪਰ ਨੂੰ ਕ੍ਰਮਵਾਰ 200/- ਰੁਪਏ 100/- ਰੁਪਏ ਦੇ ਹਿਸਾਬ ਨਾਲ ਦਿੱਤੀ ਅਦਾਇਗੀ ਕੀਤੀ ਜਾਵੇਗੀ। ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਅਦਾਇਗੀ ਬੈਂਕ ਖਾਤਿਆਂ ਰਾਹੀਂ ਕੀਤੀ ਜਾਂਦੀ ਹੈ।

### ➢ ਲਿੰਗ ਅਨੁਪਾਤ ਬਰਾਬਰੀ ਲਈ ਜਾਗਰੂਕ ਪ੍ਰੋਗਰਾਮ

ਪੰਜਾਬ ਰਾਜ ਦੇ ਲੋਕਾਂ ਦੇ ਮਨ ਵਿਚ ਇਹ ਵਿਚਾਰ ਪਿੱਛੇ ਤੋਂ ਚਲਦਾ ਆ ਰਿਹਾ ਹੈ ਕਿ ਉਹ ਆਪਣੀ ਜਾਇਦਾਦ ਆਪਣੇ ਲੜਕੇ ਨੂੰ ਦੇਣਗੇ ਉਨ੍ਹਾਂ ਦੇ ਬੁਢਾਪੇ ਵਿਚ ਅਤੇ ਪਰਵਾਰ ਦੇ ਖਰਚੇ ਨੂੰ ਚਲਾਉਣ ਲਈ ਜ਼ਿੰਮੇਵਾਰ ਹੈ। ਭਰੂਣ ਹੱਤਿਆ ਨੂੰ ਰੋਕਣ ਅਤੇ ਲਿੰਗ ਅਨੁਪਾਤ ਵਿਚ ਸੁਧਾਰ ਲਿਆਉਣ ਲਈ ਜਾਗਰਤ ਕਰਨ ਜੋ ਕਿ 1000 ਲੜਕੀਆਂ ਪਿੱਛੇ 874 ਲੜਕੀਆਂ ਹੈ। ਇਹ ਵਿਵਹਾਰ ਲੋਕਾਂ ਵਿੱਚ ਘੱਟ ਰਹੀ ਲਿੰਗ ਅਨੁਪਾਤ ਸਬੰਧੀ ਜਾਗਰੂਕਤਾ ਲਿਆਉਣ ਲਈ ਜ਼ਿਲ੍ਹਾ/ ਬਲਾਕ ਪੱਧਰ ਤੇ ਕੈਂਪ ਅਯੋਜਿਤ ਕਰਨਾ ਹੈ।

### ➢ ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਸਕੀਮ

13ਵੇਂ ਵਿੱਤ ਕਮਿਸ਼ਨ ਅਧੀਨ ਮਈਰਜ ਟੂ ਇੰਮਪਰੂਵ ਸੈਕਸ ਰੇਸ਼ੋ ਲਈ ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਸਕੀਮ ਰਾਜ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਉਦੇਸ਼ ਕੰਨਿਆ ਭਰੂਣ ਹੱਤਿਆ ਨੂੰ ਰੋਕਣਾ ਅਤੇ ਲੜਕੀਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਦੇ ਨਾਲ ਨਾਲ ਪਰਵਾਰ ਨੂੰ ਵਿੱਤੀ ਸਹਾਇਤਾ ਵੀ ਸਮੇਂ ਸਮੇਂ ਸਿਰ ਪ੍ਰਦਾਨ ਕੀਤੀ ਜਾਣੀ ਹੈ, ਜਿਸ ਤੋਂ ਉਨ੍ਹਾਂ ਦੇ ਮਨ ਵਿੱਚ ਇਹ ਵਿਚਾਰ ਨਾ ਆਵੇ ਕਿ ਬੱਚੀ ਦੇ ਜਨਮ ਲੈਣ ਨਾਲ ਉਨ੍ਹਾਂ ਤੇ ਕੋਈ ਬੋਝ ਪੈ ਗਿਆ ਹੈ।

### ➢ ਔਰਤਾਂ, ਬੱਚਿਆਂ, ਬਜੁਰਗਾਂ ਅਤੇ ਬੇਸਹਾਰਾ ਲ'ਕਾਂ ਲਈ ਸਮਾਜਿਕ ਸੁਰੱਖਿਆ ਹੈਲਪ ਲਾਈਨ

ਇਸ ਹੈਲਪ ਲਾਈਨ ਦਾ ਮੁੱਖ ਉਦੇਸ਼ ਔਰਤਾਂ, ਬੱਚਿਆਂ, ਬਜੁਰਗਾਂ ਅਤੇ ਬੇਸਹਾਰਾਂ ਵਿਅੱਕਤੀਆਂ ਨੂੰ ਵਿਸ਼ੇਸ਼ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਹੋਵੇ ਨੂੰ ਵੱਧੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ ਜਦੋਂ ਤੱਕ ਉਹਨਾਂ ਦਾ ਪੁਨਰਵਾਸ ਨਹੀਂ ਹੋ ਜਾਂਦਾ। ਇਸ ਤੋਂ ਇਲਾਵਾ ਜਰੂਰਤਮੰਦ ਵਿਅਕਤੀਆਂ ਨੂੰ ਸ਼ਾਰਟ ਸਟੇਅ ਹੋਮ, ਫਰੀ ਲੀਗਲ ਏਡ, ਪੁਲਸ ਸਹਾਇਤਾ, ਕੌਂਸਲਿੰਗ, ਹਸਪਤਾਲ ਵਰਗੀਆਂ ਰੈਫਰਲ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।

### ➢ ਸਵੈਨਿਰਭਰ-ਔਰਤਾਂ ਲਈ ਕਿੱਤਾ ਸਿਖਲਾਈ ਪ੍ਰੋਗਰਾਮ:-

ਸਵਾਲੰਬਮ ਔਰਤਾਂ ਲਈ ਕਿੱਤਾ ਸਿਖਲਾਈ ਪ੍ਰੋਗਰਾਮ ਅਧੀਨ 15 ਤੋਂ 35 ਸਾਲ ਦੀ ਉਮਰ ਦੀਆਂ ਗਰੀਬ ਜ਼ਰੂਰਤਮੰਦ ਔਰਤਾਂ ਨੂੰ 35 ਵੱਖ ਵੱਖ ਕਿੱਤਿਆ ਜਿਵੇ ਕਿ ਕੰਪਿਊਟਰ ਕੋਰਸ, ਸਿਲਾਈ ਕਢਾਈ, ਬਿਊਟੀਸ਼ਨ, ਸਟੈਨੋਗਰਾਫੀ

ਆਦਿ ਵਿੱਚ ਸਿਖਲਾਈ ਦਿੱਤੀ ਜਾਂਦੀ ਹੈ।ਇਸ ਸਕੀਮ ਦਾ ਮੁੱਖ ਮੰਤਵ ਇਹਨਾ ਔਰਤਾਂ ਨੂੰ ਵੱਖ ਵੱਖ ਕਿੱਤਿਆ ਇੱਚ ਸਿਖਲਾਈ ਦੇ ਕੇ ਆਤਮ ਨਿਰਭਰ ਬਣਾਉਣਾ ਹੈ। ਇਸ ਸਕੀਮ ਅਧੀਨ ਮੁੱਖ ਤੌਰ ਤੇ ਗਰੀਬ ਔਰਤਾਂ, ਅਨੁਸੂਚਿਤ, ਪੱਛੜੀਆਂ ਜਾਤੀਆਂ ਦੀਆਂ ਔਰਤਾਂ ਨੂੰ ਗੈਰ ਸਰਕਾਰੀ ਸੰਸਥਾਵਾਂ ਰਾਂਹੀ ਕਿੱਤਾ ਸਿਖਲਾਈ ਦਿੱਤੀ ਜਾਂਦੀ ਹੈ।

### ➢ ਪੇਂਡੂ ਔਰਤਾਂ ਨੂੰ ਕੀਟਾਣੂ ਰਹਿਣ ਸੈਨੀਟਰੀ ਪੈਡ ਵੰਡਣ ਸਬੰਧੀ

ਇਸ ਸਕੀਮ ਅਧੀਨ ਰਾਜ ਦੀਆਂ ਪੇਂਡੂ ਔਰਤਾਂ ਨੂੰ ਭਰੂਣ ਹੱਤਿਆ ਦੇ ਕੈਪਾਂ ਦੌਰਾਨ ਕੀਟਾਣੂ ਰਹਿਤ ਸੈਨੀਟਰੀ ਪੈਡਾਂ ਦੀ ਵੰਡ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਪੇਂਡੂ ਔਰਤਾਂ ਨੂੰ ਮਹਾਵਾਰੀ ਦੌਰਾਨ ਇਸ ਮਾਡਰਨ ਤਕਨੀਕ ਦੇ ਪੈਡਾਂ ਨੂੰ ਵਰਤਣ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ।

### ➢ ਬਾਹਰਲੇ ਪਤੀਆਂ ਵਲੋਂ ਨਿਕਾਲੀਆਂ ਪਤਨੀਆਂ ਦੀ ਭਲਾਈ

ਇਸ ਸਕੀਮ ਦਾ ਮੰਤਵ ਉਹਨਾਂ ਲੋੜਵੰਦ ਔਰਤਾਂ ਨੂੰ ਸਲਾਹ ਅਤੇ ਕਾਨੂੰਨੀ ਸੇਵਾਵਾਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ ਜਿਹਨਾਂ ਨੂੰ ਉਹਨਾਂ ਦੇ ਬਾਹਰਲੇ ਦੇਸ਼ਾ ਵਿੱਚ ਰਹਿੰਦੇ ਭਾਰਤੀ ਪਤੀਆਂ ਵੱਲੋ ਛੱਡ ਦਿੱਤਾ ਗਿਆ ਹੈ। ਸਲਾਹ ਅਤੇ ਕਾਨੂੰਨੀ ਸੇਵਾਵਾਂ ਭਰੋਸੇਯੋਗ ਭਾਰਤੀ ਇਸਤਰੀ ਸੰਸਥਾਵਾਂ/ ਭਾਰਤੀ ਕਮਿਊਨਟੀ ਐਸ਼ੋਸੀਏਸ਼ਨਾਂ ਅਤੇ ਐਨ.ਜੀ.ਓ ਜੋ ਇਸ ਮੰਤਵ ਲਈ ਪਹਿਚਾਣੇ ਗਏ ਹਨ, ਰਾਹੀ ਦਿੱਤੀਆਂ ਜਾਣਗੀਆਂ ਅਤੇ ਭਾਰਤੀ ਮਿਸ਼ਨ ਜੋ ਅਮਰੀਕਾ, ਇੰਗਲੈਂਡ, ਕਨੇਡਾ ਅਤੇ ਅਸਟਰੇਲੀਆ ਅਤੇ ਖਾੜੀ ਦੇਸ਼ਾਂ ਦੇ ਹੋਣ ਦੀਆਂ ਮੈਂਬਰ ਹੋਣਗੀਆਂ ਜਾਂ ਉਹਨਾਂ ਦੇ ਪੈਨਲ ਤੇ ਹੋਣਗੀਆਂ। ਇਹ ਸਕੀਮ ਭਾਰਤੀ ਮੂਲ ਦੀਆਂ ਔਰਤਾਂ ਨੂੰ ਦੁੱਖ ਤੋਂ ਬਚਾਉਣ ਲਈ ਭਲਾਈ ਦਾ ਇਕ ਉਪਰਾਲਾ ਹੈ ਅਤੇ ਇਹ ਸਥਾਨਕ ਭਾਰਤੀ ਲੋਕਾਂ ਦੀ ਜਾਗਰੂਕਤਾ ਨਾਲ ਅਤੇ ਉਹਨਾਂ ਵਲੋਂ ਕੀਤੇ ਹੰਭਲਿਆਂ ਅਤੇ ਕੁਝ ਵਿੱਤੀ ਸਹਾਇਤਾ ਸਰਕਾਰ ਵਲੋਂ ਪ੍ਰਾਪਤ ਕਰਕੇ ਕੀਤਾ ਜਾਵੇਗਾ।

### ➢ ਘਰੇਲੂ ਹਿੰਸਾ ਐਕਟ 2005 ਸਬੰਧੀ ਚੇਤਨਤਾ ਪ੍ਰੋਗਰਾਮ

ਅਵੇਅਰਨੈਸ ਪ੍ਰੋਗਰਾਮ ਫਾਰ ਡੋਮੈਸਟਿਕ ਵਾਇਲੈਂਸ ਐਕਟ 2005 ਤਹਿਤ ਵਿਭਾਗ ਵਲੋਂ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ, ਪੁਲਸ ਵਿਭਾਗ, ਐਨ ਜੀ ਓਜ਼ ਅਤੇ ਜਿਲਾ ਪ੍ਰੋਗਰਾਮ ਅਫਸਰਾਂ ਅਤੇ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨਾਲ ਮਿਲ ਕੇ ਰਾਜ ਦੇ ਹਰ ਜਿਲੇ ਵਿੱਚ ਅਵੇਅਰਨੈਸ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਸਕੀਮ ਤਹਿਤ ਐਕਟ ਦੇ ਵੱਖ-ਵੱਖ ਪਹਿਲੂਆਂ ਸਬੰਧੀ ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਪੈਫਲੇਟ ਵੀ ਵੰਡੇ ਜਾਂਦੇ ਹਨ ਅਤੇ ਟੈਲੀਵਿਜ਼ਨ, ਰੇਡੀਓ ਅਤੇ ਪ੍ਰਚਾਰ ਦੇ ਹੋਰ ਸਾਧਨਾਂ ਰਾਹੀਂ ਵੀ ਜਾਗਰੂਕ ਕੀਤਾ ਜਾਂਦਾ ਹੈ।

### ➢ ਮਾਈ ਭਾਗੋ ਵਿਦਿਆ ਸਕੀਮ

ਮਾਈ ਭਾਗੋ ਵਿਦਿਆ ਸਕੀਮ ਪੰਜਾਬ ਸਰਕਾਰ ਵਲੋਂ ਸਾਲ 2011-12 ਦੌਰਾਨ ਸ਼ੁਰੂ ਕੀਤੀ ਗਈ ਸੀ। ਇਸ ਦਾ ਮੁੱਖ ਉਦੇਸ਼ ਸਰਕਾਰੀ ਸਕੂਲਾਂ ਵਿਚ ਪੜ ਰਹੀਆਂ ਵਿਦਿਆਰਥਣਾਂ ਨੂੰ ਪੜਾਈ ਲਈ ਉਤਸਾਹਿਤ ਕਰਨਾ, ਵਿਦਿਆਰਥਣਾਂ ਵਲੋਂ ਪੜਾਈ ਵਿਚਾਲੇ ਛੱਡਣ ਦੀ ਦਰ ਨੂੰ ਘੱਟ ਕਰਨਾ ਹੈ। ਸਕੀਮ ਅਧੀਨ 9ਵੀਂ ਤੋਂ 12ਵੀਂ ਤੱਕ ਦੀਆਂ ਵਿਦਿਆਰਥਣਾ ਨੂੰ ਫਰੀ ਸਾਈਕਲ ਮੁਹਈਆਂ ਕਰਵਾਉਣ ਦਾ ਪ੍ਰਬੰਧ ਹੈ। ਸਾਲ 2016-17 ਦੌਰਾਨ ਸਕੀਮ ਅਧੀਨ 2200 ਲੱਖ ਰੁਪਏ ਦਾ ਬਜਟ ਪ੍ਰਬੰਧ ਕੀਤਾ ਗਿਆ ਹੈ ਅਤੇ ਵਿੱਤ ਵਿਭਾਗ ਵਲੋਂ ਇਹ ਸਾਰੀ ਰਾਸ਼ੀ ਮਨਜ਼ੂਰ ਕਰ ਦਿਤੀ ਗਈ ਹੈ। ਇਸ ਸਕੀਮ ਅਧੀਨ ਪੰਜਾਬ ਸਰਕਾਰ ਵਲੋਂ ਸਾਲ 2016-17 ਦੌਰਾਨ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਨੂੰ ਸਾਈਕਲ ਮੁਹੱਈਆ ਕਰਵਾਏ ਗਏ ਹਨ।

### ➢ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ

ਪੰਜਾਬ ਰਾਜ ਬਾਲ ਅਧਿਕਾਰ ਸੁੱਰਖਿਆ ਕਮਿਸ਼ਨ ਦਾ ਗਠਨ ਪੰਜਾਬ ਸਰਕਾਰ ਵਲੋਂ ਨੋਟੀਫਿਕੇਸ਼ਨ ਨੰ: 5/1/2006-1-ਐਸ੍ਐਸ੍/916 ਮਿਤੀ 15/4/2011 ਰਾਹੀ ਰਾਜਾ ਵਿੱਚ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਗਠਿਤ ਕੀਤਾ ਗਿਆ ਹੈ।

# ਅਧਿਆਇ 2
# ਸਮਾਜ ਭਲਾਈ ਵਿਭਾਗ ਦੁਆਰਾ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਕੀਮਾਂ

## ➢ ਸ਼ਗਨ ਸਕੀਮ

- ਲੜਕੀ ਦੇ ਮਾਪੇ/ਸਰਪ੍ਰਸਤ ਅਨੁਸੂਚਿਤ ਜਾਤੀ, ਇਸਾਈ ਬਰਾਦਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਵਾਰਾਂ ਨਾਲ ਸਬੰਧ ਰੱਖਦੇ ਹੋਣ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ;
- ਲੜਕੀ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ;
- ਲੜਕੀ ਦੇ ਪਰਵਾਰ ਦੀ ਸਲਾਨਾ ਆਮਦਨ 32,790/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ;
- ਸ਼ਗਨ ਸਕੀਮ ਅਧੀਨ ਦਰਖਾਸਤ ਵਿਆਹ ਦੀ ਮਿਤੀ ਤੋਂ ਪਹਿਲਾਂ ਅਤੇ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਵੀ ਸਬੰਧਤ ਤਹਿਸੀਲ ਭਲਾਈ ਅਫਸਰ ਜਾਂ ਜ਼ਿਲ੍ਹਾ ਭਲਾਈ ਅਫਸਰ ਨੂੰ ਦਿੱਤੀ ਜਾਵੇਗੀ;
- ਸ਼ਗਨ ਸਕੀਮ ਅਧੀਨ 15,000/- ਰੁਪਏ ਪ੍ਰਤੀ ਲੜਕੀ ਅਤੇ ਇੱਕ ਪਰਵਾਰ ਦੀਆਂ ਵੱਧ ਤੋਂ ਵੱਧ ਦੋ ਲੜਕੀਆਂ ਦੀ ਸ਼ਾਦੀ ਸਮੇਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
- ਸ਼ਗਨ ਦੀ ਅਦਾਇਗੀ ਉਪਰੰਤ ਲਾਭਪਾਤਰੀਆਂ ਨੂੰ ਬੈਂਕਾਂ ਵੱਲੋਂ ਐਸ ਐਮ ਐਸ ਰਾਹੀਂ ਸੁਨੇਹਾ ਦਿੱਤਾ ਜਾਂਦਾ ਹੈ।
- ਸਕੀਮ ਅਧੀਨ ਸਾਲ 2012-13 ਦੌਰਾਨ 124.30 ਕਰੋੜ ਰੁਪਏ ਦੀ ਰਾਸ਼ੀ ਨਾਲ 82,867 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ। ਸਾਲ 2013-14 ਤੋਂ 2014-15 ਦੌਰਾਨ (30 ਨਵੰਬਰ, 2014 ਤੱਕ) 180.47 ਕਰੋੜ ਰੁਪਏ ਦੀ ਰਾਸ਼ੀ ਨਾਲ 1,20,314 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ।

## ➢ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- ਪੋਸਟ ਮੈਟ੍ਰਿਕ ਕਲਾਸ 10+1, 10+2 ਡਿਪਲੋਮਾ/ਡਿਗਰੀ ਕੋਰਸ, ਮਾਸਟਰ ਡਿਗਰੀ ਅਤੇ ਪ੍ਰੋਫੈਸ਼ਨਲ ਕੋਰਸਾਂ ਮੈਡੀਕਲ/ਇੰਜੀਨੀਅਰਿੰਗ ਦੀ ਪੜ੍ਹਾਈ ਕਰਦਾ ਹੋਵੇ;
- ਪਰਵਾਰ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ (Non-Refundable Compulsory Fees) ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ।
- ਸਕੀਮ ਅਧੀਨ ਯੋਗ ਸਿਖਿਆਰਥੀਆਂ ਨੂੰ ਕਮਰਸ਼ੀਅਲ ਪਾਇਲਟ ਲਾਇਸੰਸ ਟ੍ਰੇਨਿੰਗ ਦਿਵਾਉਣ ਦਾ ਵੀ ਪ੍ਰਬੰਧ ਹੈ;
- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ 2012-13 ਲਈ 161.63 ਕਰੋੜ ਰੁਪਏ ਦੀ ਰਾਸ਼ੀ ਨਾਲ 1,47,072 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2013-14 ਦੌਰਾਨ 181.00 ਕਰੋੜ ਰੁਪਏ ਦੀ ਰਾਸ਼ੀ ਨਾਲ 2,18,323 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 (4 ਜਨਵਰੀ, 2015) ਤੱਕ 2,28,368 ਵਿਦਿਆਰਥੀਆਂ ਨੂੰ 405.09 ਕਰੋੜ ਰੁਪਏ ਦੀ ਰਾਸ਼ੀ ਦਾ ਲਾਭ ਦਿੱਤਾ ਗਿਆ।

## ➢ ਅਨੁਸੂਚਿਤ ਜਾਤੀਆਂ ਦੇ 9ਵੀਂ ਅਤੇ 10ਵੀ ਕਲਾਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- ਪਰਵਾਰ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਡੇ-ਸਕਾਲਰ ਵਿਦਿਆਰਥੀਆਂ ਨੂੰ 150/- ਅਤੇ ਹੋਸਟਲਰ 350/- ਰੁਪਏ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਸਕਾਲਰਸ਼ਿਪ ਅਤੇ ਡੇ-ਸਕਾਲਰ ਨੂੰ 750/- ਅਤੇ ਹੋਸਟਲਰ ਨੂੰ 1000/- ਰੁਪਏ ਪਾਠ-ਪੁਸਤਕਾਂ ਆਦਿ ਲਈ ਯਕਮੁਸ਼ਤ ਐਡਹਾਕ ਗਰਾਂਟ ਦਿੱਤੀ ਜਾਂਦੀ ਹੈ;

- ਸਕੀਮ ਤਹਿਤ ਸਾਲ 2013-14 ਦੌਰਾਨ 21.54 ਕਰੋੜ ਦੀ ਰਾਸ਼ੀ ਨਾਲ 1,10,446 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੌਰਾਨ 34.65 ਕਰੋੜ ਰੁਪਏ ਦੀ ਰਾਸ਼ੀ ਨਾਲ 1,55,982 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ➢ ਅਨੁਸੂਚਿਤ ਜਾਤੀਆਂ ਦੀਆਂ ਪ੍ਰਾਇਮਰੀ ਕਲਾਸਾਂ ਵਿੱਚ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਸਕੀਮ

- ਵਿਦਿਆਰਥਣ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ ਪਾਸ ਪੰਜ ਏਕੜ ਤੋਂ ਵੱਧ ਵਾਹੀਯੋਗ ਜਮੀਨ ਨਾ ਹੋਵੇ ਅਤੇ ਆਮਦਨ ਕਰ ਦੀ ਹੱਦ ਵਿਚ ਨਾ ਆਉਂਦੇ ਹੋਣ;
- ਵਿਦਿਆਰਥਣ ਦੀ ਹਾਜ਼ਰੀ ਘੱਟ-ਘੱਟ 75% ਹੋਵੇ;
- ਯੋਗ ਵਿਦਿਆਰਥਣ ਨੂੰ 50/- ਰੁਪਏ ਪ੍ਰਤੀ ਮਹੀਨਾ, ਸਾਲ ਵਿਚ 10 ਮਹੀਨਿਆਂ ਲਈ ਹਾਜ਼ਰੀ ਵਜ਼ੀਫਾ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 20.74 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 4,14,741 ਲੜਕੀਆਂ ਨੂੰ ਲਾਭ ਦਿੱਤਾ ਗਿਆ।

## ➢ ਡੀ-ਨੋਟੀਫਾਈਡ ਟਰਾਈਬਜ (ਵਿਮੁਕਤ ਜਾਤੀਆਂ) ਲਈ ਵਜ਼ੀਫਾ ਸਕੀਮ

- ਵਿਦਿਆਰਥਣ ਡੀ-ਨੋਟੀਫਾਈਡ ਟਰਾਈਬਜ (ਵਿਮੁਕਤ ਜਾਤੀ) ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ ਦੀ ਸਲਾਨਾ ਆਮਦਨ 50,000/- ਰੁਪਏ ਤੋਂ ਵੱਧ ਨਾ ਹੋਵੇ;
- ਯੋਗ ਵਿਦਿਆਰਥੀਆਂ ਨੂੰ ਪ੍ਰਾਇਮਰੀ ਪੱਧਰ ਤੋਂ ਲਾਅ, ਪੋਸਟ੍ਰਗਰੈਜੂਏਸ਼ਨ ਅਤੇ ਮੈਡੀਕਲ/ਇੰਜੀਨੀਅਰਿੰਗ ਤੱਕ ਦੇ ਕੋਰਸਾਂ ਦੀ ਪੜ੍ਹਾਈ ਲਈ ਹੋਸਟਲਰ ਨੂੰ 134/- ਤੋਂ 645/- ਰੁਪਏ ਪ੍ਰਤੀ ਮਹੀਨਾ ਅਤੇ ਡੇ-ਸਕਾਲਰ ਨੂੰ 30/- ਤੋਂ 477/- ਰੁਪਏ ਤੱਕ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 0.09 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 1,745 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ➢ ਅਨੁਸੂਚਿਤ ਜਾਤਾਂ ਦੇ ਖਿਡਾਰੀਆਂ ਲਈ ਇਨਾਮ (6ਵੀਂ ਤੋ '12ਵੀਂ ਜਮਾਤਾਂ) ਨੂੰ ਇਨਾਮ ਦੇਣ ਦੀ ਸਕੀਮ

- ਵਿਦਿਆਰਥੀ ਅਨੁਸੂਚਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- ਵਿਦਿਅਕ ਬਲਾਕ ਵਿਚੋਂ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਪੱਧਰ ਦੀਆਂ ਖੇਡਾਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੂੰ ਚੁਣਿਆ ਜਾਂਦਾ ਹੈ;
- 6ਵੀਂ ਤੋਂ 8ਵੀਂ 9ਵੀਂ ਅਤੇ 10+1 ਕਲਾਸਾਂ ਵਿੱਚ ਪੜ੍ਹਨ ਸਮੇਂ ਕ੍ਰਮਵਾਰ 3 ਸਾਲ, 2 ਸਾਲ ਅਤੇ 2 ਸਾਲ ਲਗਾਤਾਰ ਇਨਾਮ ਦਿੱਤਾ ਜਾਂਦਾ ਹੈ।
- ਪ੍ਰਾਇਮਰੀ ਪੱਧਰ ਤੇ 500/-ਰੁਪਏ, ਮਿਡਲ ਪੱਧਰ ਤੇ 750/- ਰੁਪਏ ਅਤੇ ਹਾਇਰ ਸੈਕੰਡਰੀ ਪੱਧਰ ਤੇ 1000/- ਰੁਪਏ ਪ੍ਰਤੀ ਸਾਲ ਅਵਾਰਡ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2014-15 ਦੌਰਾਨ 0.24 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 3,140 ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ ਹੈ।

## ➢ ਅਨੁਸੂਚਿਤ ਜਾਤੀਆਂ ਦੇ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੁਫਤ ਪਾਠ੍ਯਪੁਸਤਕਾਂ ਸਪਲਾਈ ਕਰਨ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪਜੰਾਬ ਦਾ ਪੱਕਾ ਵਸਨੀਕ ਹੋਵੇ;
- ਪੰਜਾਬ ਸਕੂਲ ਸਿੱਖਿਆ ਬੋਰਡ ਸਿਲੇਬਸ ਵਾਲੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਦੀ ਪਹਿਲੀ ਤੋਂ ਦਸਵੀ ਜਮਾਤ ਵਿੱਚ ਪੜ੍ਹਦਾ ਹੋਵੇ;
- ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਦੀ ਵੰਡ ਵਿਦਿਅਕ ਸ਼ੈਸ਼ਨ ਦੇ ਸ਼ੁਰੂ ਵਿੱਚ ਸਰਵ-ਸਿੱਖਿਆ ਅਭਿਆਨ, ਸਿੱਖਿਆ ਵਿਭਾਗ ਦੇ ਅਧਿਕਾਰੀਆਂ ਰਾਹੀਂ ਕੀਤੀ ਜਾਂਦੀ ਹੈ।

- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 121.57 ਕਰੋੜ ਰੁਪਏ ਦੀ ਲਾਗਤ ਦੀਆਂ 46,43,000 ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਦੀ ਸਪਲਾਈ ਕੀਤੀ ਗਈ।

## ➢ ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਲਈ ਪ੍ਰੀਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਦੇ ਮਾਪੇ ਮਰੇ ਪਸ਼ੂਆਂ ਦੀ ਖੱਲ ਉਤਾਰਨ, ਚਮੜਾ ਰੰਗਣ, ਕੂੜਾ ਕਬਾੜਾ ਚੁੱਕਣ ਵਾਲੇ ਅਤੇ ਸਫਾਈ ਦਾ ਕੰਮ (ਜੋ ਰਵਾਇਤੀ ਢੰਗ ਨਾਲ ਸਬੰਧਤ ਹੋਵੇ) ਕਰਦੇ ਹੋਣ ਅਤੇ ਪੰਜਾਬ ਦੇ ਪੱਕੇ ਵਸਨੀਕ ਹੋਣ;
- ਵਿਦਿਆਰਥੀ ਕਿਸੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹਦਾ ਹੋਵੇ;
- ਵਿਦਿਆਰਥੀ ਨੂੰ 110/- ਰੁਪਏ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫਾ ਮਿਲਦਾ ਹੈ ;
- ਸਾਲ ਵਿੱਚ ਇੱਕ ਵਾਰ 750/- ਰੁਪਏ ਪ੍ਰਤੀ ਵਿਦਿਆਰਥੀ ਐਡਹਾਕ ਗ੍ਰਾਂਟ ਦਿੱਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ2014-15 ਤੱਕ 1.01 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 5,555 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ➢ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਯ'ਗਤਾ ਵਧਾਉਣ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- ਸਕੀਮ ਅਧੀਨ 9ਵੀਂ ਤੋਂ 12ਵੀਂ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਵਿਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ਿਆਂ ਦੇ ਮਾਹਿਰਾਂ ਦੁਆਰਾ ਸਪੈਸ਼ਲ ਕੋਚਿੰਗ ਦਿਵਾਈ ਜਾਂਦੀ ਹੈ;
- ਸਕੀਮ ਦਾ ਮੰਤਵ ਵਿਦਿਆਰਥੀਆਂ ਦੀ ਵਿਦਿਅਕ ਕਮਜ਼ੋਰੀ ਨੂੰ ਦੂਰ ਕਰਕੇ ਪ੍ਰੋਫੈਸ਼ਨਲ ਕੋਰਸਾਂ ਅਤੇ ਉਚੇਰੀ ਸਿੱਖਿਆ ਵਿੱਚ ਦਾਖਲੇ ਲਈ ਤਿਆਰ ਕਰਨਾ ਹੈ;
- ਅਨੁਸੂਚਿਤ ਜਾਤੀਆਂ ਦੀ ਘੱਟ ਪੜ੍ਹੀ-ਲਿਖੀ ਅਬਾਦੀ ਵਾਲੇ ਇਲਾਕੇ ਨੂੰ ਤਰਜੀਹ ਦਿੱਤੀ ਜਾਣੀ ਹੈ;
- ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਰਿਹਾਇਸ਼ ਅਤੇ ਖੁਰਾਕ ਵਾਸਤੇ 900/- ਰੁਪਏ ਮਿਲਦੇ ਹਨ;
- 300/- ਰੁਪਏ ਪ੍ਰਤੀ ਵਿਦਿਆਰਥੀ, ਪ੍ਰਤਿ ਮਹੀਨਾ ਪਾਕੇਟ ਮਨੀ ਮਿਲਦੀ ਹੈ;
- ਵਿਸ਼ਾ ਮਾਹਿਰਾਂ ਅਤੇ ਪ੍ਰਿੰਸੀਪਲ ਨੂੰ ਕੁੱਲ 10,000/- ਰੁਪਏ ਪ੍ਰਤੀ ਮਹੀਨਾਂ ਮਾਣ-ਭੱਤਾ ਦੇਣ ਦਾ ਪ੍ਰਬੰਧ ਹੈ।
- ਸਕੀਮ ਤਹਿਤ ਸਾਲ 2014-15 ਦੌਰਾਨ 150 ਵਿਦਿਆਰਥੀਆਂ ਨੂੰ ਲਾਭ ਦੇਣ ਦਾ ਟੀਚਾ ਹੈ।

## ➢ ਬਾਬੂ ਜਗਜੀਵਨ ਰਾਮ ਹ'ਸਟਲ ਯੋਜਨਾ

- ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਜਾਂ ਯੂਨੀਵਰਸਿਟੀ ਵਿੱਚ ਅਨੁਸੂਚਿਤ ਜਾਤੀਆਂ ਦੇ ਪੜ੍ਹ ਰਹੇ ਲੜਕੇ ਅਤੇ ਲੜਕੀਆਂ ਨੂੰ ਰਿਹਾਇਸ਼ ਦੀ ਸੁਵਿਧਾ ਉਪਲੱਬਧ ਕਰਵਾਉਣ ਲਈ ਲੋੜਵੰਦ ਯੋਗ ਸੰਸਥਾ ਨੂੰ ਹੋਸਟਲ ਇਮਾਰਤ ਉਸਾਰਨ ਜਾਂ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;
- ਸਰਕਾਰੀ ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਨੂੰ ਨਵੀਂ ਹੋਸਟਲ ਇਮਾਰਤ ਉਸਾਰਨ ਜਾਂ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾਂ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;
- ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਨੂੰ ਕੇਵਲ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਕੁਲ ਅਨੁਮਾਨ ਦਾ 90% ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ 10% ਸਬੰਧਤ ਸੰਸਥਾ ਵੱਲੋਂ ਦਿਤਾ ਜਾਂਦਾ ਹੈ;
- ਉਸਾਰੀ ਜਾਣ ਵਾਲੀ ਇਮਾਰਤ ਵਿੱਚ ਘੱਟੋ-ਘੱਟ 100 ਵਿਦਿਆਰਥੀਆਂ ਦੀ ਰਿਹਾਇਸ਼ ਦੀ ਵਿਵਸਥਾ ਹੋਵੇ;
- ਉਸਾਰੀ ਜਾਣ ਵਾਲੀ ਇਮਾਰਤ ਦਾ ਨਕਸ਼ਾ ਅਤੇ ਅਨੁਮਾਨ ਕਿਸੇ ਮਾਨਤਾ ਪ੍ਰਪਾਤ ਆਰਕੀਟੈਕਟ ਵੱਲੋਂ ਤਿਆਰ ਕੀਤਾ ਹੋਵੇ ਅਤੇ ਲੋਕ ਨਿਰਮਾਣ ਵਿਭਾਂਗ ਵੱਲੋਂ ਪ੍ਰਵਾਨਤ ਹੋਵੇ;
- ਸਕੀਮ ਤਹਿਤ ਸਾਲ 2014-15 ਦੌਰਾਨ 21.13 ਕਰੋੜ ਰੁਪਏ ਦੀ ਰਾਸ਼ੀ ਨਾਲ 8 ਵਿਦਿਅਕ ਸੰਸਥਾਵਾਂ ਦੇ ਹੋਸਟਲ ਉਸਾਰਨ ਦਾ ਵਾਧਾ ਕਰਨ ਦਾ ਟੀਚਾ ਹੈ।

- **ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ-1955 ਛੂਤਛਾਤ ਦੂਰ ਕਰਨ ਅਤੇ ਅੱਤਿਆਚਾਰ ਰੋਕਥਾਮ ਐਕਟ1989 ਤਹਿਤ ਅੱਤਿਆਚਾਰਾਂ ਤੋਂ ਪੀੜਤਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਕੀਮ**

ਛੂਤ-ਛਾਤ ਦੂਰ ਕਰਨ ਦੀ ਸਕੀਮ

- ਅੰਤਰ-ਜਾਤੀ ਵਿਆਹ ਕਰਾਉਣ ਵਾਲੇ ਜੋੜੇ (ਜਿਸ ਵਿਚ ਇੱਕ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ) ਨੂੰ ਉਤਸ਼ਾਹਿਤ ਕਰਨ ਲਈ 50,000/- ਰੁਪਏ ਦਿੱਤੇ ਜਾਂਦੇ ਹਨ;
- ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਕੰਮ ਕਰ ਰਹੀਆਂ ਪੰਚਾਇਤਾਂ ਨੂੰ 25000/- ਰੁਪਏ ਪ੍ਰਤੀ ਪੰਚਾਇਤ ਵਿੱਤੀ ਸਹਾਇਤਾ ਵਜੋਂ ਦਿੱਤੇ ਜਾਂਦੇ ਹਨ;
- ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ-1955 ਦੇ ਬਾਰੇ ਆਮ ਜਨਤਾ ਨੂੰ ਜਾਣੂ ਕਰਵਾਉਣ ਲਈ ਬਲਾਕ ਪੱਧਰ ਤੇ ਸੈਮੀਨਾਰ, ਗੋਸ਼ਟੀਆਂ ਅਤੇ ਸਮੂਹ ਪ੍ਰੋਗਰਾਮ ਆਯੋਜਿਤ ਕਰਵਾਏ ਜਾਂਣੇ ਹਨ;
- ਸਕੀਮ ਤਹਿਤ 10.56 ਕਰੋੜ ਰੁਪਏ ਸਾਲ 2014-15 ਦੌਰਾਨ ਖਰਚ ਕਰਨ ਦਾ ਟੀਚਾ ਹੈ।

- **ਅੱਤਿਆਚਾਰ ਰੋਕਥਾਮ ਐਕਟ-1989**

- ਅਨੁਸੂਚਿਤ ਜਾਤੀਆਂ ਤੇ ਅੱਤਿਆਚਾਰ ਕਰਨ ਵਾਲੇ ਵਿਅਕਤੀਆਂ ਨੂੰ ਐਕਟ ਦੀਆਂ ਧਾਰਾਵਾਂ ਅਧੀਨ ਸਜ਼ਾ ਅਤੇ ਜੁਰਮਾਨਾ ਕਰਨ ਦਾ ਪ੍ਰਬੰਧ ਹੈ;
- ਅਨੁਸੂਚਿਤ ਜਾਤੀ ਦੇ ਮੈਂਬਰ ਨੂੰ ਨਾ ਖਾਣਯੋਗ ਜਾਂ ਘਿਰਣਾਂ ਯੋਗ ਪਦਾਰਥ ਖਾਣ ਜਾਂ ਅਜਿਹਾ ਕੰਮ ਕਰਨ ਲਈ ਮਜ਼ਬੂਰ ਕਰਨ, ਬਲ੍ਹਪੂਰਵਕ ਉਸ ਦੇ ਘਰ, ਜ਼ਮੀਨ ਤੋਂ ਬੇ-ਦਖਲ ਕਰਨ, ਵੋਟ ਪਾਉਣ ਤੋਂ ਰੋਕਣ, ਝੂਠੀ ਗਵਾਹੀ ਪਵਾਉਣ ਜਾਂ ਜਾਨੀ ਨੁਕਸਾਨ ਪਹੁੰਚਾਉਣ ਵਾਲੇ ਅਜਿਹੇ ਵਿਅਕਤੀਆਂ ਨੂੰ ਐਕਟ ਤਹਿਤ ਸਜ਼ਾ ਸਮੇਤ ਜ਼ੁਰਮਾਨਾ ਕਰਨ ਦੀ ਵਿਵਸਥਾ ਹੈ;
- ਐਕਟ ਦੇ ਉਪਬੰਧਾਂ ਅਨੁਸਾਰ ਮੋਨੀਟਰਿੰਗ ਕਰਨ ਲਈ ਰਾਜ ਪੱਧਰੀ ਹਾਈ ਪਾਵਰਡ ਵਿਜ਼ੀਲੈਂਸ ਅਤੇ ਮੋਨੀਟਰਿੰਗ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਵਿਜ਼ੀਲੈਂਸ ਅਤੇ ਮੋਨੀਟਰਿੰਗ ਕਮੇਟੀ ਦਾ ਗਠਨ ਕੀਤਾ ਹੋਇਆ ਹੈ;
- ਪੀੜਤ ਵਿਅਕਤੀ ਨੂੰ ਬਣਦਾ ਮੁਆਵਜ਼ਾ ਦੇਣ ਦੀ ਵਿਵਸਥਾ ਹੈ।

- **ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਕੀਮਾਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ੍ਮੈਟ੍ਰਿਕ ਸਕਾਲਰਸ਼ਿਪ ਸਕੀਮ**

- ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- ਪੀ.ਐਚ.ਡੀ. ਜਾਂ ਮੈਡੀਕਲ/ਇੰਜਨੀਅਰਿੰਗ ਦੀ ਪੜ੍ਹਾਈ ਕਰਦਾ ਹੋਵੇ;
- ਪਰਵਾਰ ਦੀ ਸਲਾਨਾ ਆਮਦਨ 1.00 ਲੱਖ ਤੋਂ ਵੱਧ ਨਾ ਹੋਵੇ;
- ਨਾਨ ਰਿਫੰਡੇਬਲ ਕੰਪਲਸਰੀ ਫੀਸਾਂ (Non-Refundable Compulsory Fees) ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ। ਕੋਰਸ ਦੇ ਗਰੁੱਪ ਮੁਤਾਬਿਕ ਹੋਸਟਲਰ ਨੂੰ 260/- ਤੋਂ 750/- ਰੁਪਏ ਡੇ-ਸਕਾਲਰ ਨੂੰ 160/- ਤੋਂ 350/- ਰੁਪਏ ਤੱਕ, ਪ੍ਰਤੀ ਮਹੀਨਾ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ।
- ਸਕੀਮ ਅਧੀਨ ਯੋਗ ਸਿਖਿਆਰਥੀਆਂ ਨੂੰ ਕਮਰਸ਼ੀਅਲ ਪਾਇਲਟ ਲਾਇਸੰਸ ਟ੍ਰੇਨਿੰਗ ਦਿਵਾਉਣ ਦਾ ਵੀ ਪ੍ਰਬੰਧ ਹੈ;
- ਸਕੀਮ ਅਧੀਨ ਸਾਲ 2014-15 ਦੌਰਾਨ 201.63 ਕਰੋੜ ਰੁਪਏ ਦੀ ਰਾਸ਼ੀ ਨਾਲ 1,40,615 ਵਿਦਿਆਰਥੀ ਕਵਰ ਕਰਨ ਦਾ ਟੀਚਾ ਹੈ।

## ਘੱਟ ਗਿਣਤੀ ਵਰਗ ਦੀ ਭਲਾਈ ਲਈ ਸਕੀਮਾਂ

- **ਭਾਰਤ ਸਰਕਾਰ ਵੱਲੋਂ ਸਿੱਖ, ਮੁਸਲਮਾਨ, ਇਸਾਈ, ਬੋਧੀ, ਪਾਰਸੀ ਅਤੇ ਜੈਨ ਘੱਟ ਗਿਣਤੀ ਵਰਗ ਘੋਸ਼ਿਤ ਕੀਤੇ ਗਏ ਹਨ। ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ**

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- 30% ਵਜ਼ੀਫੇ ਲੜਕਿਆਂ ਲਈ ਰਾਖਵੇਂ ਹਨ;
- ਵਿਦਿਆਰਥੀ ਦੇ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50 ਫੀਸਦੀ ਤੋਂ ਘੱਟ ਅੰਕ ਨਾ ਹੋਣ;
- ਪਰਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ;
- ਵਜ਼ੀਫੇ ਦੀ ਸਾਲਾਨਾ ਦਰ 1000/- ਤੋਂ 10700/- ਰੁਪਏ ਤੱਕ ਹੈ। ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਤੇ ਗੁਜ਼ਾਰਾ ਭੱਤਾ ਸ਼ਾਮਲ ਹਨ।

- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 163.16 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 6,19,765 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੌਰਾਨ 141.38 ਕਰੋੜ ਰੁਪਏ ਖਰਚ ਕੇ 5,29,166 ਵਿਦਿਆਰਥੀਆਂ ਨੂੰ ਲਾਭ ਦੇਣ ਦਾ ਟੀਚਾ ਹੈ।

### ➢ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ;
- ਪਰਵਾਰ ਦੀ ਸਲਾਨਾ ਆਮਦਨ 2.00 ਲੱਖ ਤੋਂ ਵੱਧ ਨਾ ਹੋਵੇ;
- 30% ਵਿਦਿਆਰਥੀ ਦੇ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ:
- ਪਰਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ:
- ਵਜ਼ੀਫੇ ਦੀ ਦਰ 5500/- ਤੋਂ 13800/- ਰੁਪਏ ਸਾਲਾਨਾ ਤੱਕ ਹੈ। ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਅਤੇ ਗੁਜ਼ਾਰਾ ਭੱਤਾ ਸ਼ਾਮਲ ਹਨ।
- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 84.93 ਕਰੌੜ ਰੁਪਏ ਦੀ ਰਾਸ਼ੀ ਖਰਚ ਕੇ 1,30,981 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੌਰਾਨ 53.45 ਕਰੋੜ ਰੁਪਏ ਖਰਚ ਕਰਕੇ 94,995 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

### ➢ ਪੰਜਾਬ ਅਨੁਸੂਚਿਤ ਜਾਤੀਆਂ, ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਾਲ 1970 ਵਿੱਚ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਸੀ। ਗਰੀਬੀ ਦੀ ਰੇਖਾ ਤੋਂ ਹੇਠਾਂ ਦਾ ਜੀਵਨ ਬਤੀਤ ਕਰ ਰਹੇ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਬੈਂਕ ਟਾਈਅੱਪ ਸਕੀਮ ਅਧੀਨ ਸਵੈ-ਰੁਜ਼ਗਾਰ ਕੰਮਾਂ ਲਈ ਕਰਜ਼ਾ ਪ੍ਰਾਪਤ ਕਰ ਸਕਦੇ ਹਨ, ਜਿਸ ਵਿੱਚੋਂ ਕਰਜ਼ੇ ਦਾ 50% ਜਾਂ 10,000/- ਰੁਪਏ , ਜੋ ਵੀ ਘੱਟ ਹੋਵੇ, ਦੀ ਸਬ੍ਸਿਡੀ ਦਿੱਤੀ ਜਾਂਦੀ ਹੈ। ਡਾਇਰੈਕਟ ਲੈਂਡਿੰਗ ਸਕੀਮ ਅਧੀਨ ਕਾਰਪੋਰੇਸ਼ਨ ਵਲੋਂ 0-8% ਵਿਆਜ਼ ਦੀ ਦਰ ਨਾਲ 5 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾਂਦਾ ਹੈ ਤੇ ਜ਼ਮੀਨ ਖਰੀਦਣ ਲਈ 20 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾ ਸਕਦਾ ਹੈ। ਬ੍ਰੇਰੋਜ਼ਗਾਰ ਨੌਜਵਾਨਾਂ ਵਾਸਤੇ ਆਮਦਨ ਦੀ ਕੋਈ ਸੀਮਾ ਨਿਸ਼ਚਿਤ ਨਹੀਂ, ਬਾਕੀ ਲਈ ਆਮਦਨ ਹੱਦ 1.00 ਲੱਖ ਰੁਪਏ ਸਲਾਨਾ ਹੈ। ਇਸ ਤੋਂ ਇਲਾਵਾ ਨੈਸ਼ਨਲ ਪੱਧਰ ਦੀਆਂ ਹੇਠ ਲਿਖੀਆਂ ਤਿੰਨ ਕਾਰਪੋਰੇਸ਼ਨਜ ਦੀਆਂ ਸਕੀਮਾਂ ਲਾਗੂ ਕਰਨ ਲਈ ਇਸ ਕਾਰਪੋਰੇਸ਼ਨ ਨੂੰ ਨੌਡਲ ਏਜੰਸੀ ਨਾਮਜਦ ਕੀਤਾ ਹੋਇਆ ਹੈ।

1) ਐਨ.ਐਸ.ਐਫ.ਡੀ.ਸੀ ਦੀ ਸਹਾਇਤ ਨਾਲ ਸਮਾਲ ਸਕੇਲ ਇੰਡਸਟਰੀ, ਛੋਟੇ ਬਿਜ਼ਨੈਸ, ਖੇਤੀਬਾੜੀ, ਛੋਟੇ ਮੋਟੇ ਕੰਮ ਸ਼ੁਰੂ ਕਰਨ ਅਤੇ ਪੜ੍ਹਾਈ ਆਦਿ ਲਈ ਕਰਜ਼ਾ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਦੀ ਆਮਦਨ ਸੀਮਾ ਤੋਂ ਦੁੱਗਣੀ ਆਮਦਨ ਵਾਲੇ ਵਿਅਕਤੀ ਨੂੰ 30 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਲਾਭਪਾਤਰੀਆਂ ਨੂੰ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ 5 ਲੱਖ ਤੱਕ ਦਾ 6% ਅਤੇ ਇਸ ਤੋਂ ਵੱਧ ਕਰਜ਼ਾ 10% ਤੱਕ ਸਲਾਨਾ ਵਿਆਜ਼ ਦਰ ਤੇ ਦਿੱਤਾ ਜਾਂਦਾ ਹੈ।
2) ਐਨ.ਐਸ.ਕੇ.ਐਫ.ਡੀ.ਸੀ. ਰਾਹੀਂ ਅਨੁਸੂਚਿਤ ਜਾਤੀਆਂ ਦੇ ਵਿਅਕੀਤਆਂ ਨੂੰ ਡੇਅਰੀ ਫਾਰਮਿੰਗ, ਖਾਣ ਪੀਣ ਤੇ ਸਬਜ਼ੀ ਦੀ ਰੇਹੜ੍ਹੀ, ਆਟੋ-ਮੋਬਾਇਲ ਦੀ ਮੁਰੰਮਤ ਦੀ ਦੁਕਾਨ ਅਤੇ ਸਾਈਕਲ ਮੁਰੰਮਤ ਆਦਿ ਲਈ 6% ਵਿਆਜ਼ ਦਰ ਨਾਲ ਕਰਜ਼ੇ ਦਿੱਤੇ ਜਾਂਦੇ ਹਨ। ਬੀ.ਪੀ.ਐਲ. ਲਾਭਪਾਤਰੀਆਂ ਨੂੰ ਕਰਜ਼ੇ ਦਾ 50- ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬ੍ ਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਕਰਜ਼ਾ ਪ੍ਰਾਪਤ ਕਰਨ ਲਈ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ।
3) ਨੈਸ਼ਨਲ ਹੈਂਡੀਕਰਾਫਟ ਫਿਨਾਂਸ ਡਿਵੈਲਪਮੈਂਟ ਕਾਰਪੋਰੇਸ਼ਨ ਦੀਆਂ ਸਕੀਮਾਂ ਅਧੀਨ 40% ਜਾਂ ਇਸ ਤੋਂ ਵੱਧ ਅੰਗਹੀਣ ਵਿਅਕਤੀਆਂ ਨੂੰ ਜਨਰਲ ਪ੍ਰੋਵੀਜ਼ਨਲ ਸਟੋਰ, ਜੁੱਤੀਆਂ ਦੀ ਦੁਕਾਨ, ਰੈਡੀਮੇਟ ਗਾਰਮੈਂਟਸ ਅਤੇ ਸਟੇਸ਼ਨਰੀ ਆਦਿ ਲਈ ਕਰਜ਼ੇ ਦਿੱਤੇ ਜਾਂਦੇ ਹਨ। ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਪਰ 90% ਲਾਭਪਾਤਰੀ 5 ਲੱਖ ਤੋਂ ਘੱਟ ਸਲਾਨਾ ਆਮਦਨ ਵਾਲੇ ਹੋਣੇ ਚਾਹੀਦੇ ਹਨ। 5 ਲੱਖ ਰੁਪਏ ਤੱਕ ਕਰਜ਼ੇ ਤੇ ਸਲਾਨਾ ਵਿਆਜ ਦਰ 6% ਅਤੇ ਇਸ ਤੋਂ ਵੱਧ 8% ਹੈ।

   ਸਕੀਮਾਂ ਤਹਿਤ ਸਾਲ 2012-13 ਤੋਂ 2014-15 ਤੱਕ 11.08 ਰੁਪਏ ਦੀ ਰਾਸ਼ੀ ਖਰਚ ਕੇ 1006 ਲਾਭਪਾਤਰੀ ਕਵਰ ਕੀਤੇ ਗਏ।

## ➢ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬੀ ਸਟੈਨੋਗ੍ਰਾਫੀ ਦੀ ਸਿਖਲਾਈ ਦੇਣ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ, ਗ੍ਰੈਜੂਏਟੇ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ,
- ਦਸਵੀਂ ਕਲਾਸ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਵੇ,
- ਭਾਸ਼ਾ ਵਿਭਾਗ ਰਾਹੀਂ ਪੰਜਾਬੀ ਸਟੈਨੋਗ੍ਰਾਫੀ ਦੀ ਮੁਫਤ ਟ੍ਰੇਨਿੰਗ ਦਿਵਾਈ ਜਾਂਦੀ ਹੈ ਅਤੇ 250/- ਰੁਪਏ, ਪ੍ਰਤੀ ਮਹੀਨਾ, ਵਜ਼ੀਫਾ ਦਿੱਤਾ ਜਾਂਦਾ ਹੈ,
- ਭਲਾਈ ਵਿਭਾਗ ਦੀ ਸਿਖਲਾਈ ਲਈ ਸਬ-ਸੰਸਥਾ ਦੀ ਸਥਾਪਨਾ ਸਟੈਨੋਗ੍ਰਾਫੀ ਸਿਖਲਾਈ ਸੰਸਥਾ ਵਿੱਚ ਸਕੀਮ ਅਧੀਨ ਅਨੁਸੂਚਿਤ ਜਾਤੀ ਵਰਗ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰ ਨਾਲ ਸਬੰਧਤ ਉਮੀਦਵਾਰ ਨੂੰ ਜ਼ਿਲ੍ਹਾ ਭਲਾਈ ਅਫਸਰ ਦੇ ਦਫਤਰ ਅੰਮ੍ਰਿਤਸਰ, ਫਿਰੋਜ਼ਪੁਰ, ਪਟਿਆਲਾ ਅਤੇ ਡਾ: ਅੰਬੇਦਕਰ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼, ਮੁਹਾਲੀ ਵਿਖੇ ਪੰਜਾਬੀ ਅਤੇ ਅੰਗ੍ਰੇਜ਼ੀ ਸਟੈਨੋਗ੍ਰਾਫੀ ਦੀ ਟ੍ਰੇਨਿੰਗ ਦਿਵਾਈ ਜਾਂਦੀ ਹੈ,
- ਟ੍ਰੇਨਿੰਗ ਦੌਰਾਨ 750/- ਰੁਪਏ, ਪ੍ਰਤੀ ਮਹੀਨਾ, ਸਟੇਸ਼ਨਰੀ ਆਦਿ ਲਈ ਵਜ਼ੀਫਾ ਦਿੱਤਾ ਜਾਂਦਾ ਹੈ,
- ਸਾਲ 2012-13 ਤੋਂ 2014-15 ਤੱਕ 1.48 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 446 ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬੀ ਸਟੈਨੋਗ੍ਰਾਫੀ ਦੀ ਸਿਖਲਾਈ ਦਿਵਾਈ ਗਈ।

## ➢ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੁਵਕਾਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੋਕੇਸ਼ਨਲ ਟ੍ਰੇਨਿੰਗ ਦੇਣ ਦੀ ਸਕੀਮ

- ਸਿਖਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ,
- ਸਿਖਿਆਰਥੀ ਗਰੀਬ ਪਰਵਾਰ ਨਾਲ ਸਬੰਧਤ ਅਤੇ ਬੇਰੁਜ਼ਗਾਰ ਹੋਵੇ,
- ਸਿਖਿਆਰਥੀ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿੱਚ ਐਸ.ਸੀ.ਵੀ.ਟੀ. ਅਧੀਨ ਪ੍ਰਵਾਨਤ ਟਰੇਡਾਂ ਵਿੱਚ ਟ੍ਰੇਨਿੰਗ ਦਿਵਾ ਕੇ ਸਵੈ-ਰੁਜ਼ਗਾਰ ਸ਼ੁਰੂ ਕਰਨ ਜਾਂ ਨੌਕਰੀ ਪ੍ਰਾਪਤ ਕਰਨ ਲਈ ਹੁਨਰਮੰਦ ਬਣਾਇਆ ਜਾਂਦਾ ਹੈ,
- ਮੁਫਤ ਟ੍ਰੇਨਿੰਗ ਦੇ ਨਾਲ ਨਾਲ 750/- ਰੁਪਏ, ਪ੍ਰਤੀ ਮਹੀਨਾ, ਵਜ਼ੀਫਾ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 7.36 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 3,798 ਯੁਵਕਾਂ ਨੂੰ ਟਰੇਨਿੰਗ ਦਿਵਾਈ ਗਈ।

## ➢ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ_ਮੈਟ੍ਰਿਕ ਸਕਾਲਰਪਸ਼ਿਪ ਸਕੀਮ

- ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ,
- ਪਰਵਾਰ ਦੀ ਸਲਾਨਾ ਆਮਦਨ 44,500/- ਰੁਪਏ ਤੋਂ ਵੱਧ ਨਾ ਹੋਵੇ,
- ਵਿਦਿਆਰਥੀ ਕਿਸੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ,
- ਪਹਿਲੀ ਤੋਂ ਪੰਜਵੀਂ ਜਮਾਤ ਤੱਕ 25/- ਰੁਪਏ, ਛੇਵੀਂ ਤੋਂ ਅੱਠਵੀਂ ਜਮਾਤ ਤੱਕ 40/- ਰੁਪਏ ਅਤੇ ਨੌਵੀਂ ਤੋਂ ਦਸਵੀਂ ਜਮਾਤ ਤੱਕ 50/- ਰੁਪਏ, ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫਾ ਮਿਲਦਾ ਹੈ,
- ਸਾਲ ਵਿੱਚ ਇੱਕ ਵਾਰ 500/- ਰੁਪਏ, ਪ੍ਰਤੀ ਵਿਦਿਆਰਥੀ, ਐਡਹਾਕ ਗ੍ਰਾਂਟ ਦਿੱਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 4.28 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 77,284 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ➢ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਵਾਰਾਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਦੇਣ ਦੀ ਸਕੀਮ

- ਵਿਦਿਆਰਥਣ ਪੱਛੜੀਆਂ ਸ਼੍ਰੇਣੀਆਂ ਜਾਂ ਆਰਥਿਕ ਤੌਰ ਤੇ ਕਮਜ਼ੋਰ ਪਰਵਾਰ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਦੀ ਪੱਕੀ ਵਸਨੀਕ ਹੋਵੇ,
- ਵਿਦਿਆਰਥਣ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ ꠸100 ਲੱਖ ਰੁਪਏ ਤੋਂ ਵੱਧ ਨਾ ਹੋਵੇ,
- ਵਿਦਿਆਰਥਣ ਦੀ ਹਾਜ਼ਰੀ ਘੱਟੋ ਘੱਟ 75 ਫੀਸਦੀ ਹੋਵੇ,
- ਯੋਗ ਵਿਦਿਆਰਥਣ ਨੂੰ 50/- ਰੁਪਏ ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਹਾਜ਼ਰੀ ਵਜ਼ੀਫਾ ਦਿੱਤਾ ਜਾਵੇਗਾ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ ꠸387 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 86,252 ਲੜਕੀਆਂ ਨੂੰ ਕਵਰ ਕੀਤਾ ਗਿਆ।

**ਘੱਟ ਗਿਣਤੀ ਵਰਗ ਦੀ ਭਲਾਈ ਲਈ ਸਕੀਮਾਂ: ਭਾਰਤ ਸਰਕਾਰ ਵੱਲੋਂ ਸਿੱਖ, ਮੁਸਲਮਾਨ, ਈਸਾਈ, ਬੋਧੀ, ਪਾਰਸੀ ਅਤੇ ਜੈਨ ਘੱਟ ਗਿਣਤੀ ਵਰਗ ਘੋਸ਼ਿਤ ਕੀਤੇ ਗਏ ਹਨ।**

➢ **ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮ**

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ,
- ਪਰਵਾਰ ਦੀ ਸਲਾਨਾ ਆਮਦਨ 1.00 ਲੱਖ ਤੋਂ ਵੱਧ ਨਾ ਹੋਵੇ,
- 30- ਵਜ਼ੀਫੇ ਲੜਕੀਆਂ ਲਈ ਰਾਖਵੇਂ ਹਨ,
- ਵਿਦਿਆਰਥੀ ਦੇ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50 ਫੀਸਦੀ ਤੋਂ ਘੱਟ ਅੰਕ ਨਾ ਹੋਣ,
- ਪਰਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ,
- ਵਜ਼ੀਫੇ ਦੀ ਸਾਲਾਨਾ ਦਰ 1000/- ਤੋਂ 10700/- ਰੁਪਏ ਤੱਕ ਹੈ ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਤੇ ਗੁਜ਼ਾਰਾ ਭੱਤਾ ਸਾਮਲ ਹਨ।
- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 163.16 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 6,19,765 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੋਰਾਨ 141.38 ਕਰੋੜ ਰੁਪਏ ਖਰਚ ਕਰਕੇ 5,29,166 ਵਿਦਿਆਰਥੀਆਂ ਨੂੰ ਲਾਭ ਦੇਣ ਦਾ ਟੀਚਾ ਹੈ।

➢ **ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਮੈਰਿਟ-ਕਮ-ਮੀਨਜ ਬੇਸਡ ਸਕਾਲਰਸ਼ਿਪ ਸਕੀਮ**

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਦਾ ਪੱਕਾ ਵਸਨੀਕ ਹੋਵੇ,
- ਪਰਵਾਰ ਦੀ ਸਲਾਨਾ ਆਮਦਨ 2.50 ਲੱਖ ਤੋਂ ਵੱਧ ਨਾ ਹੋਵੇ, ਵਿਦਿਆਰਥੀ ਦੀ ਪਿਛਲੀ ਪਾਸ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ,
- ਵਜ਼ੀਫਾ ਪਰਵਾਰ ਦੇ ਦੋ ਵਿਦਿਆਰਥੀਆਂ ਤੱਕ ਦਿੱਤਾ ਜਾਂਦਾ ਹੈ,
- ਵਜ਼ੀਫੇ ਦੀ ਸਾਲਾਨਾ ਦਰ 25000/- ਤੋਂ 30,000/- ਰੁਪਏ ਤੱਕ ਹੈ। ਜਿਹੜਾ ਵਿਦਿਆਰਥੀ ਨੈਸ਼ਨਲ ਲੈਵਲ ਸੰਸਥਾਵਾਂ (National level institutions such as IITs, IIMs, AIMS, PGI etc) ਵਿੱਚ ਪੜਦਾ ਹੈ, ਉਸਨੂੰ ਕੋਰਸ ਦੀ ਪੂਰੀ ਫੀਸ ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 36.82 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 16,090 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੋਰਾਨ 21.52 ਕਰੋੜ ਰੁਪਏ ਖਰਚ ਕਰਕੇ 7,168 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

**ਅੰਬੇਦਕਰ ਇੰਸਟੀਚਿਊਟ ਆਫ ਕਰੀਅਰ ਐਂਡ ਕੋਰਸਿਜ, ਐਸ੍ਰਏਐਸ੍ਰ ਨਗਰ (ਮੋਹਾਲੀ)**

ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ, ਰਾਜ ਸਰਕਾਰ, ਜਨਤਕ ਖੇਤਰ ਅਦਾਰਿਆ ਅਤੇ ਬੈਂਕਾਂ ਆਦਿ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਪ੍ਰਤਿਨਿਧਤਾ ਪੂਰੀ ਕਰਨ ਦੇ ਮਕਸਦ ਨਾਲ ਸਾਲ 1986-87 ਦੌਰਾਨ ਇਸ ਸੰਸਥਾ ਦੀ ਐਸ੍ਰਏਐਸ੍ਰ ਨਗਰ (ਮੋਹਾਲੀ) ਵਿਖੇ ਸਥਾਪਨਾ ਕੀਤੀ ਗਈ ਸੀ। ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜਿਨ੍ਹਾਂ ਦੀ ਪਰਵਾਰਕ ਸਲਾਨਾ ਆਮਦਨ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ, ਨੂੰ ਇਸ ਸੰਸਥਾ ਵਿੱਚ ਆਈ.ਏ.ਐਸ., ਪੀ.ਸੀ.ਐਸ., ਪੀ.ਓ., ਬੈਂਕਿੰਗ ਸਰਵਿਸਜ, ਐਲ.ਆਈ.ਸੀ., ਪੀ.ਐਮ.ਟੀ., ਸੀ.ਈ.ਟੀ., ਸਹਾਇਕ ਗਰੇਡ ਅਤੇ ਗਰੁੱਪ-ਏ ਅਤੇ ਗਰੁੱਪ-ਬੀ ਸੇਵਾਵਾਂ ਸਬੰਧੀ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.), ਰਾਜ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਵਲੋਂ ਲਏ ਜਾਣ ਵਾਲੇ ਇਮਤਿਹਾਨਾਂ ਆਦਿ ਲਈ ਪੂਰਵ-ਇਮਤਿਹਾਨੀ ਕੋਚਿੰਗ ਦਿੱਤੀ ਜਾਂਦੀ ਹੈ। ਇਸ ਸੰਸਥਾ ਵਿੱਚ ਸਿਖਿਆਰਥੀਆਂ ਲਈ ਹੋਸਟਲ ਦੀ ਸੁਵਿਧਾ ਵੀ ਉਪਲਬੱਧ ਹੈ। ਲੋਕਲ ਸਿਖਿਆਰਥੀਆਂ ਨੂੰ 750/- ਰੁਪਏ ਅਤੇ ਬਾਹਰੋਂ ਆਉਣ ਵਾਲੇ ਸਿਖਿਆਰਥੀਆਂ ਨੂੰ 1500/- ਰੁਪਏ, ਪ੍ਰਤੀ ਮਹੀਨਾ, ਵਜ਼ੀਫਾ ਦਿੱਤਾ ਜਾਂਦਾ ਹੈ। ਸਕੀਮ ਦਾ ਦਾਇਰਾ ਵਧਾ ਕੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਿਖਿਆਰਥੀਆਂ ਨੂੰ ਵੀ ਕੋਚਿੰਗ ਦਾ ਲਾਭ ਦਿੱਤਾ ਜਾ ਰਿਹਾ ਹੈ।

ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 2.42 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 482 ਵਿਦਿਆਰਥੀ ਕਵਰ ਕੀਤੇ ਗਏ।

## ➢ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ)

ਪੰਜਾਬ ਸਰਕਾਰ ਨੇ ਬੈਕਫਿੰਕੋ ਦੀ ਸਥਾਪਨਾ 1976 ਵਿੱਚ ਪੱਛੜੀਆਂ ਸ਼੍ਰੇਣੀਆਂ ਨੂੰ ਸਵੈ-ਰੁਜ਼ਗਾਰ ਕੰਮਾਂ ਲਈ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਕੀਤੀ ਸੀ। ਉਸ ਤੋਂ ਬਾਅਦ 1994 ਵਿੱਚ ਪੰਜਾਬ ਸਰਕਾਰ ਨੇ ਬੈਕਫਿੰਕੋ ਨੂੰ ਰਾਸ਼ਟਰੀ ਘੱਟ ਗਿਣਤੀ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਘੱਟ ਗਿਣਤੀ ਵਰਗ ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਨੋਡਲ ਏਜੰਸੀ ਨਾਮਜਦ ਕੀਤਾ ਸੀ।

ਬੈਕਫਿੰਕੋ ਵੱਲੋਂ ਵੱਖ-ਵੱਖ ਸਵੈ ਰੋਜ਼ਗਾਰ ਸਕੀਮਾਂ ਜਿਵੇਂ ਕਿ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਕਾਰਪੈਂਟਰੀ, ਫਰਨੀਚਰ ਦੀ ਦੁਕਾਨ, ਜਨਰਲ ਸਟੋਰ, ਇੰਟਰਨੈੱਟ/ਸਾਇਬਰ ਕੈਫੇ, ਛੋਟੇ ਉਦਯੋਗ ਅਤੇ ਸਰਵਿਸ ਸੈਕਟਰ ਆਦਿ ਨਾਲ ਸਬੰਧਤ ਸਕੀਮਾਂ ਲਈ 6% ਸਲਾਨਾ ਵਿਆਜ਼ ਦੀ ਦਰ ਤੇ ਕਰਜ਼ਾ ਦਿੱਤਾ ਜਾਂਦਾ ਹੈ ਅਤੇ ਇਹ ਕਰਜ਼ਾ 5 ਸਾਲਾਂ ਵਿੱਚ ਅਸਾਨ ਕਿਸ਼ਤਾਂ ਰਾਹੀਂ ਵਸੂਲਿਆ ਜਾਂਦਾ ਹੈ। ਇਸ ਤੋਂ ਇਲਾਵਾ ਕਾਰਪੋਰੇਸ਼ਨ ਐਜੂਕੇਸ਼ਨ ਕਰਜ਼ਾ ਸਕੀਮ (Education Loan Scheme) ਅਧੀਨ 3 ਫੀਸਦੀ ਸਲਾਨਾ ਵਿਆਜ ਦਰ ਤੇ ਕਰਜ਼ਾ ਦਿੰਦੀ ਹੈ। Skill DEvelopment ਪ੍ਰੋਗਰਾਮ ਅਧੀਨ ਵੱਖ-ਵੱਖ ਕਿੱਤਿਆਂ ਲਈ ਟ੍ਰੇਨਿੰਗ ਵੀ ਦਿਵਾਈ ਜਾਂਦੀ ਹੈ।

ਸਕੀਮਾਂ ਤਹਿਤ ਸਾਲ 2012-13 ਤੋਂ 2014-15 ਤੱਕ 35.37 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 3,295 ਲਾਭਪਾਤਰੀਆਂ ਨੂੰ ਕਰਜ਼ੇ ਦਿੱਤੇ ਗਏ।

### ਜ਼ਿਲਾ ਭਲਾਈ ਅਫਸਰਾਂ ਦੇ ਦਫਤਰਾਂ ਦਾ ਪਤਾ

| ਲੜੀ ਨੰ: | ਜ਼ਿਲ੍ਹਾ ਅਧਿਕਾਰੀ ਦਾ ਵੇਰਵਾ | ਦਫਤਰ ਦਾ ਪਤਾ | ਟੈਲੀਫੋਨ ਮੋਬਾਈਲ |
|---|---|---|---|
| 1) | ਜ਼ਿਲਾ ਭਲਾਈ ਅਫਸਰ, ਅੰਮ੍ਰਿਤਸਰ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਪਿੰਗਲਵਾੜਾ, ਤਹਿਸੀਲਪੁਰਾ, ਅੰਮ੍ਰਿਤਸਰ | 2583166 9465100049 |
| 2) | ਜ਼ਿਲਾ ਭਲਾਈ ਅਫਸਰ, ਬਠਿੰਡਾ | ਡਾ: ਬੀ.ਆਰ.ਅੰਬੇਦਕਰ ਭਵਨ, ਪਾਵਰ ਹਾਊਸ ਰੋਡ, ਬਠਿੰਡਾ | 2211915 9478882731 |
| 3) | ਜ਼ਿਲਾ ਭਲਾਈ ਅਫਸਰ, ਬਰਨਾਲਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਕਚਿਹਰੀ ਰੋਡ, ਬਰਨਾਲਾ | 9988223641 |
| 4) | ਜ਼ਿਲਾ ਭਲਾਈ ਅਫਸਰ, ਫਰੀਦਕੋਟ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਮਿੰਨੀ ਸਕੱਤਰੇਤ, ਫਰੀਦਕੋਟ | 250766 9915265710 |
| 5) | ਜ਼ਿਲਾ ਭਲਾਈ ਅਫਸਰ, ਫਤਿਹਗੜ੍ਹ ਸਾਹਿਬ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ ਕੰਪਲੈਕਸ, ਸਾਹਮਣੇ ਸਿਵਲ ਹਸਪਤਾਲ, ਫਤਿਹਗੜ੍ਹ ਸਾਹਿਬ | 232818 9878016152 |
| 6) | ਜ਼ਿਲਾ ਭਲਾਈ ਅਫਸਰ, ਫਾਜ਼ਿਲਕਾ | ਗੰਜੂ ਹਸਤਾ ਰੋਡ, ਨੇੜੇ ਡਾ: ਸਵਿੰਦਰ ਅੱਖਾਂ ਦਾ ਹਸਪਤਾਲ, ਫਾਜ਼ਿਲਕਾ | 9357024753 |
| 7) | ਜ਼ਿਲਾ ਭਲਾਈ ਅਫਸਰ, ਫਿਰੋਜ਼ਪੁਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਮਾਰਕਫੈੱਡ ਦਫਤਰ, ਮਾਨਾਵਾਲਾ ਰੋਡ, ਫਿਰੋਜ਼ਪੁਰ | 220133 9915365757 |
| 8) | ਜ਼ਿਲਾ ਭਲਾਈ ਅਫਸਰ, ਗੁਰਦਾਸਪੁਰ | ਡਾ: ਬੀ.ਆਰ.ਅੰਬੇਦਕਰ ਭਵਨ, ਰੇਲਵੇ ਰੋਡ, ਨਜ਼ਦੀਕ ਪੰਜ ਪੀਰ, ਗੁਰਦਾਸਪੁਰ | 220896 9780600789 |
| 9) | ਜ਼ਿਲਾ ਭਲਾਈ ਅਫਸਰ, ਹੁਸ਼ਿਆਰਪੁਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ ਦਫਤਰ, ਹਸ਼ਿਆਰਪੁਰ | 237579 9417202323 |
| 10) | ਜ਼ਿਲਾ ਭਲਾਈ ਅਫਸਰ, ਜਲੰਧਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ, ਮਾਸਟਰ ਤਾਰਾ ਸਿੰਘ ਨਗਰ, ਲਾਡੋਵਾਲੀ ਰੋਡ, ਜਲੰਧਰ | 2225757 9417202323 |
| 11) | ਜ਼ਿਲਾ ਭਲਾਈ ਅਫਸਰ, ਕਪੂਰਥਲਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਦੇਵੀ ਤਲਾਬ ਮੰਦਰ, ਕਪੂਰਥਲਾ | 232062 9872337870 |

| | | | |
|---|---|---|---|
| 12) | ਜ਼ਿਲਾ ਭਲਾਈ ਅਫਸਰ, ਲੁਧਿਆਣਾ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਡੀ਼ਸੀ਼ ਦਫਤਰ, ਲੁਧਿਆਣਾ | 2422255<br>9815467899 |
| 13) | ਜ਼ਿਲਾ ਭਲਾਈ ਅਫਸਰ, ਮਾਨਸਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਪੀ਼ਸੀ਼ ਕੰਪਲੈਕਸ, ਮਾਨਸਾ | 229090<br>9417312756 |
| 14) | ਜ਼ਿਲਾ ਭਲਾਈ ਅਫਸਰ, ਮੋਗਾ | ਡਾ: ਬੀ.ਆਰ.ਅੰਬੇਦਕਰ ਭਵਨ, ਫਿਰੋਜ਼ਪੁਰ ਰੋਡ, ਮੋਗਾ | 238113<br>8146100994 |
| 15) | ਜ਼ਿਲਾ ਭਲਾਈ ਅਫਸਰ, ਸ਼੍ਰੀ ਮੁਕਤਸਰ ਸਾਹਿਬ | ਡਾ: ਬੀ.ਆਰ.ਅੰਬੇਦਕਰ ਭਵਨ, ਬਠਿੰਡਾ ਰੋਡ, ਸ਼੍ਰੀ ਮੁਕਤਸਰ ਸਾਹਿਬ | 268847<br>9872022617 |
| 16) | ਜ਼ਿਲਾ ਭਲਾਈ ਅਫਸਰ, ਪਟਿਆਲਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਪਾਲਿਟੈਕਨਿਕ ਕਾਲਜ ਫਾਰ ਗਰਲਜ਼, ਪਟਿਆਲਾ | 2370574<br>9463690909 |
| 17) | ਜ਼ਿਲਾ ਭਲਾਈ ਅਫਸਰ, ਪਠਾਨਕੋਟ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਇੰਮਪਰੂਵਮੈਂਟ ਟਰੱਸਟ, ਪਠਾਨਕੋਟ | 9780600789 |
| 18) | ਜ਼ਿਲਾ ਭਲਾਈ ਅਫਸਰ, ਰੂਪਨਗਰ | ਡਾ: ਬੀ.ਆਰ.ਅੰਬੇਦਕਰ ਭਵਨ, ਗਿਆਨੀ ਜ਼ੈਲ ਸਿੰਘ ਨਗਰ, ਰੂਪਨਗਰ | 220519<br>9878016512 |
| 19) | ਜ਼ਿਲਾ ਭਲਾਈ ਅਫਸਰ, ਸੰਗਰੂਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡਾਈਟ, ਪਟਿਆਲਾ ਗੇਟ, ਸੰਗਰੂਰ | 234379<br>9815935099 |
| 20) | ਜ਼ਿਲਾ ਭਲਾਈ ਅਫਸਰ, ਐਸ.ਏ.ਐਸ. ਨਗਰ ਮੋਹਾਲੀ | ਦਫਤਰ, ਜ਼ਿਲ੍ਹਾ ਭਲਾਈ ਅਫਸਰ, ਡੀ਼ਸੀ਼ ਕੰਪਲੈਕਸ, ਦੂਜੀ ਮੰਜ਼ਿਲ, ਫੇਜ਼1, ਐਸ਼ਏ਼ਐਸ਼ ਨਗਰ (ਮੋਹਾਲੀ) | 5044516<br>9988114056 |
| 21) | ਜ਼ਿਲਾ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ | ਡਾ: ਬੀ.ਆਰ.ਅੰਬੇਦਕਰ ਭਵਨ, ਗੁੱਜਰਪੁਰ ਰੋਡ, ਨੇੜੇ ਰੇਲਵੇ ਲਾਈਨ, ਸ਼ਹੀਦ ਭਗਤ ਸਿੰਘ, ਨਗਰ (ਨਵਾਂਸ਼ਹਿਰ) | 8558026963 |
| 22) | ਜ਼ਿਲਾ ਭਲਾਈ ਅਫਸਰ, ਤਰਨਤਾਰਨ | ਦਫਤਰ, ਜ਼ਿਲ੍ਹਾ ਭਲਾਈ ਅਫਸਰ, ਗਲੀ ਵਾਲੀਆ ਵਾਲੀ, ਸਾਹਮਣੇ ਸਿਵਲ ਹਸਪਤਾਲ, ਤਰਨਤਾਰਨ | 9915365757 |

# ਅਧਿਆਇ 3
# ਸਿਹਤ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ

### 1) ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਲੋੜ:

ਰਾਸ਼ਟਰੀ ਪੇਂਡੂ ਸਿਹਰ ਮਿਸ਼ਨ ਦੁਆਰਾ ਵੀ.ਐਚ.ਐਸ.ਐਨ.ਸੀ. ਬਣਾਉਣ ਸਬੰਧੀ ਇੱਕ ਬਹੁਤ ਜ਼ਰੂਰੀ ਕਦਮ ਚੁੱਕਿਆ ਗਿਆ ਹੈ, ਜਿਹੜਾ ਸਾਰੇ ਪੱਧਰਾਂ ਦਾ ਭਾਗ ਲੈਣਾ ਯਕੀਨੀ ਬਣਾਉਂਦਾ ਹੈ। ਇਸ ਵਿੱਚ ਲਾਭਪਾਤਰੀਆਂ ਦੀ ਭਾਗੀਦਾਰੀ ਤੇ ਸਿਹਤ ਗਤੀਵਿਧੀਆਂ ਵਿੱਚ ਮਦਦ ਕਰਨੀ ਅਤੇ ਸਿਹਤ ਪ੍ਰੋਗਰਾਮਾਂ ਲਈ ਕਾਰਵਾਈ 'ਤੇ ਆਧਾਰਿਤ ਯੋਜਨਾਬੰਦੀ ਬਣਾਉਣੀ ਸ਼ਾਮਲ ਹੈ।

### 2) ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੇ ਉਦੇਸ਼:

(1) ਸਮਾਜ ਨੂੰ ਸਿਹਤਮੰਦ ਪ੍ਰੋਗਰਾਮਾਂ ਅਤੇ ਸਰਕਾਰ ਨਾਲ ਸਬੰਧਤ ਗਤੀਵਿਧੀਆਂ ਬਾਰੇ ਜਾਣਕਾਰੀ ਦੇਣੀ।

(2) ਸਮਾਜ ਨੂੰ ਯੋਜਨਾਬੰਦੀ ਅਤੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਅਤੇ ਪਿੰਡਾਂ ਵਿੱਚ ਵਧੀਆ ਸਿਹਤ ਸੰਬੰਧੀ ਕਦਮ ਚੁੱਕਣੇ।

(3) ਸਮਾਜਿਕ ਗਤੀਵਿਧੀਆਂ ਜਿਹੜੀਆਂ ਅੰਦਰੂਨੀ ਜਾਂ ਬਾਹਰੀ ਰੂਪ ਵਿੱਚ ਸਿਹਤ ਆਦਿ 'ਤੇ ਪ੍ਰਭਾਵ ਪਾਉਂਦੀਆਂ ਹਨ, ਉਹਨਾਂ 'ਤੇ ਕਾਰਵਾਈ ਕਰਨੀ।

(4) ਸਮਾਜ ਨੂੰ ਸਿਹਤ ਸਬੰਧੀ ਜ਼ਰੂਰਤਾਂ ਮੁਹੱਈਆ ਕਰਵਾਉਣੀਆਂ, ਤਜਰਬਾ ਅਤੇ ਸਿਹਤ ਸੇਵਾਵਾਂ ਸਬੰਧੀ ਤੱਤ, ਜਿਹੜੇ ਲੋਕਲ ਸਰਕਾਰ ਆਦਿ ਦੁਆਰਾ ਮੁਹੱਈਆ ਕਰਵਾਏ ਜਾਂਦੇ ਹਨ।

(5) ਪੰਚਾਇਤਾਂ ਦਾ ਆਪਸ ਵਿੱਚ ਤਾਲਮੇਲ ਅਤੇ ਉਹਨਾਂ ਨੂੰ ਚਾਹੀਦਾ ਹੈ ਕਿ ਸਮਾਜ ਨੂੰ ਲੀਡਰਸ਼ਿਪ ਮੁਹੱਈਆ ਕਰਵਾਉਣ ਤਾਂ ਜੋ ਸਿਹਤ ਸੇਵਾਵਾਂ ਵਿੱਚ ਸੁਧਾਰ ਹੋ ਸਕੇ।

(6) ਸਮਾਜਿਕ ਸਿਹਤ ਕਰਮਚਾਰੀਆਂ ਜਿਵੇਂ ਕਿ ਆਸ਼ਾ ਵਰਕਰਾਂ ਨੂੰ ਜ਼ਰੂਰਤਾਂ ਮੁਹੱਈਆ ਕਰਵਾਉਣਾ ਜੋ ਕਿ ਸਿਹਤ ਕੇਂਦਰਾਂ ਵਿੱਚ ਬਹੁਤ ਵੱਡਾ ਰੋਲ ਅਦਾ ਕਰਦੇ ਹਨ।

### 3) ਸਿਹਤ ਸਬੰਧੀ ਤੱਤ ਨੂੰ ਸਮਝਣਾ

(1) ਸਿਹਤ ਨੂੰ ਸਮਝਣਾ ਕੀ ਹੈ ਅਤੇ ਚੰਗੀ ਸਿਹਤ ਲਈ ਕੀ ਜ਼ਰੂਰੀ ਹੈ। ਲੋਕ ਆਮ ਤੌਰ 'ਤੇ ਸਿਹਤ ਨੂੰ ਬਿਮਾਰੀ, ਡਾਕਟਰ, ਦਵਾਈਆਂ ਆਦਿ ਨਾਲ ਜੋੜਦੇ ਹਨ। ਚੰਗੀ ਸਿਹਤ ਦਾ ਭਾਵ ਕੇਵਲ ਖੁਰਾਕ ਦੀ ਕਮੀ ਜਾਂ ਬਿਮਾਰੀ ਨਹੀਂ ਹੈ। ਇਹ ਆਮ ਤੌਰ 'ਤੇ ਸਰੀਰਕ, ਮਾਨਸਿਕ ਤੇ ਸਮਾਜਿਕ ਤੰਦਰੁਸਤੀ ਨਾਲ ਸਬੰਧ ਰਖਦੀ ਹੈ।

**(2) ਚੰਗੀ ਸਿਹਤ ਲਈ ਮਹਤੱਵਪੂਰਨ ਤੱਤ ਹੇਠ ਲਿਖੇ ਹਨ:–**

- ਵਧੀਆ ਭੋਜਨ ਜਾਂ ਖਾਣ ਪੀਣ
- ਸਾਫ ਪੀਣ ਵਾਲਾ ਪਾਣੀ
- ਸਾਫ ਸੁਥਰਾ ਵਾਤਾਵਰਣ ਅਤੇ ਵਧੀਆ ਰਹਿਣ ਸਹਿਣ
- ਸਿੱਖਿਆ/ਪੜ੍ਹਾਈ
- ਔਰਤਾਂ ਦੇ ਅਧਿਕਾਰ
- ਭੇਦਭਾਵ ਮੁਕਤ ਸਮਾਜ
- ਕੰਮ ਲਈ ਸੁਰੱਖਿਅਤ ਵਾਤਾਵਰਣ

**(3) ਖਰਾਬ ਜਾਂ ਬਿਮਾਰ ਸਿਹਤ ਹੇਠ ਲਿਖੇ ਨਾਲ ਸਬੰਧਿਤ ਹੈ:–**

- ਕੁਪੋਸ਼ਣ
- ਗੰਦਾ ਪਾਣੀ
- ਰਹਿਣ ਦੀਆਂ ਗੰਦੀਆਂ ਥਾਵਾਂ

- ਗੰਦੀਆਂ ਆਦਤਾਂ ਜਿਵੇਂ ਕਿ ਸ਼ਰਾਬ, ਨਸ਼ੇ ਆਦਿ
- ਮਾਨਸਿਕ ਦਬਾਵ
- ਮੁਸ਼ਕਲ ਕੰਮ ਦੀ ਸਥਿਤੀ
- ਸਿਹਤ ਸੇਵਾਵਾਂ ਅਤੇ ਸਿੱਖਿਆ ਵਿੱਚ ਕਮੀ

(4) **ਖਰਾਬ ਸਿਹਤ ਦਾ ਪ੍ਰਮੁੱਖ ਕਾਰਨ ਕੁਪੋਸ਼ਣ**

- ਗਰੀਬ ਲੋਕ ਬਹੁਤ ਜਲਦੀ ਹੁੰਦੇ ਹਨ, ਕਿਉਂਕਿ ਉਹਨਾਂ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਬਹੁਤ ਘੱਟ ਹੁੰਦੀ ਹੈ। ਇਸ ਲਈ ਉਹ ਬਹੁਤ ਛੇਤੀ ਬਿਮਾਰ ਹੁੰਦੇ ਹਨ ਅਤੇ ਲੰਮੇ ਸਮੇਂ ਤੱਕ ਬਿਮਾਰ ਰਹਿੰਦੇ ਹਨ। ਬਿਮਾਰੀਆਂ ਜਿਵੇਂ ਦਸਤ, ਮਲੇਰੀਆ ਨਿਮੋਨੀਆ ਆਦਿ ਕੁਪੋਸ਼ਣ ਨਾਲ ਪੀੜਤ ਲੋਕਾਂ ਲਈ ਮੌਤ ਦਾ ਕਾਰਨ ਬਣਦੇ ਹਨ।
- ਸਾਡੇ ਲਗਪਗ 50ਫੀਸਦੀ ਲੋਕ ਬਹੁਤ ਗਰੀਬ ਹਨ ਅਤੇ ਉਹਨਾਂ ਨੂੰ ਰਹਿਣ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।
- ਕੁੜੀਆਂ ਅਤੇ ਔਰਤਾਂ ਸਭ ਤੋਂ ਜਿਆਦਾ ਕੁਪੋਸ਼ਣ ਨਾਲ ਪੀੜਤ ਹੁੰਦੀਆਂ ਹਨ।

ਬਿਮਾਰ ਸਿਹਤ ਦਾ ਸਭ ਤੋਂ ਵੱਡਾ ਕਾਰਨ ਲਾਪਰਵਾਹੀ ਹੈ
↓
ਜਾਗਰੂਕਤਾ ਦੀ ਕਮੀ ਨਾਲ ਮੁਸ਼ਕਲਾਂ ਵਧੱਦੀਆਂ ਹਨ
↓
ਭੋਜਨ ਜਾਂ ਖੁਰਾਕ ਦਾ ਹੋਣਾ ਮੁਸ਼ਕਲ ਨਹੀਂ, ਮੁਸ਼ਕਿਲ ਇਹ ਹੈ ਕਿ ਗਰੀਬ ਲੋਕਾਂ ਕੋਲ ਭੋਜਨ ਖਰੀਦਣ ਲਈ ਪੈਸੇ ਨਹੀਂ
↓
ਕੁਪੋਸ਼ਣ ਨਾਲ ਬਿਮਾਰੀ ਵਾਰ ਵਾਰ ਹੁੰਦੀ ਹੈ
↓
ਬਿਮਾਰ ਹੋਣ ਨਾਲ ਕੁਪੋਸ਼ਣ ਦੇ ਹਾਲਾਤ ਬਣਦੇ ਹਨ
↓
ਬਿਮਾਰੀਆਂ ’ਤੇ ਖਰਚੇ ਆਦਿ ਨਾਲ ਗਰੀਬੀ ਤੇ ਕੁਪੋਸ਼ਣ ਵੱਧਦੇ ਹਨ
↓
ਇਸ ਤਰ੍ਹਾਂ ਬਿਮਾਰੀਆਂ ਵਧਦੀਆਂ ਹਨ

### 4) ਗੰਦਾ ਪਾਣੀ ਅਤੇ ਸਫਾਈ ਵਿੱਚ ਕਮੀ

- ਗੰਦਾ ਪਾਣੀ ਕਈ ਬਿਮਾਰੀਆਂ ਨੂੰ ਵਧਾਉਂਦਾ ਹੈ।
- ਸਫਾਈ ਵਿੱਚ ਕਮੀ ਹੋਣ ਕਾਰਨ ਪਾਣੀ ਗੰਦਾ ਅਤੇ ਨੁਕਸਾਨਦਾਇਕ ਹੋ ਜਾਂਦਾ ਹੈ।
- ਪਿੰਡਾਂ ਅਤੇ ਸ਼ਹਿਰਾਂ ਵਿੱਚ ਪੀਣ ਵਾਲੇ ਸਾਫ ਪਾਣੀ ਦੀ ਕਮੀ ਬਿਮਾਰੀਆਂ ਵਿੱਚ ਵਾਧਾ ਕਰਦੀ ਹੈ।
- ਦਸਤ, ਮਲੇਰੀਆ, ਪੀਲੀਆ, ਮਿਆਦੀ ਬੁਖਾਰ ਆਦਿ ਗੰਦਾ ਪਾਣੀ ਕਾਰਨ ਫੈਲਦੇ ਹਨ।
- ਪੜ੍ਹੇ ਹੋਏ ਪਾਣੀ ਵਿੱਚ ਮੱਛਰ ਵੱਧ ਜਾਂਦੇ ਹਨ, ਜਿਸ ਕਾਰਨ ਮਲੇਰੀਆ, ਡੇਂਗੂ, ਦਿਮਾਗੀ ਬੁਖਾਰ ਆਦਿ ਬਿਮਾਰੀਆਂ ਫੈਲਦੀਆਂ ਹਨ।

### 5) ਰਹਿਣ ਦੀਆਂ ਖਰਾਬ ਹਾਲਤਾਂ

ਭੀੜ ਵਾਲੀ ਜਗ੍ਹਾ, ਧੂੰਆਂ ਜਾਂ ਧੂੜ ਮਿੱਟੀ ਨਾਲ ਭਰੇ ਵਾਤਾਵਰਨ ਨਾਲ ਸਾਹ ਅਤੇ ਦਮੇ ਦੀਆਂ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ ਜਿਵੇਂ ਕਿ ਟੀ.ਬੀ. ਆਦਿ।

### 6) ਮਾੜੀਆਂ ਆਦਤਾਂ ਜਿਵੇਂ ਸ਼ਰਾਬ, ਨਸ਼ੇ ਆਦਿ

ਮਾੜੀਆਂ ਆਦਤਾਂ ਜਿਵੇਂ ਸ਼ਰਾਬ, ਨਸ਼ੇ ਆਦਿ ਵੀ ਬਿਮਾਰੀਆਂ ਦਾ ਬਹੁੱਤ ਵੱਡਾ ਕਾਰਨ ਹਨ। ਇਸ ਨਾਲ ਸਮਾਜਿਕ ਪੱਧਰ 'ਤੇ ਹੋਰ ਮੁਸ਼ਕਲਾਂ ਵਧਦੀਆਂ ਹਨ।

### 7) ਸਖਤ ਮੁਸ਼ੱਕਤ ਤੇ ਕੰਮ ਦੀ ਮੁਸ਼ਕਲ ਸਥਿਤੀ

- ਸਖਤ ਮਿਹਨਤ ਆਦਿ ਜਿਵੇਂ ਸਾਈਕਲ ਰਿਕਸ਼ਾ ਖਿੱਚਣਾ।
- ਲੰਮੇ ਕੰਮ ਘੰਟੇ।
- ਬਿਨਾਂ ਸੁਰਖਿਆ ਤੋਂ ਕੰਮ ਕਰਨਾ ਜਿਵੇਂ ਕਿ ਕੀਟ ਨਾਸ਼ਕ ਦਵਾਈਆਂ ਦੀ ਵਰਤੋਂ।

### 8) ਪੁਰਸ਼ ਪ੍ਰਧਾਨ ਸਮਾਜ

ਜਦੋਂ ਅਸੀਂ ਆਦਮੀਆਂ ਤੇ ਔਰਤਾਂ ਦੀ ਤੁਲਨਾ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਔਰਤਾਂ ਮਰਦਾਂ ਨਾਲੋਂ ਜਿਆਦਾ ਬਿਮਾਰ ਹੁੰਦੀਆਂ ਹਨ। ਸਾਡਾ ਸਮਾਜ ਮਰਦਾਂ ਦੁਆਰਾ ਚਲਦਾ ਹੈ। ਔਰਤਾਂ ਦੇ ਜ਼ਿਆਦਾ ਬਿਮਾਰ ਹੋਣ ਦੇ ਕਾਰਨ ਹੇਠ ਲਿਖੇ ਹਨ:-

- ਔਰਤਾਂ ਪਰਵਾਰ ਵਿੱਚ ਸਭ ਤੋਂ ਬਾਅਦ ਅਤੇ ਘੱਟ ਖਾਂਦੀਆਂ ਹਨ।
- ਔਰਤਾਂ 'ਤੇ ਘਰ ਅਤੇ ਬਾਹਰ ਦੇ ਕੰਮ ਦਾ ਬੋਝ ਹੁੰਦਾ ਹੈ।
- ਔਰਤਾਂ ਨੂੰ ਘੱਟ ਸਿਹਤ ਸੇਵਾਵਾਂ ਮੁਹੱਈਆ ਹੁੰਦੀਆਂ ਹਨ।
- ਔਰਤਾਂ ਨੂੰ ਸਿੱਖਿਆ ਲਈ ਘੱਟ ਮੌਕੇ ਮਿਲਦੇ ਹਨ।
- ਔਰਤਾਂ ਦੁਆਰਾ ਆਪਣੀ ਸਿਹਤ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ।
- ਉਹਨਾਂ ਨੂੰ ਹਮੇਸ਼ਾ ਇਹ ਡਰ ਬਣਿਆ ਰਹਿੰਦਾ ਹੈ ਕਿ ਮਰਦ ਉਹਨਾਂ ਨੂੰ ਛੱਡ ਨਾ ਦੇਣ।
- ਔਰਤਾਂ ਸਬੰਧੀ ਕਈ ਤੱਤ ਹਨ ਜਿਵੇਂ ਭਰੂਣ ਹੱਤਿਆ, ਦਾਜ ਪ੍ਰਥਾ ਆਦਿ।

### 9) ਦਿਮਾਗੀ ਦਬਾਅ

- ਕਈ ਵਾਰ ਜ਼ਿੰਦਗੀ ਪ੍ਰਤੀ ਗਲਤ ਤੱਥ ਇੰਨੇ ਜ਼ਿਆਦਾ ਹੋ ਜਾਂਦੇ ਹਨ ਕਿ ਦਿਮਾਗੀ ਪ੍ਰੇਸ਼ਾਨੀ ਵਧਾ ਦਿੰਦੇ ਹਨ।
- ਪਰਵਾਰ ਵਿੱਚ ਕਲੇਸ਼ ਹੋਣਾ, ਬੇਰੋਜ਼ਗਾਰੀ ਆਦਿ ਨਾਲ ਤਣਾਅ ਵੱਧਦਾ ਹੈ। ਕਈ ਲੋਕ ਦਿਮਾਗੀ ਤਣਾਅ ਕਾਰਨ ਬਿਮਾਰ ਹੋ ਜਾਂਦੇ ਹਨ, ਇਸ ਕਰਕੇ ਕਈ ਵਾਰੀ ਇਹ ਆਤਮ ਹੱਤਿਆ ਲਈ ਵੀ ਮਜਬੂਰ ਹੋ ਜਾਂਦੇ ਹਨ।

### 10) ਸਿਹਤ ਸੇਵਾਵਾਂ ਵਿੱਚ ਕਮੀ

ਸਰਕਾਰ ਸਿਹਤ ਸੇਵਾਵਾਂ ਲੋਕਾਂ ਨੂੰ ਮੁਹੱਈਆ ਕਰਵਾਉਣ ਲਈ ਜ਼ਿੰਮੇਵਾਰ ਹੈ। ਕਈ ਵਾਰ ਲੋਕ ਇਹਨਾਂ ਸੇਵਾਵਾਂ ਦੀ ਵਰਤੋਂ ਨਹੀਂ ਕਰਦੇ।

- ਸਿਹਤ ਸਹੂਲਤਾਂ ਦਾ ਨਾ ਮਿਲਣਾ ਜਿਵੇਂ ਕਿ ਪੀ.ਐਚ.ਸੀ. ਵਿੱਚ ਈ.ਐਨ.ਐਮ. ਡਾਕਟਰਾਂ ਦੀ ਕਮੀ ਕਾਰਨ।
- ਸਿਹਤ ਸੇਵਾਵਾਂ ਦੇ ਸਟਾਫ 'ਤੇ ਭਾਰ ਹੋਣਾ ਤੇ ਮਰੀਜ਼ਾਂ ਦੀ ਦੇਖਭਾਲ ਵਿੱਚ ਕਮੀ।
- ਲੋਕਾਂ ਤੱਕ ਸਿਹਤ ਸੇਵਾਵਾਂ ਦਾ ਨਾ ਪਹੁੰਚਣਾ ਜਿਵੇਂ ਕਿ ਸੈਂਟਰ ਵਿੱਚ ਦਵਾਈਆਂ ਦਾ ਨਾ ਹੋਣਾ।
- ਕਈ ਵਾਰ ਸਰਕਾਰੀ ਹਸਪਤਾਲਾਂ ਵਿੱਚ ਵੀ ਕਾਫੀ ਖਰਚਾ ਹੋ ਜਾਂਦਾ ਹੈ, ਜਿਸ ਕਾਰਨ ਕੋਈ ਗਰੀਬ ਵਿਅਕਤੀ ਪੂਰਾ ਇਲਾਜ ਵੀ ਨਹੀਂ ਕਰਵਾ ਸਕਦਾ।

### 11) ਸਿਹਤ ਸਿੱਖਿਆ ਵਿੱਚ ਕਮੀ

ਸਿਹਤ ਸੇਵਾਵਾਂ ਵਿੱਚ ਵਾਧਾ ਕਰਨ ਲਈ ਲੋਕਾਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ, ਜਿਵੇਂ ਕਿ ਉਪਲੱਬਧ ਸੇਵਾਵਾਂ, ਮਹੱਤਤਾ, ਵਰਤੋਂ ਆਦਿ। ਕਈ ਵਾਰ ਲੋਕਾਂ ਤੱਕ ਇਹ ਜਾਣਕਾਰੀ ਪਹੁੰਚਦੀ ਹੀ ਨਹੀਂ, ਜਿਸ ਕਾਰਨ ਸਿਹਤ ਸੇਵਾਵਾਂ ਦੀ ਵਰਤੋਂ ਨਹੀਂ ਹੁੰਦੀ।

ਸਮਾਜ ਦੁਆਰਾ ਸਿਹਤ ਸੇਵਾਵਾਂ ਵਿੱਚ ਘੱਟ ਭਾਗ ਲੈਣਾ ਅਤੇ ਸਮਾਜ ਤੇ ਸਿਹਤ ਸਟਾਫ ਵਿੱਚ ਘੱਟ ਸਾਂਝੇਦਾਰੀ ਨਾਲ ਮੁਸ਼ਕਲਾਂ ਪੈਦਾ ਹੁੰਦੀਆਂ ਹਨ।

### ਰਾਸ਼ਟਰੀ ਸਿਹਤ ਮਿਸ਼ਨ

12 ਅਪ੍ਰੈਲ 2005 ਨੂੰ ਭਾਰਤ ਸਰਕਾਰ ਨੇ ਰਾਸ਼ਟਰੀ ਸਿਹਤ ਮਿਸ਼ਨ ਨੂੰ ਸ਼ੁਰੂ ਕੀਤਾ, ਜਿਸ ਦਾ ਉਦੇਸ਼ ਸਿਹਤ ਪ੍ਰਣਾਲੀ ਨੂੰ ਠੀਕ ਕਰਨਾ ਅਤੇ ਜਨਤਾ ਤੱਕ ਸੁਧਰੀਆਂ ਹੋਈਆਂ ਸੇਵਾਵਾਂ ਦੀ ਪਹੁੰਚ ਨੂੰ ਯਕੀਨੀ ਬਣਾਉਣਾ ਹੈ।

### ➢ ਮਿਸ਼ਨ ਦੇ ਟੀਚੇ :

- ਬੱਚਿਆਂ ਅਤੇ ਮਾਵਾਂ ਦੀ ਮੌਤ ਦਰ ਵਿੱਚ ਕਮੀ ਕਰਨਾ।
- ਜਨਤਕ ਸਿਹਤ ਸੇਵਾਵਾਂ ਦੀ ਸਾਰਿਆਂ ਤੱਕ ਪਹੁੰਚ ਦੇ ਨਾਲ ਭੋਜਨ ਅਤੇ ਸਫਾਈ ਸੁਵਿਧਾਵਾਂ ਲਈ ਜਨਤਕ ਸੇਵਾਵਾਂ ਦੇਣਾ।
- ਛੂਤ ਦੀਆਂ ਬਿਮਾਰੀਆਂ ਨੂੰ ਕਾਬੂ ਕਰਨਾ, ਅਤੇ ਇਸਨੂੰ ਉਸ ਇਲਾਕੇ ਵਿੱਚ ਰੱਖਣ ਲਈ ਰੋਕਥਾਮ ਕਰਨਾ।
- ਜਨਤਾ ਤੱਕ ਸੰਯੁਕਤ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਨੂੰ ਪਹੁੰਚਾਉਣਾ।

### ➢ ਜਨਤਾ ਲਈ ਸਿਹਤ ਸੇਵਾਵਾਂ

| ਲੜੀ ਨੰ: | ਸੇਵਾ ਦਾ ਨਾਂ | ਆਬਾਦੀ | ਸਿਹਤ ਕਰਮਚਾਰੀ/ ਅਧਿਕਾਰੀ | ਸੇਵਾਵਾਂ |
|---|---|---|---|---|
| (1) | ਸਬ ਸੈਂਟਰ | ਪਹਾੜੀ ਖੇਤਰ 3,000<br>ਸਮਤਲ 5,000 | 1 ਏ.ਐਨ.ਐਮ.<br>1 ਮੇਲ ਵਰਕਰ | 1) ਪੇਂਡੂ ਸਿਹਤ ਦਿਨ ਮਨਾਉਣਾ<br>2) ਗਰਭਵਤੀ ਔਰਤਾਂ ਦਾ ਚੈੱਕਅਪ<br>3) ਛੋਟੀਆਂ ਛੋਟੀਆਂ ਬਿਮਾਰੀਆਂ ਦਾ ਚੈੱਕਅਪ ਅਤੇ ਰੈਫਰਲ ਸੇਵਾ<br>4) ਟੀ.ਬੀ., ਮਲੇਰੀਆ, ਲੈਪਰੋਸੀ (ਕੋਹੜ) ਦੀ ਦਵਾਈ<br>5) ਜਣੇਪੇ ਦੀ ਸੁਵਿਧਾ ਜੇਕਰ ਏ.ਐਨ.ਐਮ. ਟ੍ਰੇਂਡ ਹੈ |
| (2) | ਪੀ.ਐਚ.ਸੀ. | ਪਹਾੜੀ ਖੇਤਰ 20,000<br>ਸਮਤਲ 30,000 | 1-2 ਡਾਕਟਰ<br>1 ਆਯੂਸ਼ ਡਾਕਟਰ<br>1 ਸਟਾਫ ਨਰਸ<br>1 ਸੈਨੀਟਰੀ ਸਟਾਫ | 1) 24 ਘੰਟੇ ਜਣੇਪੇ ਦੀ ਸੁਵਿਧਾ<br>2) ਨਵਜਾਤ ਕੇਅਰ ਸੈਂਟਰ |
| (3) | ਸਮੁਦਾਇਕ ਸਿਹਤ ਕੇਂਦਰ | ਪਹਾੜੀ ਖੇਤਰ 80,000<br>ਸਮਤਲ 1,20,000 | 5-6 ਡਾਕਟਰ<br>ਨਰਸ ਅਤੇ ਹੋਰ ਪੈਰਾ ਮੈਡੀਕਲ ਸਟਾਫ | 1) 24 ਘੰਟੇ ਜਣੇਪੇ ਦੀ ਸੁਵਿਧਾ<br>2) ਅਪਰੇਸ਼ਨ ਨਾਲ ਕੀਤੇ ਜਾਣ ਵਾਲੇ ਜਣੇਪੇ ਦੀ ਸੁਵਿਧਾ<br>3) ਨਵਜਾਤ ਕੇਅਰ ਸੈਂਟਰ |
| (4) | ਜ਼ਿਲਾ ਹਸਪਤਾਲ | ਹਰ ਜ਼ਿਲੇ ਵਿੱਚ ਇੱਕ | ਹਰ ਬਿਮਾਰੀ ਲਈ ਸਪੈਸ਼ਲਿਸਟ ਡਾਕਟਰ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ | 1) ਨਵਜਾਤ ਕੇਅਰ ਸੈਂਟਰ, ਖੂਨ ਦਾਨ ਕੇਂਦਰ, ਲੈਬ ਦੀ ਸੁਵਿਧਾ<br>2) ਅਪਰੇਸ਼ਨ ਥੀਏਟਰ ਦੀ ਸੁਵਿਧਾ<br>3) ਦੁਰਘਟਨਾ ਅਤੇ ਐਮਰਜੰਸੀ ਕੇਸ, ਦਿਮਾਗੀ ਤੌਰ 'ਤੇ ਬਿਮਾਰ ਲੋਕਾਂ ਦਾ ਇਲਾਜ |

### ➢ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ

ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਵਲੋਂ ਪਿੰਡ ਵਿੱਚੋਂ ਪੰਚਾਇਤ ਦੇ ਨੁਮਾਇੰਦਿਆਂ, ਸਿਹਤ ਵਿਭਾਗ ਦੇ ਕਰਮਚਾਰੀਆਂ, ਸਮਾਜ ਸੇਵੀ ਸੰਸਥਾਵਾਂ, ਸਾਬਕਾ ਫੌਜੀ, ਜਲ ਵਿਭਾਗ, ਜੰਗਲਾਤ ਵਿਭਾਗ ਅਤੇ ਸੇਵਾ ਮੁਕਤ ਅਧਿਆਪਕਾਂ ਨੂੰ ਇਕੱਠਾ ਕਰਨ ਉਪਰੰਤ ਇੱਕ ਕਮੇਟੀ ਬਣਾਈ ਜਾਦੀ ਹੈ, ਜਿਸ ਦਾ ਮੁੱਖ ਉਦੇਸ਼ ਪਿੰਡ ਵਿੱਚ ਸਿਹਤ ਸੇਵਾਵਾਂ ਦੇ ਪ੍ਰੋਗਰਾਮਾਂ ਦੀ ਜਾਗਰੂਕਤਾ ਪੈਦਾ ਕਰਨਾ, ਸਿਹਤ ਯੋਜਨਾ ਤੇ ਵਿਚਾਰ-ਵਟਾਂਦਰਾ ਕਰਨਾ ਹੈ। ਗਰਾਮ ਸਭਾ ਵਿੱਚ ਪਿੰਡ ਦੀ ਸਾਲਾਨਾ ਸਿਹਤ ਰਿਪੋਰਟ, ਲੇਖਾ-ਜੋਖਾ, ਜਨਮ ਅਤੇ ਮੌਤ ਰਜਿਸਟਰ, ਸਿਹਤ ਕਰਮਚਾਰੀਆਂ, ਆਂਗਨਵਾੜੀ ਵਰਕਰ ਅਤੇ ਸਕੂਲ ਅਧਿਆਪਕਾਂ

ਦਾ ਨਿਰੀਖਣ ਕਰਨਾ ਹੈ। ਇਸ ਦੇ ਨਾਲ ਪਿੰਡ ਦੇ ਲੋਕਾਂ ਦੀਆਂ ਸਿਹਤ ਸਮੱਸਿਆਵਾਂ, ਸਫਾਈ, ਗਰਭਵਤੀ ਮਹਿਲਾਵਾਂ, ਬੱਚਿਆਂ ਦੀ ਖੁਰਾਕ ਅਤੇ ਕਈ ਤਰ੍ਹਾਂ ਦੀਆ ਬਿਮਾਰੀਆਂ ਦੇ ਖਾਤਮੇ ਲਈ ਵਾਧਾ ਹੋ ਸਕਦਾ ਹੈ। ਰਾਸ਼ਟਰੀ ਸਿਹਤ ਮਿਸ਼ਨ ਦੇ ਤਹਿਤ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ (ਵੀ.ਐਚ.ਐਸ.ਐਨ.ਸੀ.) ਵਿੱਚ ਘੱਟ-ਘੱਟ 15 ਮੈਂਬਰ ਹੋਣੇ ਲਾਜ਼ਮੀ ਹਨ, ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1) | **ਮਹਿਲਾ ਪੰਚ** | **ਚੈਅਰਮੈਨ** |
| 2) | ਆਸ਼ਾ ਵਰਕਰ | ਮੈਂਬਰ ਸਕੱਤਰੇਤ ਕਨਵੀਨਰ |
| 3) | ਪੰਚਾਇਤ ਮੈਂਬਰ (ਮਹਿਲਾ) | ਮੈਂਬਰ |
| 4) | ਆਸ਼ਾ ਫੈਸਿਲੀਟੇਟਰ | ਮੈਂਬਰ |
| 5) | ਏ.ਐਨ.ਐਮ. (ਮਹਿਲਾ) | ਮੈਂਬਰ |
| 6) | ਆਂਗਨਵਾੜੀ ਵਰਕਰ | ਮੈਂਬਰ |
| 7) | ਸਕੂਲ ਆਧਿਆਪਕ/ਰਿਟਾਇਰ ਆਧਿਆਪਕਾ | ਮੈਂਬਰ |
| 8) | ਐਨ.ਜੀ.ਓ. ਦਾ ਇੱਕ ਨੁਮਾਇੰਦਾ | ਮੈਂਬਰ |
| 9) | ਐਮ.ਪੀ.ਐਚ.ਡਯੂ (ਮੇਲ) | ਮੈਂਬਰ |
| 10) | ਵਾਲੰਟੀਅਰ/ਚੌਕੀਦਾਰ | ਮੈਂਬਰ |
| 11) | ਕਮਜ਼ੋਰ ਵਰਗ ਦਾ ਇੱਕ ਨੁਮਾਇੰਦਾ | ਮੈਂਬਰ |
| 12) | ਸਾਬਕਾ ਫੋਜੀ | ਮੈਂਬਰ |
| 13) | ਯੂਥ ਕਲੱਬ/ਜੰਗਲਾਤ ਵਿਭਾਗ ਕਮੇਟੀ ਦਾ ਮੈਂਬਰ | ਮੈਂਬਰ |
| 14) | ਸੈਲਫ ਹੈਲਪ ਗਰੁੱਪ ਦਾ ਇੱਕ ਨੁਮਾਇੰਦਾ ਮੈਂਬਰ | ਮੈਂਬਰ |
| 15) | ਜਨਤਕ ਸਿਹਤ ਸੇਵਾਵਾਂ ਦੇ ਲਾਭਪਾਤਰੀ | ਮੈਂਬਰ |

## ➢ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਹਰ ਮਹੀਨੇ ਮੀਟਿੰਗ

ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਹਰ ਮਹੀਨੇ ਮੀਟਿੰਗ ਹੋਣਾ ਲਾਜਮੀ ਹੈ। ਏ੍ਐਨ੍ਐਮ੍, ਆਸ਼ਾ ਵਰਕਰ, ਆਂਗਨਵਾੜੀ ਵਰਕਰ ਅਤੇ ਪੰਚਾਇਤ ਦੇ ਨੁਮਾਇੰਦੇ, ਜਿਸ ਵਿੱਚ ਘੱਟੋ ਘੱਟ 50% ਔਰਤ ਮੈਂਬਰ, ਅਨੁਸੂਚਿਤ ਜਾਤੀ ਅਤੇ ਜਨ ਜਾਤੀ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ।

## ➢ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦਾ ਖਾਤਾ

ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦਾ ਖਾਤਾ ਜਿਹੜਾ ਕਿ ਪਹਿਲਾਂ ਏ.ਐਨ.ਐਮ. ਤੇ ਚੇਤਅਰਮੈਨ ਦਾ ਸਾਂਝਾ ਖਾਤਾ ਸੀ, ਪਰ ਹੁਣ ਇਹ ਖਾਤਾ ਚੇਅਰਮੈਨ ਅਤੇ ਆਸ਼ਾ ਵਰਕਰ ਦੇ ਨਾਂ ’ਤੇ ਸਾਂਝਾ ਖਾਤਾ ਖੋਲ੍ਹਿਆ ਜਾਵੇਗਾ।

## ➢ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੇ ਕੰਮ

- ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦਾ ਕੰਮ ਸਿਹਤ ਸੇਵਾਵਾਂ ਦੀ ਕਮੀ ਨੂੰ ਲੱਭਣਾ ਅਤੇ ਮੀਟਿੰਗ ਵਿੱਚ ਇਹਨਾਂ ਕਮੀਆਂ ਨੂੰ ਵਿਚਾਰਨਾਂ, ਇਹਨਾਂ ਨੂੰ ਦੂਰ ਕਰਨ ਲਈ ਯੋਜਨਾ ਬਣਾਉਣਾ ਅਤੇ ਜਿਹੜੇ ਕਰਮਚਾਰੀ ਇਹਨਾਂ ਕਮੀਆਂ ਲਈ ਜ਼ਿੰਮੇਵਾਰ ਹਨ, ਉਹ ਇਹਨਾਂ ਕਮੀਆਂ ਨੂੰ ਦੂਰ ਕਰਨ ਵਾਸਤੇ ਉਪਰਾਲੇ ਕਰਨ।
- ਕਮੇਟੀ ਪਿੰਡ ਵਿੱਚੋਂ ਮਲੇਰੀਆ, ਪਾਣੀ ਨਾਲ ਹੋਣ ਵਾਲੀ ਬਿਮਾਰੀਆਂ ਨੂੰ ਖਤਮ ਕਰਨ ਲਈ ਛੱਪੜਾਂ ਅਤੇ ਗਲੀਆਂ ਨਾਲੀਆਂ ਦਾ ਸਫਾਈ ਅਭਿਆਨ ਚਲਾ ਸਕਦੀ ਹੈ।
- ਹਰ ਮਹੀਨੇ ਪੇਂਡੂ ਸਿਹਤ ਪੋਸ਼ਣ ਦਿਵਸ ਨੇੜੇ ਦੇ ਕਮਿਉਨਿਟੀ ਹਾਲ, ਸਕੂਲ ਜਾਂ ਸਾਂਝੀ ਥਾਂ ’ਤੇ ਕਰਵਾਉਣ ਲਈ ਮਦਦ ਕਰ ਸਕਦੀ ਹੈ।

## ➢ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੇ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ

**ਚੇਅਰਮੈਨ**

- ਕਮੇਟੀ ਦੇ ਚੇਅਰਮੈਨ ਹਰ ਮਹੀਨੇ ਮੀਟਿੰਗ ਕਰਨ ਅਤੇ ਵਧੀਆ ਨਿਰਣੇ ਲੈਣ।
- ਸਾਲਾਨਾ ਯੋਜਨਾ ਬਣਾਉਣ।
- ਇਹ ਸੁਨਿਸਚਿਤ ਕਰਨ ਕਿ ਰਿਕਾਰਡ ਸਹੀ ਹੈ।
- ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਵੱਲੋਂ ਪਿੰਡ ਵਿੱਚ ਸਿਹਤ ਲਈ ਕੀਤੇ ਗਏ ਕੰਮਾਂ ਬਾਰੇ ਦੱਸਣਾ।

**ਮੈਂਬਰ ਸਕੱਤਰ (ਆਸ਼ਾ)**

- ਮਹੀਨਾਵਾਰ ਮੀਟਿੰਗ ਲਈ ਢੁੱਕਵੀਂ ਜਗ੍ਹਾ ਨਿਸਚਿਤ ਕਰਨ।
- ਸਾਰੇ ਪਿੰਡ ਦੇ ਐਸ.ਸੀ., ਐਸ.ਟੀ., ਭੂਮੀਹੀਣ, ਅਪੰਗ ਅਤੇ ਬੀ.ਪੀ.ਐਲ. ਪਰਵਾਰਾਂ ਦਾ ਵੇਰਵਾ।
- ਮੱਦਾਂ ਦੇ ਆਧਾਰ ਤੇ ਬੰਧਨ ਮੁਕਤ ਫੰਡ ਦਾ ਵਰਤੋਂ ਸਰਟੀਫਿਕੇਟ ਯਕੀਨੀ ਬਣਾਉਣ।
- ਮੁੱਦਾਂ ਦੇ ਅਧਾਰ 'ਤੇ ਹਰ ਮਹੀਨੇ ਅਤੇ ਹਰ ਤਿੰਨ ਮਹੀਨੇ ਦਾ ਖਰਚਾ/ਬਿੱਲ ਵਾਊਚਰ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕਰਨ।

**ਆਂਗਨਵਾੜੀ ਵਰਕਰ**

- ਕੁਪੋਸ਼ਣ ਦਾ ਵੇਰਵਾ, ਬੱਚੇ ਦੀ ਜਾਣਕਾਰੀ, ਗਰਭਵਤੀ ਔਰਤਾਂ, 3 ਤੋਂ 6 ਸਾਲ ਦੇ ਬੱਚਿਆਂ ਦੀ ਗਿਣਤੀ ਦਾ ਰਿਕਾਰਡ ਤਿਆਰ ਕਰਨਾ।
- ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਇਹ ਵੀ ਯਕੀਨੀ ਬਣਾਏ ਕਿ ਆਂਗਨਵਾੜੀ ਕੇਂਦਰ ਵਿੱਚ ਦਿੱਤਾ ਜਾਣ ਵਾਲਾ ਖਾਣਾ ਪਕਾ ਕੇ ਦਿੱਤਾ ਜਾਵੇ।
- ਆਂਗਨਵਾੜੀ ਵਰਕਰ ਕੰਮ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਮੀਟਿੰਗ ਵਿੱਚ ਦੱਸੇ।

**ਏ.ਐਨ.ਐਮ. ਦੇ ਕੰਮ**

- ਸਿਹਤ ਸੁਵਿਧਾਵਾਂ ਦੀ ਪੂਰੀ ਜਾਣਕਾਰੀ ਦੇਣਾ, ਲੇਖਾ-ਜੋਖਾ, ਪਿੰਡ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨਾ ਅਤੇ ਸਬ-ਸੈਂਟਰ ਦੀ ਸਹੀ ਕਾਰਜਗੁਜ਼ਾਰੀ ਨੂੰ ਯਕੀਨੀ ਕਰੇ।
- ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਇਸ ਤੋਂ ਇਲਾਵਾ ਹੋਰ ਪ੍ਰੋਗਰਾਮ, ਜਿਹਨਾਂ ਵਿਚ ਮਿੱਡ ਡੇ ਮੀਲ, ਜਲ ਸਪਲਾਈ ਸਕੀਮ, ਸਿੱਖਿਆ ਦੀ ਸਹੀ ਕਾਰਜ ਪ੍ਰਣਾਲੀ ਅਤੇ ਲੇਖਾ ਪੜਤਾਲ ਨੂੰ ਨਿਸਚਿਤ ਕਰ ਸਕਦੀ ਹੈ।
- ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਨੂੰ ਮਾਂ ਦੀ ਮੌਤ ਜਾਂ ਬੱਚੇ ਦੀ ਮੌਤ ਦੀ ਜਾਣਕਾਰੀ ਦੇਣਾ।

**ਸਿੱਖਿਆ, ਜਲ ਸਪਲਾਈ, ਔਰਤ ਅਤੇ ਬਾਲ ਵਿਕਾਸ ਨੁਮਾਇੰਦਿਆਂ ਦੀ ਭੂਮਿਕਾ**

ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਵਿੱਚ ਇਹਨਾਂ ਵਿਭਾਗਾਂ ਦੀ ਇੱਕ ਮਹੱਤਵਪੂਰਨ ਭੂਮਿਕਾ ਹੈ। ਕਮੇਟੀ ਨੂੰ ਮੀਟਿੰਗ ਵਿੱਚ ਇਹਨਾਂ ਵਿਭਾਗਾਂ ਦੀ ਪੂਰੀ ਜਾਣਕਾਰੀ ਅਤੇ ਮੁਹੱਈਆ ਕਰਵਾਈਆਂ ਗਈਆਂ ਸੇਵਾਵਾਂ 'ਤੇ ਚਰਚਾ ਹੋਣੀ ਚਾਹੀਦੀ ਹੈ।

**ਆਸ਼ਾ ਫੈਸਿਲੀਟੇਟਰ**

ਆਸ਼ਾ ਫੈਸਿਲੀਟੇਟਰ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਮੀਟਿੰਗ ਕਰਵਾਉਣ ਵਿਚ ਸਹਾਇਤਾ ਕਰੇਗੀ ਅਤੇ ਵਰਤੋਂ ਸਰਟੀਫਿਕੇਟ ਅਤੇ ਹੋਰ ਰਿਕਾਰਡ ਬਲਾਕ ਅਫਸਰ ਕੋਲ ਜਮ੍ਹਾ ਕਰੇਗੀ।

## ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਮੀਟਿੰਗ

- ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਹਰ ਮਹੀਨੇ ਮੀਟਿੰਗ ਇੱਕ ਸਾਂਝੀ ਥਾਂ 'ਤੇ ਨਿਸਚਿਤ ਮਿਤੀ 'ਤੇ ਤੈਅ ਕੀਤੀ ਜਾਵੇ।
- ਮੀਟਿੰਗ ਦੀ ਕਾਰਵਾਈ ਨੋਟ ਕੀਤੀ ਜਾਵੇ।
- ਮੀਟਿੰਗ ਵਿੱਚ 15 ਮੈਂਬਰਾਂ ਵਿੱਚੋਂ ਘਟੋ-ਘੱਟ 8 ਮੈਂਬਰ ਹਾਜ਼ਰ ਹੋਣ ਤਾਂ ਜੋ ਕੋਰਮ ਪੂਰਾ ਹੋ ਸਕੇ।
- ਮੀਟਿੰਗ ਵਿੱਚ ਭਵਿੱਖ ਦੀ ਯੋਜਨਾ ਅਤੇ ਬੰਧਨ ਮੁਕਤ ਫੰਡ ਦੀ ਚਰਚਾ ਹੋਵੇਗੀ।

### ➢ ਬੰਧਨ ਮੁਕਤ ਫੰਡ

**ਬੰਧਨ ਮੁਕਤ ਫੰਡ ਦੀ ਸਹੀ ਵਰਤੋਂ**

ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਨੂੰ ਰਾਸ਼ਟਰੀ ਸਿਹਤ ਮਿਸ਼ਨ ਵੱਲੋਂ ਸਾਲਾਨਾ 10,000 ਰੁਪਏ ਦੀ ਗ੍ਰਾਂਟ ਦਿੱਤੀ ਜਾਂਦੀ ਹੈ। ਇਹ ਫੰਡ ਪੋਸ਼ਣ, ਸਿੱਖਿਆ, ਸਫਾਈ ਅਤੇ ਸਾਫ ਵਾਤਾਵਰਨ ਰੱਖਣ ਲਈ ਖਰਚਿਆ ਜਾ ਸਕਦਾ ਹੈ। ਮੈਂਬਰ ਸਕੱਤਰ (ਆਸ਼ਾ) ਇਸ ਵਿੱਚੋਂ ਇੱਕ ਹਜ਼ਾਰ ਰੁਪਏ ਖਰਚ ਸਕਦੀ ਹੈ। ਇਸ ਲਈ ਉਹ ਆਪਣੇ ਬਿੱਲ ਵਾਊਚਰ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੀ ਮੀਟਿੰਗ ਵਿੱਚ ਦੇ ਸਕਦੀ ਹੈ। ਇਹ ਫੰਡ ਹੇਠ ਲਿਖੇ ਅਨੁਸਾਰ ਖਰਚ ਕੀਤਾ ਜਾ ਸਕਦਾ ਹੈ:-

- ਪਿੰਡ ਦੀ ਸਾਫ-ਸਫਾਈ ਲਈ।
- ਹੈਲਥ ਕੈਂਪ ਲਗਾ ਸਕਦੀ ਹੈ।
- ਮੱਛਰਾਂ ਤੋਂ ਬਚਾਅ ਲਈ ਦਵਾਈਆਂ ਦਾ ਛਿੜਕਾਅ ਕਰਵਾ ਸਕਦੀ ਹੈ।
- ਮੀਟਿੰਗ ਵਿੱਚ ਚਾਹ, ਬਿਸਕੁਟ ਆਦਿ ਦੇ ਪ੍ਰਬੰਧ ਲਈ ਖਰਚ ਕੀਤਾ ਜਾ ਸਕਦਾ ਹੈ।
- ਐਮਰਜੈਂਸੀ ਹਾਲਾਤ ਵਿੱਚ ਗਰੀਬ ਪਰਵਾਰਾਂ 'ਤੇ ਖਰਚ ਕਰ ਸਕਦੀ ਹੈ।
- ਸਕੂਲ ਸਿਹਤ ਸੇਵਾਵਾਂ ਲਈ ਖਰਚ ਕਰ ਸਕਦੀ ਹੈ।
- ਇਸ ਤੋਂ ਇਲਾਵਾ ਆਸ਼ਾ ਵਰਕਰ ਨੂੰ ਸਥਾਨਕ ਕੰਮਾਂ ਲਈ ਖਰਚਾ ਦੇ ਸਕਦੀ ਹੈ।

**ਬੰਧਨ ਮੁਕਤ ਫੰਡ ਦਾ ਲੇਖਾ-ਜੋਖਾ**

- ਸਾਲਾਨਾ ਗਰਾਮ ਸਭਾ ਮੀਟਿੰਗ ਵਿੱਚ ਬੰਧਨ ਮੁਕਤ ਫੰਡ ਦਾ ਲੇਖਾ ਜੋਖਾ ਤੇ ਸਲਾਹ ਮਸ਼ਵਰਾ ਕੀਤਾ ਜਾਵੇਗਾ।
- ਸਾਲਾਨਾ ਖਰਚੇ ਦੇ ਬਿਲ ਵਾਊਚਰ ਗਰਾਮ ਪੰਚਾਇਤ ਵੱਲੋਂ ਬਲਾਕ ਦੇ ਰਾਸ਼ਟਰੀ ਸਿਹਤ ਮਿਸ਼ਨ ਦਫਤਰ ਵਿੱਚ ਭੇਜੇ ਜਾਣਗੇ।
- ਬੰਧਨ ਮੁਕਤ ਫੰਡ ਦੇ ਤਿੰਨ ਸਾਲ ਤੱਕ ਦੇ ਵਾਊਚਰ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੁਆਰਾ ਬਣਾ ਕੇ ਗਰਾਮ ਸਭਾ ਨੂੰ ਉਪਲੱਬਧ ਕਰਵਾਏ ਜਾਣ ਅਤੇ ਇਨ੍ਹਾਂ ਦਾ ਨਿਰੀਖਣ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਕੀਤਾ ਜਾਵੇ। ਇਸ ਮਗਰੋਂ 10 ਸਾਲ ਤੱਕ ਦੇ ਫੰਡਾਂ ਦੀ ਵਰਤੋਂ ਦੀ ਸੂਚੀ ਬਣਾਈ ਜਾਵੇ।

**ਰਿਕਾਰਡ ਲਈ ਫਾਰਮ**

- ਮੀਟਿੰਗ ਦਾ ਰਿਕਾਰਡ ਹਾਜ਼ਰੀ ਰਜਿਸਟਰ ਸਮੇਤ
- ਖਰਚਾ ਕਰਨ ਲਈ ਪ੍ਰਵਾਨਗੀ ਦਾ ਰਿਕਾਰਡ
- ਬੈਂਕ ਦੀ ਪਾਸ ਬੁੱਕ ਅਤੇ ਕੈਸ਼ ਬੁੱਕ
- ਪੇਂਡੂ ਸਿਹਤ ਸੇਵਾਵਾਂ ਦਾ ਮੌਨੀਟਰਿੰਗ ਰਜਿਸਟਰ
- ਜਨਮ ਅਤੇ ਮੌਤ ਦਾ ਰਜਿਸਟਰ
- ਪਿੰਡ ਦੀ ਹਰ ਸਾਲ ਸਿਹਤ ਯੋਜਨਾ ਦਾ ਰਿਕਾਰਡ

**ਪੇਂਡੂ ਸਿਹਤ ਯੋਜਨਾ**

- ਪਿੰਡ ਦੀ ਸਿਹਤ ਯੋਜਨਾ ਬਣਾਉਣ ਵੇਲੇ ਮੁਸ਼ਕਲਾਂ ਨੂੰ ਲੱਭਣਾ
- ਪਿੰਡ ਦੀ ਆਬਾਦੀ, ਘਰਾਂ ਦੀ ਗਿਣਤੀ, ਬੀ.ਪੀ.ਐਲ. ਪਰਵਾਰ ਉਹਨਾਂ ਦਾ ਧਰਮ, ਜਾਤੀ ਅਤੇ ਭਾਸ਼ਾ ਦਾ ਰਿਕਾਰਡ ਬਣਾਉਣਾ।

- ਸਿਹਤ ਸੇਵਾਵਾਂ ਦੀ ਮੌਨੀਟਰਿੰਗ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਪੀ.ਐਚ.ਸੀ. ਵਿੱਚ ਜਾ ਕੇ ਸਿਹਤ ਸੇਵਾਵਾਂ ਦਾ ਨਿਰੀਖਣ ਅਤੇ ਸਿਹਤ ਕਰਤਾ ਨਾਲ ਵਿਚਾਰ ਵਟਾਂਦਰਾ ਕਰ ਸਕਦੇ ਹਨ। ਜਿਹੜੀ ਪੀ.ਐਚ.ਸੀ. ਦੇ ਵਰਕਰ ਚੰਗੇ ਕੰਮ ਕਰਦੇ ਹਨ, ਉਹਨਾਂ ਨੂੰ, ਪ੍ਰੋਤਸਾਹਿਤ ਕਰ ਸਕਦੀ ਹੈ ਅਤੇ ਜਿਹੜੀ ਪੀ.ਐਚ.ਸੀ. ਵਿੱਚ ਸਿਹਤ ਸੇਵਾਵਾਂ ਦੀ ਘਾਟ ਹੈ, ਉਹਨਾਂ ਦੀ ਮਦਦ ਲਹੀ ਕੁਝ ਉਪਰਾਲੇ ਕਰ ਸਕਦੀ ਹੈ।

### ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਯੋਜਨਾ

ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਪੰਜਾਬ ਸਰਕਾਰ ਵੱਲੋਂ ਮਹੀਲਾਂ ਜੂਨ 2011 ਤੋਂ ਕੈਂਸਰ ਨਾਲ ਪੀੜਤ ਵਿਅਕਤੀਆਂ ਦੀ ਸਹਾਇਤਾ ਲਈ ਚਲਾਈ ਜਾਣ ਵਾਲੀ ਬਹੁਤ ਹੀ ਲਾਹੇਵੰਦ ਸਕੀਮ ਹੈ। ਇਸ ਸਕੀਮ ਅਧੀਨ ਕੈਂਸਰ ਨਾਲ ਪੀੜਤ ਵਿਅਕਤੀ ਨੂੰ ਇਲਾਜ ਲਈ 1.50 ਲੱਖ ਰੁਪਏ ਤੱਕ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਸਰਕਾਰੀ ਅਤੇ ਸਰਕਾਰ ਤੋਂ ਮਾਨਤਾ ਪ੍ਰਾਪਤ ਹਸਪਤਾਲ ਨੂੰ ਕੇਂਸਰ ਨਾਲ ਪੀੜਤ ਵਿਅਕਤੀ ਦੇ ਇਲਾਜ ਲਈ ਇਹ ਰਾਸ਼ੀ ਸਿੱਧੇ ਤੌਰ ’ਤੇ ਹਸਪਤਾਲ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਮਰੀਜ ਨੂੰ ਘਰ ਤੋਂ ਹਸਪਤਾਲ ਤੱਕ ਆਉਣ ਜਾਣ ਲਈ ਸਰਕਾਰ ਵੱਲੋਂ ਮੁਫਤ ਸਫਰ ਦੇ ਕੂਪਨ ਦਿੱਤੇ ਜਾਂਦੇ ਹਨ।

### ਜਨਨੀ ਸੁਰੱਖਿਆ ਯੋਜਨਾ

ਜਨਨੀ ਸੁਰੱਖਿਆ ਯੋਜਨਾ ਕੇਂਦਰ ਸਰਕਾਰ ਵੱਲੋਂ 12 ਅਪ੍ਰੈਲ 2005 ਵਿੱਚ ਲਾਗੂ ਕੀਤਾ ਗਈ ਸੀ। ਇਸ ਸਕੀਮ ਦਾ ਮੁੱਖ ਮੰਤਵ ਜਣੇਪੇ ਦੌਰਾਨ ਹੁੰਦੀ ਮਾਵਾਂ ਦੀ ਮੌਤ ਦਰ ਨੂੰ ਘੱਟ ਕਰਨਾ ਹੈ। ਇਹ ਰਾਸ਼ਟਰੀ ਸਿਹਤ ਮਿਸ਼ਨ ਅਧੀਨ ਗਰਭਵਤੀ ਔਰਤਾਂ ਦੀ ਭਲਾਈ ਲਈ ਚਲਾਈ ਜਾਣ ਵਾਲੀ ਬਹੁਤ ਹੀ ਮਹੱਤਵਪੂਰਨ ਯੋਜਨਾ ਹੈ। ਇਸ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਵਾਰਾਂ ਨਾਲ ਸੰਬੰਧਿਤ ਔਰਤਾਂ ਨੂੰ ਬੱਚਾ ਪੈਦਾ ਹੋਣ ’ਤੇ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਪਿੰਡ ਦੀਆਂ ਔਰਤਾਂ ਨੂੰ ਸਰਕਾਰੀ ਹਸਪਤਾਲ ਅਤੇ ਮਾਨਤਾ ਪ੍ਰਪਾਤ ਪ੍ਰਾਈਵੇਟ ਹਸਪਤਾਲ ਵਿੱਚ ਜਣੇਪਾ ਕਰਵਾਉਣ ’ਤੇ 700/- ਰੁਪਏ, ਸ਼ਹਿਰ ਦੀਆਂ ਔਰਤਾਂ ਨੂੰ 600/- ਰੁਪਏ ਅਤੇ ਘਰ ਵਿੱਚ ਜਣੇਪਾ ਕਰਵਾਉਣ ’ਤੇ 500/- ਰੁਪਏ ਦਿੱਤੇ ਜਾਂਦੇ ਹਨ।

### ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ

ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਰਾਸ਼ਟਰੀ ਸਿਹਤ ਮਿਸ਼ਨ ਅਧੀਨ ਜੂਨ 2011 ਵਿੱਚ ਚਲਾਈ ਗਈ ਇੱਕ ਮਹੱਤਵਪੂਰਨ ਸਕੀਮ ਹੈ। ਇਸ ਸਕੀਮ ਦਾ ਮੁੱਖ ਮੰਤਵ ਗਰਭ ਅਵਸਥਾ ਦੌਰਾਨ ਔਰਤਾਂ ਅਤੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ। ਇਸ ਸਕੀਮ ਅਧੀਨ ਸਰਕਾਰੀ ਸਿਹਤ ਸੰਸਥਾ ਵਿਖੇ ਜਣੇਪਾ ਕਰਵਾਉਣ ’ਤੇ ਹਰ ਤਰ੍ਹਾਂ ਦੀਆਂ ਦਵਾਈਆਂ ਅਤੇ ਹੋਰ ਮੈਡੀਕਲ ਟੈਸਟ ਬਿਲਕੁਲ ਮੁਫਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਜਣੇਪਾ ਹੋਣ ਤੋਂ ਬਾਅਦ ਔਰਤਾਂ ਨੂੰ ਖਾਣਾ ਪੀਣਾ ਵੀ ਮੁਹੱਈਆ ਕਰਵਾਇਆ ਜਾਂਦਾ ਹੈ ਤੇ ਇਸ ਮੱਦ ਅਧੀਨ 5 ਸਾਲ ਤੱਕ ਦੇ ਬਿਮਾਰ ਬੱਚਿਆਂ ਦਾ ਮੁਫਤ ਇਲਾਜ ਅਤੇ ਉਹਨਾਂ ਨੂੰ ਸਿਹਤ ਸੰਸਥਾ ਤੱਕ ਪਹੁੰਚਾਉਣ, ਘਰ ਛੱਡ ਕੇ ਆਉਣ ਅਤੇ ਮੁਸ਼ਕਲ ਹਾਲਾਤ ਵਿੱਚ ਉਚੇਰੀ ਸਿਹਤ ਸੰਸਥਾ ਵਿਖੇ ਰੈਫਰ ਕਰਨ ਦੀ ਸੁਵਿਧਾ ਦਿੱਤੀ ਜਾਂਦੀ ਹੈ। ਇਸ ਲਈ 108 ਡਾਇਲ ਕਰਨ ਤੋਂ ਐਂਬੂਲੈਂਸ ਅਤੇ ਸਰਕਾਰੀ ਵਹੀਕਲ ਦਾ ਇਸਤੇਮਾਲ ਕੀਤਾ ਜਾਂਦਾ ਹੈ।

### ਬਾਲੜੀ ਰੱਖਿਅਕ ਯੋਜਨਾ

ਇਹ ਸਕੀਮ ਪੰਜਾਬ ਸਰਕਾਰ ਵੱਲੋਂ 1/4/2005 ਤੋਂ ਲਿੰਗ ਅਨੁਪਾਤ ਵਿੱਚ ਸੁਧਾਰ ਕਰਨ ਅਤੇ ਲੜਕੀਆਂ ਦੇ ਜਨਮ ਨੂੰ ਉਤਸ਼ਾਹਿਤ ਕਰਨ ਲਈ ਚਲਾਈ ਗਈ ਸੀ। ਇਸ ਸਕੀਮ ਅਧੀਨ ਜਿਹੜੇ ਯੋਗ ਜੋੜੇ ਦੋ ਬੱਚੀਆਂ ਹੋਣ ਤੋਂ ਬਾਦ ਪਰਵਾਰ ਨਿਯੋਜਨ ਦੇ ਪੱਕੇ ਤਰੀਕੇ ਅਪਣਾਉਂਦੇ ਹਨ, ਉਹਨਾਂ ਦੀਆਂ ਲੜਕੀਆਂ ਦੇ ਖਾਤੇ ਵਿੱਚ 18 ਸਾਲ ਦੀ ਉਮਰ ਹੋਣ ਤੱਕ ਹਰ ਮਹੀਨੇ 500 ਰੁਪਏ ਸਿੱਧੇ ਜਮ੍ਹਾਂ ਕਰਵਾਏ ਜਾਂਦੇ ਹਨ। ਯੋਗ ਜੋੜਿਆਂ ਵਿੱਚੋਂ ਕੋਈ ਵੀ ਜਣਾ ਆਮਦਨ ਟੈਕਸ ਦੇਣਕਾਰ ਨਹੀਂ ਹੋਣਾ ਚਾਹੀਦਾ ਹੈ।

### ਭਾਰਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ

ਇਸ ਸਕੀਮ ਅਧੀਨ ਹਰ ਕਾਰਡ ਧਾਰਕ ਪਰਵਾਰ ਦੇ 5 ਮੈਂਬਰਾਂ ਤੱਕ ਨੂੰ ਸਾਲਾਨਾ ਕੁੱਲ 30,000/- ਰੁਪਏ ਤੱਕ ਦਾ ਮੁਫਤ ਇਲਾਜ ਮਿਲੇਗਾ। ਇਹ ਲਾਭ ਹਸਪਤਾਲ ਵਿੱਚ ਦਾਖਲ ਹੋ ਕੇ ਇਲਾਜ ਕਰਵਾਉਣ ’ਤੇ ਮਿਲ ਸਕੇਗਾ। ਕੁਝ ਇਲਾਜ ਜਿਵੇਂ ਕਿ ਡਾਈਲਸਸ, ਕੀਮੋਥਰੈਪੀ, ਅੱਖਾਂ ਅਤੇ ਦੰਦਾਂ ਦੇ ਇਲਾਜ, ਜਿਸ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੀ ਜਰੂਰਤ ਨਹੀਂ ਵੀ ਹੁੰਦੀ, ਸ਼ਾਮਿਲ ਕੀਤੇ ਗਏ ਹਨ। ਕਾਰਡ ਧਾਰਕ ਪਰਵਾਰ ਆਪਣਾ ਇਲਾਜ ਸੂਚੀ ਵਿੱਚ ਸ਼ਾਮਿਲ ਸਰਕਾਰੀ ਅਤੇ

ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾ ਸਕਦੇ ਹਨ। ਇਲਾਜ ਕਰਵਾਉਣ ਵਾਲੇ ਕਾਰਡ ਧਾਰਕਾਂ ਨੂੰ 100/- ਰੁਪਏ ਤੱਕ ਦਾ ਆਉਣ ਜਾਣ ਦਾ ਕਿਰਾਇਆ ਹਸਪਤਾਲ ਵੱਲੋਂ ਦਿੱਤਾ ਜਾਵੇਗਾ। ਕਾਰਡ ਧਾਰਕ ਕਿਸੇ ਤਰ੍ਹਾ ਦੀ ਜਾਣਕਾਰੀ ਲਈ ਜਿਲ੍ਹਾ ਪੱਧਰ ਹਸਪਤਾਲ ਵਿੱਚ ਸੰਪਰਕ ਕਰ ਸਕਦੇ ਹਨ।

## 104 ਟੋਲ ਫ੍ਰੀ ਮੈਡੀਕਲ ਹੈਲਪਲਾਈਨ

ਪੰਜਾਬ ਰਾਜ ਵਿੱਚ 104 ਮੈਡੀਕਲ ਹੈਲਪਲਾਈਨ ਦਾ ਇੱਕ ਜਰੂਰੀ ਮੰਤਵ ਲੋਕਾਂ ਵਲੋਂ ਆ ਰਹੀਆਂ ਦਿੱਕਤਾਂ ਅਤੇ ਸ਼ਿਕਾਇਤਾਂ ਨੂੰ ਸਮੇਂ ਸਿਰ ਨਿਪਟਾਰਾ ਕਰਕੇ ਵੱਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਹੁਣ ਕੋਈ ਵੀ ਨਾਗਰਿਕ ਮੈਡੀਕਲ ਹੈਲਪ ਲਾਈਨ ਲੰਬਰ 104 ਤੇ ਫੋਲ ਕਰਕੇ ਮਾਹਿਰ ਡਾਕਟਰਾ ਕੋਲੋਂ ਮੁਫਤ ਵਿੱਚ ਮੈਡੀਕਲ ਸਹਾਇਤਾ ਬਾਰੇ ਸਲਾਹ-ਮਸ਼ਵਰਾ ਲੈ ਸਕਦਾ ਹੈ ਅਤੇ ਇਸ ਹੈਲਪਲਾਈਨ ਨੰਬਰ ਤੇ ਇਹ ਸਹੂਲਤ 24 ਘੰਟੇ ਉਪਲੱਬਧ ਹੈ, ਜਿਸ ਵਿੱਚ ਮਾਹਿਰ ਡਾਕਟਰਾਂ, ਕਲੀਨੀਕਲ ਸਾਈਕੋਲੋਜਿਸਟ ਅਤੇ ਪੈਰਾ ਮੈਡੀਕਲ ਦੇ ਮਾਹਿਰ ਫੋਨ ਸੁਣਕੇ ਸ਼ਿਕਾਇਤ ਕਰਤਾ ਨੂੰ ਢੁਕਵਾਂ ਮਸ਼ਵਰਾਂ ਦਿੰਦੇ ਹਨ ਅਤੇ ਇਹ ਸਹਾਇਤਾ ਪੰਜਾਬੀ, ਹਿੰਦੀ, ਅਤੇ ਅੰਗਰੇਜੀ ਭਾਸ਼ਾਵਾਂ ਵਿੱਚ ਦਿੱਤੀ ਜਾ ਰਹੀ ਹੈ।

ਇਸ ਹੈਲਪਲਾਈਨ ਜਰੀਏ ਐਲੋਪੈਥੀ, ਆਯੂਰਵੈਦਿਕ ਅਤੇ ਹੋਮਿਉਪੈਥੀ ਨਾਲ ਸਬੰਧਤ ਵੱਖ ਵੱਖ ਕੇਂਦਰੀ ਅਤੇ ਸੂਬਾਈ ਯੋਜਨਾਂਵਾਂ ਅਧੀਨ ਮਿਲਦੀਆਂ ਸੁਵਿਧਾਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਹੈਲਪਲਾਈਨ ਰਾਹੀਂ ਸ਼ਰਾਬ, ਸਿਗਰਟਨੋਸ਼ੀ ਅਤੇ ਹੋਰ ਸਮਾਜਿਕ ਬੁਰਾਈਆਂ ਵਿੱਕ ਜਕੜੇ ਲੋਕਾਂ ਦੀ ਮਾਹਿਰਾਂ ਦੁਆਰਾ ਕੌਂਸਲਿੰਗ ਵੀ ਕੀਤੀ ਜਾਂਦੀ ਹੈ। ਫੀਲਡ ਵਿੱਚ ਕੰਮ ਕਰਦੇ ਪੈਰਾ ਮੈਡੀਕਲ ਸਟਾਫ ਜਿਵੇਂ ਕਿ ਏ.ਐਨ.ਐਮ., ਆਸ਼ਾ ਵਰਕਰ, ਐਲ.ਐਚ.ਵੀ. ਵਾਸਤੇ ਰਿਸੋਰਸ ਸੈਂਟਰ ਵਿਚ ਕੰਮ ਕਰਦੀ ਹੈ। ਮੈਡੀਕਲ ਹੈਲਪਲਾਈਨ 104 ਪਿੰਡ ਅਤੇ ਦੂਰ ਦਰਾਡੇ ਦੇ ਇਲਾਕੇ ਵਿੱਚ ਰਹਿੰਦੇ ਲੋਕਾਂ ਲਈ ਇਹ ਸਹੂਲਤ ਹੋਰ ਵੀ ਲਾਹੇਵੰਦ ਹੋ ਰਹੀ ਹੈ।

ਜੇਕਰ ਸਰਕਾਰੀ ਮੈਡੀਕਲ ਅਦਾਰਿਆਂ, ਪੀ.ਐਨ.ਡੀ.ਟੀ, ਜਨਮ ਅਤੇ ਮੌਤ ਸਰਟੀਫਿਕੇਟ, ਏਡਜ ਕੰਟਰੋਲ ਆਦਿ ਸੇਵਾਵਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ 104 ਨੰਬਰ ਹੈਲਪ ਲਾਈਨ ਤੇ ਇਸਦੀ ਸ਼ਿਕਾਇਤ ਵੀ ਕਰ ਸਕਦੇ ਹਨ, ਜਿਸ ਤੇ ਵਿਭਾਗ ਵੱਲੋਂ ਫੋਰਨ ਕਾਰਵਾਈ ਕੀਤੀ ਜਾਂਦੀ ਹੈ। ਮੈਡੀਕਲ ਹੈਲਪਲਾਈਨ 104 ਤੇ ਕੰਮ ਕਰ ਰਹੇ ਸਟਾਫ ਤੇ ਨਿਗ੍ਹਾ ਰੱਖਣ ਲਈ ਇਸ ਤੇ ਆਉਣ ਵਾਲੀ ਹਰ ਕਾਲ ਰਿਕਾਰਡ ਕੀਤੀ ਜਾਂਦੀ ਹੈ ਤਾਂ ਕਿ ਕੋਈ ਕਿਸੇ ਨੂੰ ਗੁਮਰਾਹ ਨਾ ਕਰ ਸਕੇ। ਪੰਜਾਬ ਸਰਕਾਰ ਦੀ ਇਸ ਸਹੂਲਤ ਦਾ ਲਾਭ ਉਠਾਉਣ ਅਤੇ ਜੇਕ ਕਿਸੇ ਨੂੰ ਕੋਈ ਡਾਕਟਰੀ ਸਲਾਹ੍ਮਸ਼ਵਰਾ ਜਾਂ ਸਹਾਇਤਾ ਚਾਹੀਦੀ ਹੋਵੇ ਤਾਂ ਉਹ 104 ਨੰਬਰ ਡਾਇਲ ਕਰਕੇ ਯੋਗ ਸਲਾਹ-ਮਸ਼ਵਰਾ ਲੈ ਸਕਦਾ ਹੈ।

## ਐਂਬੂਲੈਂਸ 108

24×7 ਘੰਟੇ ਰਾਜ ਦੇ ਕੰਟਰੋਲ ਅਤੇ ਸੇਵਾ ਵਾਲੀ ਇਸ ਐਂਬੂਲੈਂਸ ਵਿੱਚ ਮਰੀਜ ਦੀ ਮਦਦ ਜਾਂ ਜਾਨ ਬਚਾਉਣ ਸੰਬੰਧੀ ਸਾਰੀਆਂ ਸਹੂਲਤਾਂ ਤੇ ਔਜਾਰ ਮੌਜੂਦ ਹਨ। ਸ਼ਹਿਰ ਵਿੱਚ 20 ਮਿੰਟ ਤੇ ਪੇਂਡੂ ਖੇਤਰਾਂ ਵਿੰਚ 30 ਮਿੰਟ ਵਿੱਚ ਸੇਵਾ ਮੁਹੱਈਆਂ ਕਰਵਾਈ ਜਾਂਦੀ ਹੈ।

## ਰਾਸ਼ਟਰੀ ਸਿਹਤ ਮਿਸ਼ਨ ਅਧੀਨ ਸਮੁਦਾਇਕ ਨਿਗਰਾਨੀ

ਰਾਸ਼ਟਰੀ ਸਿਹਤ ਮਿਸ਼ਨ ਅਧੀਨ ਸਮੁਦਾਇਕ ਨਿਗਰਾਨੀ ਤੋਂ ਭਾਵ ਹੈ ਕਿ ਪਿੰਡ ਪੱਧਰ 'ਤੇ ਲੋਕਾਂ ਨੂੰ ਮਿਲਣ ਵਾਲੀਆਂ ਸਿਹਤ ਸੇਵਾਵਾਂ ਦੀ ਨਿਗਰਾਨੀ ਕਰਨਾ, ਜਿਹੜੀ ਕਿ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦੇ ਮੈਂਬਰਾਂ ਵੱਲੋਂ ਕੀਤੀ ਜਾਣੀ ਹੈ। ਇਸ ਲਈ ਕਮੇਟੀ ਦੇ ਮੈਂਬਰਾਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਟ੍ਰੇਨਿੰਗ ਦੌਰਾਨ ਕਮੇਟੀ ਦੇ ਮੈਂਬਰਾਂ ਨੂੰ ਸਿਹਤ ਰਿਪੋਰਟ ਕਾਰਡ ਭਰਨ ਲਈ ਪਿੰਡ ਦੇ ਲੋਕਾਂ ਤੋਂ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਇਕੱਠੀ ਕਰਨੀ ਪਵੇਗੀ। ਆਸ਼ਾ ਵਰਕਰ ਨਾਲ ਮਿਲ ਕੇ ਔਰਤ ਸੁਰੱਖਿਆ ਯੋਜਨਾ, ਮਾਂ ਅਤੇ ਬੱਚੇ ਦੀ ਸਿਹਤ ਸਬੰਧੀ ਜਾਣਕਾਰੀ, ਬੰਧਨ ਮੁਕਤ ਫੰਡ, ਬਿਮਾਰੀਆਂ ਬਾਰੇ ਜਾਣਕਾਰੀ, ਪਿੰਡ ਵਿਚ ਇਲਾਜ ਯੋਗ ਸੇਵਾਵਾਂ ਦੀ ਜਾਣਕਾਰੀ ਇੱਕਠੀ ਕਰਕੇ ਸਿਹਤ ਰਿਪੋਰਟ ਕਾਰਡ ਵਿਚ ਭਰੀ ਜਾਵੇਗੀ। ਸਿਹਤ ਕਾਰਡ ਵਿਚ ਤਿੰਨ ਰੰਗ ਹਰਾ, ਪੀਲਾ ਤੇ ਲਾਲ ਦਰਸਾਏ ਗਏ ਹਨ।

ਸੂਚਨਾ ਇਕੱਤਰ ਕਰਨ ਉਪਰੰਤ ਨਿਰਧਾਰਤ ਖਾਨਿਆਂ ਵਿੱਚ ਸੂਚਨਾ ਦਰਜ ਕੀਤੀ ਜਾਵੇਗੀ। ਹਰੇ ਕਾਰਡ ਤੋਂ ਭਾਵ ਹੈ ਕਿ ਪਿੰਡ ਦੀ ਕਾਰਗੁਜ਼ਾਰੀ ਬਹੁਤ ਹੀ ਚੰਗੀ ਹੈ, ਪੀਲੇ ਕਾਰਡ ਤੋਂ ਭਾਵ ਹੈ ਕਿ ਪਿੰਡ ਦੀ ਕਾਰਗੁਜ਼ਾਰੀ ਚਿੰਤਾ ਦਾ ਵਿਸ਼ਾ ਹੈ ਅਤੇ ਲਾਲ ਕਾਰਡ ਤੋਂ ਭਾਵ ਹੈ ਕਿ ਪਿੰਡ ਦੀ ਕਾਰਗੁਜ਼ਾਰੀ ਬਹੁਤ ਹੀ ਖਰਾਬ ਹੈ। ਸੂਚਨਾ ਇਕੱਤਰ ਕਰਨ ਉਪਰੰਤ ਹੈਲਥ ਸੈਂਟਰ ਦੇ ਅਧਿਕਾਰੀਆਂ, ਪੈਰਾਮੈਡੀਕਲ ਸਟਾਫ, ਏ.ਐਨ.ਐਮ., ਆਂਗਨਵਾੜੀ ਵਰਕਰ, ਆਸ਼ਾ, ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਗਰਾਮ ਸਭਾ ਦੇ ਮੈਂਬਰਾਂ ਦੀ ਮੌਜੂਦਗੀ ਵਿੱਚ ਪਿੰਡ ਦੇ ਸਿਹਤ ਰਿਪੋਰਟ ਕਾਰਡ ਅਤੇ ਲੋਕਾਂ ਨੂੰ ਮਿਲਣ ਵਾਲੀਆਂ ਸਿਹਤ ਸੇਵਾਵਾਂ ਨੂੰ ਹੋਰ ਚੰਗਾ ਬਣਾਉਣ ਬਾਰੇ ਚਰਚਾ ਕੀਤੀ ਜਾਂਦੀ ਚਾਹੀਦੀ ਹੈ।

## ਬੇਟੀ ਬਚਾਓ ਬੇਟੀ ਪੜ੍ਹਾਓ

ਭਾਰਤ ਵਿੱਚ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਦਾ ਲਿੰਗ ਅਨੁਪਾਤ ਦਰ 918 ਲੜਕੀਆਂ ਪ੍ਰਤੀ 1000 ਲੜਕੇ ਹੈ। ਭਾਵੇਂ ਆਜਾਦੀ ਦੇ 67 ਵਰ੍ਹਿਆਂ ਬਾਅਦ ਦੇਸ਼ ਨੇ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਤਰੱਕੀ ਕੀਤੀ ਹੈ ਅਤੇ ਇਸ ਤਰੱਕੀ ਵਿੱਚ ਮਹਿਲਾਵਾਂ ਦਾ ਅਹਿਮ ਰੋਲ ਹੈ, ਪ੍ਰੰਤੂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਮਹਿਲਾਵਾਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਹੱਕ ਦਿਵਾਉਣ ਦਾ ਸੁਪਨਾ ਅਜੇ ਵੀ ਅਧੂਰਾ ਹੈ। ਦੇਸ਼ ਵਿਆਪੀ ਕੰਨਿਆ ਭਰੂਣ ਹੱਤਿਆ ਦਾ ਪ੍ਰਚਲਣ, ਝੂਠੀ ਸ਼ਾਨ ਅਤੇ ਇੱਜਤ ਲਈ ਔਰਤਾਂ ਦਾ ਕਤਲ ਅਤੇ ਇਹਨਾਂ ਉਤੇ ਅਣਮਨੁੱਖੀ ਅੱਤਿਆਚਾਰਾਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਬਹੁਮੁੱਖੀ ਵਿਕਾਸ ਦੇ ਲਗਪਗ 7 ਦਹਾਕੇ ਬੀਤ ਜਾਣ ਦੇ ਬਾਵਜੂਦ ਸਾਨੂੰ ਬੱਚੀਆਂ/ਮਹਿਲਾਵਾਂ ਨੂੰ ਬਚਾਉਣ ਅਤੇ ਉਹਨਾਂ ਦੀਆਂ ਭਲਾਈ ਸਬੰਧੀ ਸਕੀਮਾਂ ਬਣਾਉਣ ਦੀ ਲੋੜ ਲਗਾਤਾਰ ਮਹਿਸੂਸ ਹੁੰਦੀ ਰਹੀ ਹੈ। ਪੀ.ਸੀ.ਐਂਡ ਪੀ.ਐਨ.ਡੀ.ਟੀ. ਐਕਟ ਨੂੰ ਹੋਂਦ ਵਿੱਚ ਆਏ ਨੂੰ ਲਗਪਗ 20 ਸਾਲ ਹੋ ਗਏ ਹਨ ਪਰ ਅਜੇ ਤੱਕ ਇਸ ਦੇ ਉਮੀਦ ਅਨੁਸਾਰ ਨਤੀਜੇ ਨਹੀਂ ਨਿੱਕਲ ਸਕੇ। ਵੱਡੀ ਗਿਣਤੀ ਵਿੱਚ ਲੜਕੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਕੁੱਖ ਵਿੱਚ ਮਾਰਿਆ ਜਾ ਰਿਹਾ ਹੈ।

ਇਸੇ ਲਈ ਭਾਰਤ ਸਰਕਾਰ ਵਲੋਂ **"ਬੇਟੀ ਬਚਾਓ ਬੇਟੀ ਪੜ੍ਹਾਓ"** ਅਭਿਆਨ ਸ਼ੁਰੂ ਕੀਤਾ ਗਿਆ ਹੈ। ਕੰਨਿਆ ਭਰੂਣ ਹੱਤਿਆ ਦਾ ਮੁੱਖ ਕਾਰਨ ਸਮਾਜ ਵਿੱਚ ਲੜਕੀਆਂ ਪ੍ਰਤੀ ਵਿਤਕਰਾ-ਪੂਰਨ ਰਵੱਈਆ, ਨਰ ਸੰਤਾਨ ਦੀ ਲਾਲਸਾ, "ਮੁੰਡੇ ਹੀ ਵੰਸ਼ ਚਲਾਉਣਗੇ ਅਤੇ ਕੁੜੀਆਂ ਤਾਂ ਪਰਵਾਰ ਅਤੇ ਸਮਾਜ ਉਤੇ ਬੋਝ ਹਨ" ਜਿਹੀ ਘਟੀਆ ਅਤੇ ਮੱਧਕਾਲੀਨ ਅਤੇ ਪਿਛਾਂਹ ਖਿੱਚੂ ਸੋਚ ਦਾ ਹਾਵੀ ਹੋਣਾ ਹੈ।

## ਪੰਜਾਬ ਦੀ ਤਸਵੀਰ :-

ਇਸ ਪੱਖੋਂ ਪੰਜਾਬ ਦੀ ਸਥਿਤੀ ਵੀ ਚਿੰਤਾਜਨਕ ਹੈ। ਜਿਵੇਂ 0-6 ਸਾਲ ਦੀ ਉਮਰ ਦੇ ਬੱਚਿਆਂ ਦਾ ਲਿੰਗ ਅਨੁਪਾਤ 846 ਹੈ। ਭਾਵੇਂ ਪੰਜਾਬ ਅੱਜ ਤਰੱਕੀਆਂ ਦੀ ਬੁਲੰਦੀਆ ਨੂੰ ਛੂਹ ਰਿਹਾ ਹੈ ਪਰੰਤੂ ਪ੍ਰਤੀਕੂਲ ਲਿੰਗ ਅਨੁਪਾਤ ਨਮੋਸ਼ੀ ਵਾਲੀ ਗੱਲ ਹੈ। ਇਸ ਵਿਚ ਸੁਧਾਰ ਕਰਨ ਦੀ ਲੋੜ ਹੈ। ਅਜਿਹੀ ਨਾਜ਼ੁਕ ਸਥਿਤੀ ਨਾਲ ਨਜਿੱਠਣ ਲਈ ਸਾਨੂੰ ਸਾਕਾਰਤਮਕ ਦਿਸ਼ਾ ਵੱਲ ਸਾਂਝੇ ਅਤੇ ਸੁਚੇਤ ਹੰਭਲੇ ਮਾਰਨ ਦੀ ਜ਼ਰੂਰਤ ਹੈ।

ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਪੰਜਾਬ ਦੇ 11 ਜ਼ਿਲ੍ਹਿਆਂ ਨੂੰ ਕਵਰ ਕੀਤਾ ਜਾ ਰਿਹਾ ਹੈ ਜਿਹਨਾਂ ਵਿੱਚ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਦੀ ਲਿੰਗ ਅਨੁਪਾਤ ਦਰ ਚਿੰਤਾ ਜਨਕ ਹੈ। ਇਹ ਜ਼ਿਲ੍ਹੇ ਹਨ :-

| | |
|---|---|
| ਅੰਮ੍ਰਿਤਸਰ | ਬਰਨਾਲਾ |
| ਫਤਿਹਗੜ੍ਹ ਸਾਹਿਬ | ਫਿਰੋਜ਼ਪੁਰ |
| ਸ੍ਰੀ ਮੁਕਤਸਰ ਸਾਹਿਬ | ਪਟਿਆਲਾ |
| ਐਸ੍ਏਐਸ੍ ਨਗਰ (ਮੋਹਾਲੀ) | ਸੰਗਰੂਰ ਅਤੇ ਤਰਨਤਾਰਨ। |

ਬਾਕੀ ਜ਼ਿਲਿਆਂ ਵਿੱਚ ਸਥਿਤੀ ਮੁਕਾਬਲਤਨ ਬਿਹਤਰ ਹੈ। ਪਰੰਤੂ ਜਦ ਤੱਕ ਅਸੀਂ ਰਾਸ਼ਟਰੀ ਪੱਧਰ ਦੇ ਲਿੰਗ ਅਨੁਪਾਤ ਦਰ ਤੱਕ ਨਹੀਂ ਪਹੁੰਚ ਜਾਂਦੇ ਉਨੀ ਦੇਰ ਤੱਕ ਸਮਾਜ ਦੀ ਸੋਚ ਅਤੇ ਦਿਸ਼ਾ ਨੂੰ ਬਦਲਣ ਲਈ ਲਗਾਤਾਰ ਯਤਨ ਕਰਨੇ ਪੈਣਗੇ ਤਾਂ ਕਿ ਸਾਡੇ ਬੱਚਿਆਂ ਦੇ ਚੰਗੇ ਭਵਿਖ ਲਈ ਇੱਕ ਵਧੀਆ, ਸੁਰੱਖਿਅਤ ਅਤੇ ਸਾਕਾਰਤਮਕ ਵਾਤਾਵਰਨ ਪੈਦਾ ਕੀਤਾ ਜਾ ਸਕੇ।

## ਬੇਟੀ ਬਚਾਓ ਬੇਟੀ ਪੜ੍ਹਾਓ ਅਭਿਆਨ :-

ਉਪਰੋਕਤ ਸਮੱਸਿਆ ਦੀ ਗੰਭੀਰਤਾ ਅਤੇ ਉਸ ਤੋਂ ਉਤਪੰਨ ਹੋਣ ਵਾਲੇ ਸੁਭਾਵਿਕ ਮਾੜੇ ਨਤੀਜਿਆਂ ਪ੍ਰਤੀ ਚਿੰਤਾ ਦੇ ਮੱਦੇ ਨਜ਼ਰ ਭਾਰਤ ਸਰਕਾਰ ਵੱਲੋਂ ਇੱਕ ਨਿਵੇਕਲੇ ਅਭਿਆਨ ਦਾ ਆਰੰਭ ਕੀਤਾ ਗਿਆ, ਜਿਸ ਨੂੰ "ਬੇਟੀ ਬਚਾਓ ਬੇਟੀ ਪੜ੍ਹਾਓ" ਦਾ ਨਾਮ ਦਿੱਤਾ ਗਿਆ ਹੈ। ਇਸ ਦਾ ਸ਼ੁੱਭ ਆਰੰਭ ਅਤੇ ਰਸਮੀ ਉਦਘਾਟਨ 22 ਜਨਵਰੀ 2015 ਨੂੰ ਕੀਤਾ ਗਿਆ ਸੀ।

## ਮੁੱਖ ਮੰਤਵ :-

ਬੱਚੀ ਦੇ ਜਨਮ ਦੀ ਖੁਸ਼ੀ ਮਨਾਉਣਾ ਅਤੇ ਉਸਦੀ ਸਿੱਖਿਆ ਦਾ ਉੱਚਿਤ ਪ੍ਰਬੰਧ ਕਰਨਾ।

## ਉਦੇਸ਼:-

- ਅਲਟਰਾਸੋਨੋਗ੍ਰਾਫੀ ਦੁਆਰਾ ਗਰਭ ਕਾਲ ਦੌਰਾਨ ਲਿੰਗ ਦਾ ਪਤਾ ਲਗਾ ਕੇ ਕੰਨਿਆ ਭਰੂਣ ਹੱਤਿਆ ਕਰਨ ਦੀ ਪ੍ਰਵਿਰਤੀ ਨੂੰ ਰੋਕਣਾ।
- ਲੜਕੀਆਂ ਦੀ ਹੋਂਦ, ਸਿੱਖਿਆ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ।
- ਉਹਨਾਂ ਦੇ ਪਾਲਣ ਪੋਸ਼ਣ ਅਤੇ ਵਿਕਾਸ ਲਈ ਸਾਕਾਰਤਮਕ ਵਾਤਾਵਰਣ ਦਾ ਪ੍ਰਬੰਧ ਕਰਨਾ।

- ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦਾ ਦਰਜਾ ਦਿਵਾਉਣ ਲਈ ਉਪਰਾਲੇ ਕਰਨਾ ਤਾਂ ਜੋ ਮਾਪੇ ਲੜਕੀਆਂ ਨੂੰ ਬੋਝ ਨਾ ਸਮਝਣ।

ਇਹ ਇੱਕ ਰਾਸ਼ਟਰੀ ਅਭਿਆਨ ਹੈ ਜਿਸ ਅਧੀਨ 0 ਤੋਂ 6 ਸਾਲ ਦੀ ਉਮਰ ਦੇ ਲੜਕੇ ਅਤੇ ਲੜਕੀਆਂ ਦੇ ਘੱਟ ਲਿੰਗ ਅਨੁਪਾਤ ਵਾਲੇ ਦੇਸ ਦੇ 100 ਜ਼ਿਲ੍ਹਿਆਂ ਨੂੰ ਚੁਣਿਆ ਗਿਆ ਹੈ, ਜਿਸ ਵਿਚ ਪੰਜਾਬ ਦੇ 11 ਜ਼ਿਲ੍ਹਿਆਂ ਨੂੰ ਸਾਮਲ ਕੀਤਾ ਗਿਆ ਹੈ। ਇਹ ਅਭਿਆਨ ਮਹਿਲਾ ਬਾਲ ਵਿਕਾਸ ਵਿਭਾਗ, ਸਿਹਤ ਅਤੇ ਪਰਵਾਰ ਕਲਿਆਣ ਵਿਭਾਗ ਅਤੇ ਮਨੁੱਖੀ ਸਰੋਤਾਂ ਦੇ ਵਿਕਾਸ ਵਿਭਾਗ ਦੇ ਸਾਂਝੇ ਯਤਨਾਂ ਨਾਲ ਚਲਾਇਆ ਜਾ ਰਿਹਾ ਹੈ। ਤਿੰਨਾਂ ਵਿਭਾਗਾਂ ਦੇ ਪ੍ਰਭਾਵਕਾਰੀ ਸਹਿਯੋਗ ਨਾਲ ਪੂਰੇ ਭਾਰਤ ਵਿੱਚ ਪ੍ਰਾਪਤ ਕੀਤੇ ਜਾਣ ਵਾਲੇ ਟੀਚਿਆਂ ਦਾ ਅਨੁਮਾਨ ਲਗਾਇਆ ਗਿਆ ਹੈ। ਇਹਨਾਂ ਤੋਂ ਇਲਾਵਾ ਹੋਰ ਵੱਖ ਵੱਖ ਸਰਕਾਰੀ ਵਿਭਾਗਾ ਅਤੇ ਗੈਰ ਸਰਕਾਰੀ ਸੰਸਥਾਵਾਂ ਦਾ ਵੀ ਸਹਿਯੋਗ ਲਿਆ ਜਾਵੇਗਾ।

**ਪ੍ਰਾਪਤ ਕੀਤੇ ਜਾਣ ਵਾਲੇ ਟੀਚੇ :-**

- ਲਿੰਗ ਅਨੁਪਾਤ ਨਾ ਬਰਾਬਰੀ ਵਾਲੇ 100 ਨਾਜ਼ੁਕ ਜਿਲ੍ਹਿਆਂ ਵਿਚ ਹਰ ਸਾਲ 10 ਅੰਕਾਂ ਦੇ ਵਾਧੇ ਦਾ ਟੀਚਾ।
- ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਲੜਕੇ ਲੜਕੀਆਂ ਦੀ ਮੌਤ ਦੀ ਦਰ ਜੋ ਕਿ 2011 ਦੌਰਾਨ 8 ਅੰਕ ਸੀ ਤੋਂ ਘਟਾ ਕੇ ਸਾਲ 2017 ਤੱਕ 4 ਅੰਕ ਕਰਨ ਦਾ ਟੀਚਾ।
- 5 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਵਿੱਚ ਖੂਨ ਦੀ ਕਮੀ ਅਤੇ ਕੁਪੋਸ਼ਣ ਨੂੰ ਖਤਮ ਕਰਕੇ ਘੱਟ ਭਾਰ ਵਾਲੀਆਂ ਬੱਚੀਆਂ ਦਾ ਪੋਸ਼ਣ ਪੱਧਰ ਉੱਚਾ ਚੁੱਕਣਾ।
- ਆਈ.ਸੀ.ਡੀ.ਐਸ. ਸਕੀਮ ਦੀ ਸਰਵ ਵਿਆਪਕਤਾ ਨੂੰ ਕਾਇਮ ਕਰਕੇ ਲੜਕੀਆਂ ਦੇ ਆਂਗਣਵਾੜੀ ਸੈਂਟਰਾਂ ਵਿੱਚ ਦਾਖਲੇ ਅਤੇ ਉਨ੍ਹਾਂ ਲਈ ਸਿਹਤ ਸਹੂਲਤਾਂ ਦਾ ਪ੍ਰਬੰਧ ਅਤੇ ਬਰਾਬਰ ਦੀ ਦੇਖ ਰੇਖ, ਰਾਸ਼ਟਰੀ ਪੇਂਡੂਸਿਹਤ ਮਿਸ਼ਨ ਅਤੇ ਜੱਚਾ ਬੱਚਾ ਸੁਰੱਖਿਆ ਕਾਰਡ ਦੀ ਲਾਜ਼ਮੀ ਅਤੇ ਢੁੱਕਵੀਂ ਵਰਤੋਂ ਕਰਨ ਦਾ ਟੀਚਾ।
- ਸੈਕੰਡਰੀ ਸਕੂਲਾਂ ਵਿੱਚ ਲੜਕੀਆਂ ਦੀ ਸ਼ਮੂਲੀਅਤ ਸਾਲ 2013-14 ਵਿੱਚ 76 ਫੀਸਦੀ ਤੋਂ ਸਾਲ 2017 ਤੱਕ 79 ਫੀਸਦੀ ਕਰਨ ਦਾ ਟੀਚਾ।
- ਸਾਲ 2017 ਦੇ ਅਖੀਰ ਤੱਕ ਘੱਟ ਲਿੰਗ ਅਨੁਪਾਤ (CSR) ਵਾਲੇ ਜ਼ਿਲ੍ਹਿਆਂ ਵਿੱਚ ਲੜਕੀਆਂ ਲਈ ਸਕੂਲਾਂ ਵਿੱਚ 100 ਫੀਸਦੀ ਪਖਾਨਿਆਂ ਦੇ ਪ੍ਰਬੰਧ ਕਰਨ ਦਾ ਟੀਚਾ।
- ਲੜਕੀਆਂ ਨੂੰ ਭੈਅ ਮੁਕਤ ਅਤੇ ਸੁਰੱਖਿਅਤ ਵਾਤਾਵਰਣ ਉਪਲਬਧ ਕਰਾਉਣ ਲਈ ਸ਼ਗਰਵਕਫਵਜਰਅ ਰਾਂ ਡਜ਼ਿਗ;ਦਗਕਅ ਗਿਰਠ ਛਕਘਚ; +ਕਿਅਫਕਤ ^ਫਵ (ਸ਼+ਝਛ+) ਨੂੰ ਸਖਤੀ ਅਤੇ ਸਹੀ ਤਰੀਕੇ ਨਾਲ ਲਾਗੂ ਕਰਾਉਣ ਦਾ ਟੀਚਾ।
- ਘੱਟ ਰਹੀ ਚਾਈਲਡ ਸੈਕਸ ਰੇਸ਼ੋ (ਝਛਵ) ਵਿੱਚ ਸੁਧਾਰ ਲਿਆਉਣਾ, ਲੜਕੀਆਂ ਦਾ ਸਹੀ ਪਾਲਣ ਪੋਸ਼ਣ ਅਤੇ ਉਹਨਾਂ ਦੀ ਸਿੱਖਿਆ ਦਾ ਪੁਖਤਾ ਪ੍ਰਬੰਧ ਕਰਨ ਲਈ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ, ਹੇਠਲੇ ਪੱਧਰ ਤੇ ਕੰਮ ਕਰਨ ਵਾਲੇ ਵਰਕਰਾਂ ਅਤੇ ਸਮਾਜ ਦੇ ਮੋਹਰੀਆਂ ਜੋ ਕਿ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਵਿੱਚ ਵਧੀਆ ਯੋਗਦਾਨ ਪਾ ਸਕਦੇ ਹੋਣ ਨੂੰ ਸਰਗਰਮ ਕਰਨਾ ਅਤੇ ਸਮਾਜ ਲਈ ਵਧੀਆ ਮਾਰਗ ਦਰਸ਼ਕ ਬਣਾਉਣ ਦਾ ਟੀਚਾ।

**ਧਾਰੇ ਜਾਣ ਕੀਤੇ ਜਾਣ ਵਾਲੇ ਸਮੂਹ :-**

- **ਬੁਨਿਆਦੀ ਪੱਧਰ (ਪ੍ਰਾਇਮਰੀ ਪੱਧਰ)** :- ਨੌਜਵਾਨ ਅਤੇ ਨਵ-ਵਿਆਹੇ ਜੋੜੇ, ਗਰਭਵਤੀ ਅਤੇ ਦੁੱਧ ਪਿਲਾਉਦੀਆਂ ਮਾਵਾਂ, ਮਾਪੇ।
- **ਸੈਕੰਡਰੀ ਲੈਵਲ** :- ਯੁਵਕ, ਪੱਧਰ (ਲੜਕਾ ਅਤੇ ਲੜਕੀ), ਸਹੁਰਾ ਪਰਵਾਰ, ਮੈਡੀਕਲ ਡਾਕਟਰਜ/ਪ੍ਰੈਕਟੀਸ਼ਨਰਜ, ਪ੍ਰਾਈਵੇਟ ਹਸਪਤਾਲ, ਨਰਸਿੰਗ ਹੋਮ ਅਤੇ ਡਾਇਗਨੋਸਟਿਕ ਸੈਂਟਰ।
- **ਤੀਸਰਾ ਸਮੂਹ** :- ਕਰਮਚਾਰੀ/ਅਧਿਕਾਰੀ ਪੰਚਾਇਤੀ ਰਾਜ ਦੇ ਨੁਮਾਇੰਦੇ, ਫਰੰਟ ਲਾਈਨ ਵਰਕਰਜ਼, ਔਰਤਾਂ ਦੇ ਸਮੂਹ/ਸੈਲਫ-ਹੈਲਪ ਗਰੁੱਪ, ਸਮਾਜਿਕ ਲੀਡਰ, ਵਾਲੰਟੀਅਰ ਸੰਸਥਾਵਾਂ, ਐਨ.ਜੀ.ਓਜ, ਮੀਡੀਆ, ਮੈਡੀਕਲ ਐਸੋਸੀਏਸ਼ਨਜ, ਇੰਡਸਟਰੀ ਐਸੋਸੀਏਸ਼ਨਜ।

## ਮੈਂ ਤੇ ਤੁਸੀ਼ ਕੀ ਕਰ ਸਕਦੇ ਹੋ?

- ਧੀਆਂ ਜੰਮਣ ਉਤੇ ਖੁਸ਼ੀਆਂ ਤੇ ਜਸ਼ਨ ਮਨਾਉਣਾ।
- ਆਪਣੀਆਂ ਧੀਆਂ ਉਤੇ ਮਾਣ ਕਰਨਾ ਅਤੇ ਉਹਨਾਂ ਨੂੰ "**ਪਰਾਇਆ ਧਨ**" ਸਮਝਣ ਦੀ ਮਾਨਸਿਕਤਾ ਦਾ ਵਿਰੋਧ ਕਰਨਾ।
- ਲੜਕੇ ਅਤੇ ਲੜਕੀਆਂ ਵਿੱਚ ਸਮਾਨਤਾ ਪੈਦਾ ਕਰਨ ਲਈ ਕੋਸ਼ਿਸ਼ਾਂ ਕਰਨਾ।
- ਬਾਲ ਵਿਆਹ ਕੰਨਿਆ ਭਰੂਣ ਹੱਤਿਆ, ਦਾਜ ਪ੍ਰਥਾ, ਔਰਤਾਂ ਉਤੇ ਹੋ ਰਹੇ ਅੱਤਿਆਚਾਰਾਂ ਦਾ ਹਮੇਸ਼ਾ ਵਿਰੋਧ ਕਰਨਾ।
- ਲੜਕੀਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣਾ ਅਤੇ ਉਹਨਾਂ ਦੀ ਪੜ੍ਹਾਈ ਨੂੰ ਬਰਕਰਾਰ ਰੱਖਣ ਦਾ ਉਪਰਾਲਾ ਕਰਨਾ।
- ਪੁਰਸ਼ਾਂ ਅਤੇ ਨੌਜਵਾਨਾਂ ਦੀ ਲਿੰਗ ਸਬੰਧੀ ਰੂੜੀਵਾਦੀ ਸੋਚ ਦਾ ਡਟ ਕੇ ਵਿਰੋਧ ਕਰਨਾ।
- ਕੰਨਿਆ ਭਰੂਣ ਹੱਤਿਆ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਸਬੰਧੀ ਪੁਲਿਸ/ਪ੍ਰਸ਼ਾਸਨ ਨੂੰ ਸੂਚਿਤ ਕਰਨਾ।
- ਆਪਣੇ ਆਸੇ ਪਾਸੇ ਅਤੇ ਗੁਆਂਢ ਵਿੱਚ ਰਹਿਣ ਵਾਲੀਆਂ ਲੜਕੀਆਂ/ਔਰਤਾਂ ਲਈ ਸੁਰੱਖਿਅਤ ਅਤੇ ਭੈਅਮੁਕਤ ਮਾਹੌਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ।
- ਬੱਚੀਆਂ/ਮਹਿਲਾਵਾਂ ਦੇ ਅਧਿਕਾਰਾਂ/ਹੱਕਾਂ ਲਈ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨੀ।
- ਬੱਚੀਆ ਲਈ ਚੰਗੀ ਸਿਹਤ ਸਿੱਖਿਆ ਅਤੇ ਪੌਸ਼ਟਿਕ ਅਹਾਰ ਮੁਹੱਈਆ ਕਰਵਾਉਣ ਲਈ ਉਪਰਾਲੇ ਕਰਨੇ।



# ਅਧਿਆਇ 4
# ਸਿੱਖਿਆ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ

## ਸਿੱਖਿਆ ਦਾ ਅਧਿਕਾਰ ਐਕਟ

ਸਿੱਖਿਆ ਦੇ ਅਧਿਕਾਰ ਦਾ ਬਿਲ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚੋਂ ਪਾਸ ਹੋਣ ਉਪਰੰਤ ਅਤੇ ਰਾਸ਼ਟਪਤੀ ਦੀ ਪ੍ਰਵਾਨਗੀ ਤੋਂ ਬਾਅਦ 27 ਅਗਸਤ 2009 ਨੂੰ ਭਾਰਤੀ ਸੰਵਿਧਾਨ ਦੇ ਅੰਤਰਗਤ ਮੁਫਤ ਅਤੇ ਲਾਜ਼ਮੀ ਸਿੱਖਿਆ ਐਕਟ-2009 ਵਜੋ ਦਰਜ ਹੋ ਗਿਆ ਹੈ ਜਿਹੜਾ ਬੱਚਿਆਂ ਦੇ ਸਿੱਖਿਆ ਅਧਿਕਾਰਾਂ ਦੀ ਰਾਖੀ ਕਰੇਗਾ। ਇਹ ਐਕਟ 6 ਤੋਂ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਾਸਤੇ ਸਰਵ ਵਿਆਪੀ ਮੁੱਢਲੀ ਸਿੱਖਿਆ ਦੀ ਸੰਵਿਧਾਨਕ ਗਾਰੰਟੀ ਨੂੰ ਸਾਕਾਰ ਕਰਨ ਲਈ ਢਾਚਾਂਗਤ ਚੌਖਟਾ/ਢੰਗ ਤਰੀਕੇ ਪ੍ਰਦਾਨ ਕਰੇਗਾ। ਇਸ ਐਕਟ ਦੇ ਸੱਤ ਅਧਿਆਇ ਹਨ। ਸਮੁੱਚੇ ਐਕਟ ਨੂੰ ਵਿਸਥਾਰਤ ਕਰਨ ਲਈ 38 ਧਾਰਾਵਾਂ ਵਿੱਚ ਦਰਸਾਇਆ ਗਿਆ ਹੈ।

ਪਹਿਲੇ ਅਧਿਆਇ ਵਿੱਚ ਐਕਟ ਦੇ ਸਿਰਲੇਖ, ਦਾਇਰੇ ਅਤੇ ਪ੍ਰਾਰੰਭ ਦੀ ਵਿਆਖਿਆ ਕੀਤੀ ਗਈ ਹੈ (ਧਾਰਾ 1-2)। ਦੂਸਰੇ ਵਿੱਚ ਮੁੱਢਲੀ ਸਿੱਖਿਆ ਸੰਪੰਨ ਨਹੀਂ ਕਰ ਸਕੇ, ਲਈ ਖਾਸ ਪ੍ਰਬੰਧਾਂ ਅਤੇ ਬੱਚੇ ਵੱਲੋਂ ਇੱਕ ਸਕੂਲ ਤੋਂ ਦੂਸਰੇ ਸਕੂਨ ਵਿੱਚ ਤਬਦੀਲ ਹੋਣ ਦੇ ਅਧਿਕਾਰ ਦਾ ਜ਼ਿਕਰ ਹੈ (3-5 ਧਾਰਾ)। ਤੀਸਰੇ ਅਧਿਆਇ ਵਿੱਚ ਸਕੂਲ ਸਥਾਪਤ ਕਰਨ ਲਈ ਉਚਿਤ ਸਰਕਾਰੀ ਜਾਂ ਸਥਾਨਕ ਅਧਿਕਾਰੀ ਦੀ ਜ਼ਿੰਮੇਵਾਰੀ, ਵਿੱਤੀ ਅਤੇ ਦੂਸਰੀਆਂ ਜ਼ਿੰਮੇਵਾਰੀਆਂ ਦੀ ਹਿੱਸੇਦਾਰੀ, ਉਚਿਤ ਸਰਕਾਰੀ ਅਧਿਕਾਰੀ,ਸਥਾਨਕ ਅਧਿਕਾਰੀਆਂ ਅਤੇ ਮਾਪਿਆਂ ਜਾਂ ਗਾਰਡੀਅਨਜ਼ ਦੇ ਫਰਜ਼ਾਂ, ਸਕੂਲ ਦਾਖਲ ਹੋਣ ਅਤੇ ਉਸ ਤੋਂ ਪਹਿਲਾਂ ਦੀ ਸਿੱਖਿਆ ਲਈ ਸਕੂਲ ਦਾ ਜ਼ਿੰਮੇਵਾਰੀ ਖੇਤਰ, ਦਾਖਲੇ ਦੌਰਾਨ ਪੁਣਛਾਣ ਕਰਨ ਵਾਲੇ ਮਾਪਦੰਡਾਂ ਅਤੇ ਕੈਪੀਟੇਸ਼ਨ ਫੀਸ ਨਾ ਵਸੂਲਣ, ਦਾਖਲੇ ਦੌਰਾਨ ਉਮਰ ਦਾ ਸਬੂਤ, ਬੱਚੇ ਨੂੰ ਸਕੂਲ ਵਿਚੋਂ ਬੇਦਖਲ ਜਾਂ ਪਿਛਲੀ ਜਮਾਤ ਵਿੱਚ ਕਰਨ ਤੇ ਪਾਬੰਦੀ, ਬੱਚੇ ਨੂੰ ਮਾਨਸਿਕ ਅਤੇ ਸਰੀਰਕ ਤਸੀਹੇ ਦੇਣ ਤੇ ਪਾਬੰਦੀ, ਮਾਨਤਾ ਪ੍ਰਾਪਤ ਦਾ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਗੈਰ ਕੋਈ ਵੀ ਸਕੂਲ ਸਥਾਪਤ ਕਰਨ ਤੇ ਪਾਬੰਦੀ, ਸਕੂਲ ਲਈ ਨਿਰਧਾਰਤ ਨਿਯਮਾਂ ਅਤੇ ਮਾਪਦੰਡਾਂ, ਸੂਚੀ ਵਿਚ ਸੋਧ ਕਰਨ ਦੇ ਅਧਿਕਾਰ, ਸਕੂਲ ਪ੍ਰਬੰਧਕੀ ਕਮੇਟੀ, ਸਕੂਲ ਵਿਕਾਸ ਯੋਜਨਾ, ਅਧਿਆਪਕਾਂ ਦੀ ਨਿਯੁਕਤੀ ਲਈ ਯੋਗਤਾ ਅਤੇ ਸੇਵਾਵਾਂ ਲਈ ਨਿਯਮ ਮਾਪਦੰਡ ਅਤੇ ਸ਼ਰਤਾਂ, ਅਧਿਆਪਕਾਂ ਦੇ ਫਰਜ਼, ਅਧਿਆਪਕਾਂ ਦੇ ਗਿਲੇ ਸ਼ਿਕਵੇ ਹੱਲ ਕਰਨੇ, ਅਧਿਆਪਕ ਵਿਦਿਆਰਥੀ ਅਨੁਪਾਤ, ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ, ਅਧਿਆਪਕਾਂ ਵੱਲੋਂ ਗੈਰ ਵਿਦਿਅਕ ਮੰਤਵਾਂ ਲਈ ਕੰਮ ਕਰਨ ਤੇ ਪਾਬੰਦੀ ਅਤੇ ਅਧਿਆਪਕਾਂ ਵੱਲੋਂ ਟਿਊਸ਼ਨ ਤੇ ਪਾਬੰਦੀ ਦਾ ਜ਼ਿਕਰ ਕੀਤਾ ਗਿਆ ਹੈ (ਧਾਰਾ 12-28)। ਪੰਜਵੇਂ ਅਧਿਆਇ ਵਿੱਚ ਸਿਲੇਬਸ ਅਤੇ ਮੁਲਾਂਕਣ ਮਾਪਦੰਡਾਂ , ਇਮਤਿਹਾਨਾਂ ਅਤੇ ਸਰਟੀਫਿਕੇਟ ਮੁਕੰਮਲ ਕਰਨ ਸਬੰਧੀ ਵੇਰਵੇ ਹਨ (ਧਾਰਾ 20-30)। ਛੇਵੇਂ ਅਧਿਆਇ ਵਿੱਚ ਬੱਚੇ ਦੇ ਸਿੱਖਿਆ ਅਧਿਕਾਰ ਦੇ ਨਿਰੀਖਣ, ਸ਼ਿਕਾਇਤਾਂ/ਗਿਲੇ ਸ਼ਿਕਵਿਆਂ ਦੇ ਨਿਪਟਾਰੇ, ਰਾਸ਼ਟਰੀ ਸਲਾਹਕਾਰ ਕੌਂਸਲ ਅਤੇ ਰਾਜ ਸਲਾਹਕਾਰ ਕੌਂਯਲ ਦੀ ਸਥਾਪਨਾ ਦਾ ਵੇਰਵਾ ਹੈ (ਧਾਰਾ 31-34)। ਅਖੀਰਲੇ ਅਧਿਆਇ ਵਿੱਚ ਨਿਰਦੇਸ਼ ਜਾਰੀ ਕਰਨ ਦੀਆਂ ਸ਼ਕਤੀਆਂ, ਮੁਕੱਦਮਾ ਚਲਾਉਣ ਲਈ ਪਹਿਲਾਂ ਮਨਜ਼ੂਰੀ ਲੈਣ, ਸਿੱਖਆ ਦੀ ਬੇਹਤਰੀ ਲਈ ਕੀਤੇ ਗਏ ਕਾਰਜਾਂ ਦੀ ਸੁਰੱਖਿਆ ਅਤੇ ਨਿਯਮ ਬਣਾਉ ਲਈ ਉਚਿਤ ਅਧਿਕਾਰੀਆਂ ਦੀਆਂ ਸ਼ਕਤੀਆਂ ਬਾਬਤ ਦੱਸਿਆ ਗਿਆ ਹੈ।

**ਸਿੱਖਿਆ ਐਕਟ ਅਧੀਨ ਦਰਸਾਈ ਸੂਚੀ**
**(ਕਿਸੇ ਸਕੂਲ ਲਈ ਨਿਯਮ ਅਤੇ ਮਾਪਦੰਡ)**

| ਵਿਸ਼ਾ | ਨਿਯਮ ਅਤੇ ਮਾਪਦੰਡ | |
|---|---|---|
| (1) ਅਧਿਆਪਕਾਂ ਦੀ ਗਿਣਤੀ | ਦਾਖਲ ਕੀਤੇ ਵਿਦਿਆਰਥੀ | ਅਧਿਆਪਕਾਂ ਦੀ ਗਿਣਤੀ |
| | 60 ਤੀਕ | ਦੋ |
| | 60 ਤੋਂ 90 ਤੀਕ | ਤਿੰਨ |
| | 90 ਤੋਂ 120 ਅੰਕ | ਚਾਰ |
| | 121 ਤੋਂ 200 ਅੰਕ | ਪੰਜ |
| | 150 ਤੋਂ ਜ਼ਿਆਦਾ | ਪੰਜ ਅਧਿਆਪਕ ਅਤੇ ਇੱਕ (ਹੈਡਮਾਸਟਰ ਤੋਂ ਬਗੈਰ) 40 ਤੋਂ ਵਧੇਰੇ ਨਹੀਂ |
| | 200 ਤੋਂ ਜ਼ਿਆਦਾ | ਵਿਦਿਆਰਥੀ ਅਧਿਆਪਕ ਅਨੁਪਾਤ (ਹੈਡਮਾਸਟਰ ਤੋਂ ਬਗੈਰ) 40 ਤੋਂ ਵਧੇਰੇ ਨਹੀਂ |
| ਅ) ਛੇਵੀ ਤੋਂ ਅੱਠਵੀਂ ਤੀਕ | | (1) ਹਰ ਜਮਾਤ ਲਈ ਘੱਟੋ ਘੱਟ ਇੱਕ ਅਧਿਆਪਕ ਤਾਂ ਕਿ ਸਕੂਲ ਵਿੱਚ ਹੇਠ ਲਿਖਿਆਂ ਵਿਸ਼ਿਆਂ ਬਾਬਤ ਪੜ੍ਹਾਈ ਕਰਵਾਈ ਜਾ ਸਕੇ।<br>(ੳ) ਸਾਇੰਸ ਅਤੇ ਹਿਸਾਬ<br>(ਅ) ਸਮਾਜਿਕ ਅਧਿਐਨ<br>(ੲ) ਵਿਭਿੰਨ ਭਾਸ਼ਾਵਾਂ |
| | | (2) 35 ਬੱਚਿਆਂ ਲਈ ਘੱਟੋ ਘੱਟ ਇੱਕ ਅਧਿਆਪਕ |
| | | (3) ਜਦੋਂ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 100 ਤੋਂ ਉਪਰ ਹੋ ਜਾਵੇ ਤਾਂ<br>(ੳ) ਪੂਰੇ ਸਮੇਂ ਲਈ ਇਕ ਹੈਡਮਾਸਟਰ ਲਾਜ਼ਮੀ ਹੈ<br>(ਅ) ਹੇਠ ਲਿਖੇ ਵਿਸ਼ਿਆਂ ਲਈ ਪਾਰਟ ਟਾਈਮ ਇੰਸਟਰਕਟਰ<br>(ੲ) ਕਲਾ ਸਬੰਧੀ (ਆਰਟ) ਸਿੱਖਿਆ<br>(ਸ) ਸਿਹਤ ਅਤੇ ਸ਼ਰੀਰਕ ਸਿੱਖਿਆ<br>(ਹ) ਕੰਮ ਕਾਜ ਸਬੰਧੀ (ਵਰਕ) ਸਿੱਖਿਆ |
| (2) ਇਮਾਰਤ | | ਮੌਸਮ ਅਨੁਸਾਰ ਸਕੂਲਾਂ ਦੀ ਇਮਾਰਤ ਵਿੱਚ ਹੇਠ ਲਿਖੀਆਂ ਢਾਚਾਂਗਤ ਸਹੂਲਤਾਂ ਲਾਜ਼ਮੀ ਹਨ;<br>(ੳ) ਹਰ ਅਧਿਆਪਕ ਲਈ ਘੱਟੋ ਘੱਟ ਇੱਕ ਕਲਾਸ ਰੂਮ ਅਤੇ ਦਫਤਰ੍ਕਮ-ਸਟੋਰ ਅਤੇ ਮੁੱਖ ਅਧਿਆਪਕ ਲਈ ਕਮਰਾ<br>(ਅ) ਸਕੂਲ ਪਹੁੰਚਣ ਲਈ ਕਿਸੇ ਵੀ ਭਾਵ ਆਉਣ ਜਾਣ ਦੀ ਦਿੱਕਤ ਨਾ ਆਉਂਦੀ ਹੋਵੇ<br>(ੲ) ਲੜਕੇ ਅਤੇ ਲੜਕੀਆਂ ਲਈ ਵੱਖੋ-ਵੱਖਰੇ ਪਖਾਨੇ<br>(ਸ) ਸਾਰੇ ਬੱਚਿਆਂ ਲਈ ਸੁਰੱਖਿਅਤ ਅਤੇ ਉਚਿਤ ਕਿਸਮ ਦੇ ਪੀਣ ਯੋਗ ਪਾਣੀ ਦੀ ਸਹੂਲਤ ਉਪਲਬਧ ਹੋਵੇ<br>(ਹ) ਬੱਚਿਆਂ ਲਈ ਦੁਪਹਿਰ ਦਾ ਖਾਣਾ (ਮਿਡ ਡੇ ਮੀਲ) ਬਣਾਉਣ ਲਈ ਵਧੀਆ ਰਸੋਈ ਹੋਵੇ<br>(ਕ) ਖੇਡ ਮੈਦਾਨ ਹੋਣਾ ਜ਼ਰੂਰੀ ਹੈ<br>(ਖ) ਸਕੂਲ ਦੀ ਸੁਰੱਖਿਆ ਲਈ ਚਾਰਦੀਵਾਰੀ ਜਾਂ ਵਾੜ ਦਾ ਪ੍ਰਬੰਧ ਕੀਤਾ ਜਾਣਾ ਲਾਜ਼ਮੀ ਹੈ। |

| | |
|---|---|
| (3) ਅਧਿਆਪਨ ਲਈ ਘੱਟੋ ਘੱਟ ਕੰਮ ਕਾਜੀ ਘੰਟੇ, ਅਧਿਆਪਨ ਦਿਨਾਂ ਸਬੰਧੀ ਦਿਸ਼ਾ ਨਿਰਦੇਸ਼ | (ੳ) ਪਹਿਲੀ ਤੋਂ ਪੰਜਵੀਂ ਦੀ ਸਿੱਖਿਆ ਲਈ ਘੱਟੋ ਘੱਟ 200 ਕਾਰਜਕ੍ਰਿਤ ਦਿਨ ਲਾਜ਼ਮੀ ਹਨ।<br>(ਅ) ਛੇਵੀਂ ਤੋਂ ਅੱਠਵੀਂ ਜਮਾਤ ਦੀ ਸਿੱਖਿਆ ਲਈ ਘੱਟੋ ਘੱਟ 225 ਕਾਰਜਕ੍ਰਿਤ ਦਿਨ ਜ਼ਰੂਰੀ ਹਨ।<br>(ੲ) ਪਹਿਲੀ ਤੋਂ ਪੰਜਵੀਂ ਜਮਾਤ ਵਾਸਤੇ ਇੱਕ ਅਕਾਦਮਿਕ ਵਰ੍ਹੇ ਲਈ 800 ਘੰਟੇ ਦੇ ਕੰਮ ਕਾਜ਼ੀ ਦਿਸ਼ਾ ਨਿਰਦੇਸ਼<br>(ਸ) ਛੇਵੀਂ ਤੋਂ ਅੱਠਵੀਂ ਜਮਾਤ ਵਾਸਤੇ ਇੱਕ ਅਕਾਦਮਿਕ ਵਰ੍ਹੇ ਲਈ 1000 ਘੰਟੇ ਦੇ ਕੰਮ ਕਾਜ਼ੀ ਦਿਸ਼ਾ ਨਿਰਦੇਸ਼ |
| (4) ਅਧਿਆਪਕਾਂ ਲਈ ਹਰ ਹਫਤੇ ਘੱਟੋ ਘੱਟ (ਵਰਕਿੰਗ) ਕਾਰਜਕ੍ਰਿਤ ਘੰਟੇ | ਘੱਟੋ ਘੱਟ 40-45 ਘੰਟੇ ਪੜਾਉਣਾ ਜ਼ਰੂਰੀ ਹੈ (ਇਸ ਵਿੱਚ ਲੈਕਚਰ ਦੀ ਤਿਆਰੀ ਲਈ ਲੋੜੀਂਦਾ ਸਮਾਂ ਵੀ ਸ਼ਾਮਲ ਹੈ) |
| (5) ਸਿੱਖਣ ਤੇ ਜਾਣਨ ਨਾਲ ਸਬੰਧਤ ਲੋੜੀਂਦਾ ਸਮਾਨ | ਲੋੜ ਮੁਤਾਬਕ ਹਰੇਕ ਜਮਾਤ ਨੂੰ ਪ੍ਰਦਾਨ ਕੀਤਾ ਜਾਣਾ ਜਰੂਰੀ। |
| (6) ਲਾਇਬ੍ਰੇਰੀ | ਹਰੇਕ ਸਕੂਲ ਲਈ ਇਕ ਲਾਇਬ੍ਰੇਰੀ ਜ਼ਰੂਰੀ ਹੈ। ਲਾਇਬ੍ਰੇਰੀ ਵਿੱਚ ਪੜ੍ਹਨ ਲਈ ਅਖਬਾਰਾਂ, ਰਸਾਲੇ/ਮੈਗਜ਼ੀਨ ਅਤੇ ਹਰੇਕ ਵਿਸ਼ੇ ਨਾਲ ਸਬੰਧਤ ਕਿਤਾਬਾਂ (ਜਿਸ ਵਿਚ ਕਹਾਣੀਆਂ ਦੀਆਂ ਕਿਤਾਬਾਂ ਵੀ ਸ਼ਾਮਲ ਹੋਣਗੀਆਂ) ਹੋਣੀਆਂ ਚਾਹੀਦੀਆਂ ਹਨ |
| 7) ਖੇਡ ਸਮੱਗਰੀ ਜਾਂ ਖੇਡਾਂ ਦਾ ਸਮਾਨ | ਲੋੜ ਮੁਤਾਬਿਕ ਹਰ ਸਕੂਲ ਵਿਚ ਹੋਣਾ ਜ਼ਰੂਰੀ ਹੈ |

**ਸੰਖੇਪ ਵਿੱਚ ਸਿੱਖਿਆ ਦਾ ਅਧਿਕਾਰ ਐਕਟ ਹੇਠ ਲਿਖੇ ਪੱਖਾਂ ਨੂੰ ਦ੍ਰਿਸ਼ਟੀ ਗੋਚਰ ਕਰਦਾ ਹੈ**

- ਭਾਰਤ ਦੇ 6-14 ਸਾਲ ਦੇ ਉਮਰ ਵਰਗ ਦੇ ਹਰੇਕ ਬੱਚੇ ਲਈ ਸਿੱਖਿਆ ਇੱਕ ਮੂਲ ਸਿਧਾਂਤ ਹੈ।
- ਸਮੁੱਚੇ ਭਾਈਚਾਰਿਆਂ ਦੀ ਲੋੜ ਅਨੁਸਾਰ ਤਿੰਨ ਸਾਲ ਦੇ ਵਿੱਚ-ਵਿੱਚ ਲੋੜੀਂਦੇ ਕਾਨੂੰਨ ਬਣਾ ਦਿੱਤੇ ਜਾਣਗੇ।
- ਸਕੂਲ ਵਿੱਚ ਨਾਮ ਦਰਜ ਕਰਨ ਸਮੇਂ ਕਿਸੇ ਵੀ ਵਿਦਿਆਰਥੀ ਨਾਲ ਕਿਸੇ ਵੀ ਕਿਸਮ ਦਾ ਭੇਦ ਭਾਵ ਨਹੀਂ ਕੀਤਾ ਜਾਵੇਗਾ।
- ਸਾਰੇ (ਦੋਵੇਂ ਸਰਕਾਰੀ ਅਤੇ ਨਿੱਜੀ) ਸਕੂਲਾਂ ਲਈ ਨਿਯਮ ਤੇ ਮਾਪਦੰਡ (ਸਮੇਤ ਅਧਿਆਪਕਾਂ ਦੀ ਯੋਗਤਾ) ਬਣਾਏ ਜਾਣਗੇ। ਨਿਯਮ ਨਾ ਅਪਣਾਉਣ ਵਾਲੇ ਸਕੂਲਾਂ ਨੂੰ ਸਕੂਲ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।
- ਪ੍ਰਾਈਵੇਟ ਸਕੂਲਾਂ ਵਿੱਚ ਸਮਾਜ ਦੇ ਨਿਮਾਣੇ ਭਾਵ ਸਹੂਲਤਾਂ ਤੋਂ ਸੱਖਣੇ ਵਰਗਾਂ ਲਈ 25 ਫੀਸਦੀ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ।
- ਐਕਟ ਦਾ ਮੁੱਖ ਮੰਤਵ ਰਾਸ਼ਟਰੀ ਪੱਧਰ ਤੇ ਇੱਕ ਪ੍ਰਮਾਣਿਕ ਰਾਸ਼ਟਰੀ ਸਿਲੇਬਸ ਬਣਾਉਣਾ ਹੈ।

ਉਪਰੋਕਤ ਐਕਟ ਦੀ ਰੋਸ਼ਨੀ ਵਿੱਚ ਬਹੁਤ ਸਾਰੇ ਸਿੱਖਿਆ ਸ਼ਾਸਤਰੀਆਂ, ਨੀਤੀ ਘਾੜਿਆਂ, ਗੈਰ ਸਰਕਾਰੀ ਸੰਸਥਾਵਾਂ, ਅਧਿਆਪਕਾਂ ਅਤੇ ਸਮਾਜਿਕ ਸੰਸਥਾਵਾਂ ਨੇ ਐਕਟ ਨਾਲ ਸਬੰਧਤ ਵਿਭਿੰਨ ਧਾਰਾਵਾਂ ਵਿਚਲੀਆਂ ਖਾਮੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਦੇ ਜਵਾਬ ਵਿੱਚ ਮਨੁੱਖੀ ਸਾਧਨਾਂ ਦੇ ਵਿਕਾਸ ਮੰਤਰਾਲੇ ਨੇ ਯਕੀਨ ਦਿਵਾਇਆ ਹੈ ਕਿ ਕਿ ਐਕਟ ਵਿਚਲੀਆਂ ਖਾਮੀਆਂ ਨੂੰ ਮੱਦੇ ਨਜ਼ਰ ਰੱਖਦਿਆਂ ਜੇ ਲੋੜ ਪਈ ਤਾਂ ਵਿਭਿੰਨ ਮੱਦਾਂ ਵਿੱਚ ਲੋੜੀਂਦੀ ਸੋਧ ਕੀਤੀ ਜਾ ਸਕਦੀ ਹੈ।

- ਗੁਣਾਤਮਕ ਸਿੱਖਿਆ ਪ੍ਰਦਾਨ ਕਰਨ ਲਈ ਇਸ ਗੱਲ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਬੱਚੇ ਦੇ ਪੜ੍ਹਨ ਅਤੇ ਲਿਖਣ ਵੱਲ ਵਿਸ਼ੇਸ ਧਿਆਨ ਦਿੱਤਾ ਜਾਵੇ। ਯਾਦ ਰਹੇ ਕਿ ਸਿੱਖਿਆ ਬਾਬਤ ਸਲਾਨਾ ਸਥਿਤੀ ਰਿਪੋਰਟ (ਦਿਹਾਤੀ) 2008 ਅਨੁਸਾਰ ਭਾਰਤ ਦੇ ਬਹੁਤੇ ਦਿਹਾਤੀ ਸਕੂਲਾਂ ਵਿੱਚ ਅੱਠਵੀਂ ਜਮਾਤ ਵਿੱਚ ਪੜ੍ਹਦੇ ਬੱਚੇ ਦੂਜੀ ਜਮਾਤ ਦੀ ਕਿਤਾਬ ਨੂੰ ਵੀ ਪੜ੍ਹਨ ਤੋਂ ਅਸਮਰਥ ਹਨ।
- ਬੱਚੇ ਦੀ ਉਮਰ ਨੂੰ ਵੇਖ ਕੇ ਕਿਸੇ ਵੀ ਜਮਾਤ ਵਿੱਚ ਦਾਖਲ ਕਰਨਾ ਜਾਇਜ਼ ਨਹੀਂ ਹੋਵੇਗਾ। ਮਿਸਾਲ ਦੇ ਤੌਰ ਤੇ 10 ਸਾਲ ਦੀ ਉਮਰ ਦਾ ਉਹ ਬੱਚਾ ਜਿਹੜਾ ਕਦੇ ਵੀ ਸਕੂਲ ਨਹੀਂ ਗਿਆ, ਉਸਨੂੰ ਚੌਥੀ ਜਾਂ ਪੰਜਵੀਂ ਜਮਾਤ ਵਿੱਚ ਦਾਖਲ ਕਰਨਾ ਉਚਿਤ ਨਹੀਂ ਹੋਵੇਗਾ ਕਿਉਂਕਿ ਉਹ ਤਾਂ ਅਜੇ "ੳ, ਅ" ਵੀ ਨਹੀਂ ਜਾਣਦਾ ਹੁੰਦਾ।
- ਅੱਠਵੀਂ ਜਮਾਤ ਤੀਕ ਕਿਸੇ ਵੀ ਬੱਚੇ ਨੂੰ ਫੇਲ੍ਹ ਨਾ ਕਰਨਾ ਵਧੀਆ ਗੱਲ ਹੈ ਪਰ ਲੋੜ ਇਸ ਗੱਲ ਦੀ ਹੈ ਉਸਦੀ ਪੜ੍ਹਨ ਲਿਖਣ ਅਤੇ ਸਿੱਖਣ ਦੀ ਸਮਰੱਥਾ ਅਤੇ ਨਿਰੰਤਰਤਾ ਉੱਤੇ ਨਜ਼ਰ ਰੱਖੀ ਜਾਵੇ।
- ਬੱਚੇ ਦੀ ਸਕੂਲ ਤੋਂ ਲੰਮੇ ਸਮੇਂ ਦੀ ਗੈਰਹਾਜ਼ਰੀ ਨੂੰ ਰੋਕਣ ਲਈ ਮਾਪਿਆਂ ਨੂੰ ਜਵਾਬਦੇਹ ਬਣਾਉਣ ਅਤੇ ਮਾਪਿਆਂ ਪ੍ਰਤੀ ਸਖਤ ਤੌਰ ਤਰੀਕੇ ਉਲੀਕਣ ਦੀ ਸ਼ਰਤ ਹੋਵੇਗੀ।
- ਇਹ ਵੀ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਹਰੇਕ ਬੱਚੇ ਲਈ ਸਰਵਵਿਆਪੀ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਇਸ ਲਈ ਇਹ ਵੀ ਜ਼ਰੂਰੀ ਹੈ ਕਿ ਸਕੂਲ ਵੀ ਇਹੋ ਜਿਹੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਸਮਰੱਥ ਹੋਣ।
- ਮਾਨਤਾ ਖੁੱਸਣ ਦੀ ਹਾਲਤ ਵਿੱਚ ਸਕੂਲਾਂ ਨੂੰ ਇੱਕ ਪ੍ਰਸਤਾਵਿਤ ਸਮੇਂ ਵਿੱਚ ਹੀ ਜਾਣਕਾਰੀ ਦੇ ਦੇਣੀ ਚਾਹੀਦੀ ਹੈ ਤਾਂ ਕਿ ਸਮੁੱਚੀ ਪਰਕ੍ਰਿਆ ਪਾਰਦਰਸ਼ੀ ਬਣ ਸਕੇ।
- ਅਣਗੌਲੇ ਵਰਗਾਂ ਦੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿੱਚ 25 ਫੀਸਦੀ ਰਾਖਵਾਂਕਰਨ ਲਈ ਨਿੱਜੀ ਸਕੂਲਾਂ ਤੇ ਨਜ਼ਰ ਰੱਖੀ ਜਾਵੇ। ਪ੍ਰਾਈਵੇਟ ਸਕੂਲਾਂ ਬਾਬਤ ਰਾਖਵਾਂਕਰਨ ਦੀ ਨੀਤੀ ਨੂੰ ਹੇਠ ਲਿਖੇ ਪ੍ਰਸੰਗ ਅਨੁਸਾਰ ਲਿਆ ਜਾਵੇ (ੳ) ਉਹ ਸਕੂਲ ਜਿਹਨਾਂ ਨੂੰ ਸਰਕਾਰ ਵੱਲੋਂ ਮੁਫਤ ਜ਼ਮੀਨ ਜਾਂ ਕੋਈ ਹੋਰ ਸਹੂਲਤ ਪ੍ਰਦਾਨ ਕੀਤੀ ਗਈ ਹੈ, ਉਥੇ ਰਾਖਵੇਂਕਰਨ ਤੇ ਨਜ਼ਰ ਰੱਖੀ ਜਾਵੇ (ਅ) ਅਗਲੇ ਪੰਜ ਸਾਲਾਂ ਲਈ ਮੁਲਕ ਦੇ 100 ਵੱਡੇ ਸ਼ਹਿਰਾਂ ਦੇ ਨਿੱਜੀ ਸਕੂਲਾਂ ਵਿੱਚ ਰਾਖਵੇਂਕਰਨ ਦੀ ਇਹ ਨੀਤੀ ਲਾਗੂ ਕਰਨਾ ਅਤੇ (ੲ) ਨਿੱਜੀ ਸਕੂਲਾਂ ਨੂੰ ਆਪਣੀ ਆਮਦਨ ਤੇ ਖਰਚ ਨਾਲ ਸਬੰਧਤ ਕਿਤਾਬਾਂ ਪਾਰਦਰਸ਼ੀ ਢੰਗ ਨਾਲ ਤਿਆਰ ਕਰਨੀਆਂ ਚਾਹੀਦੀਆਂ ਹਨ।
- ਇਕ ਨਿਸ਼ਚਿਤ ਸਮੇਂ ਵਿੱਚ ਸਕੂਲੀ ਸਿਲੇਬਸ ਨੂੰ ਮੁਕੰਮਲ ਕਰਨ ਦੀ ਸਖਤ ਜ਼ਰੂਰਤ ਹੋਵੇਗੀ।
- ਇਹ ਵੀ ਦਰਸਾਇਆ ਜਾਣਾ ਜ਼ਰੂਰੀ ਹੈ ਕਿ ਐਕਟ ਵਿੱਚ ਪ੍ਰਸਤਾਵਿਤ ਸਹੂਲਤਾਂ ਪ੍ਰਦਾਨ ਕਰਨ ਖਾਤਰ ਵਿੱਤ ਦੀ ਵਿਵਸਥਾ ਕਿਸ ਪੱਧਰ, ਕਿਸ ਅਧਿਕ੍ਰਿਤ ਸੰਸਥਾਂ/ਵਿਭਾਗ ਵੱਲੋਂ ਕੀਤੀ ਜਾਵੇਗੀ।
- ਬੱਚਿਆਂ ਦੇ ਸਕੂਲਾਂ ਵਿੱਚ ਦਾਖਲੇ ਸਬੰਧੀ ਗਿਣਤੀ ਨੂੰ ਹੇਠ ਲਿਖੇ ਅਨੁਸਾਰ ਲਿਆ ਜਾਣਾ ਚਾਹੀਦਾ ਹੈ (ੳ) ਕੁੱਲ ਸਕੂਲੀ ਦਿਨਾਂ ਵਿੱਚੋਂ 75 ਫੀਸਦੀ ਦਿਨ ਸਕੂਲ ਜਾਣ ਵਾਲੇ ਬੱਚੇ (ਅ) ਤਿੰਨ ਮਹੀਨੇ ਤੋਂ ਜ਼ਿਆਦਾ ਸਮਾਂ ਸਕੂਲ ਵਿੱਚੋ ਗਾਇਬ ਰਹੇ ਬੱਚੇ ਜਿਹਨਾਂ ਨੂੰ ਸਕੂਲ ਵਿੱਚ ਦਾਖਲ ਬੱਚਿਆਂ ਵਜੋਂ ਨਹੀਂ ਮੰਨਿਆ ਜਾ ਸਕਦਾ। ਉਪਰੋਕਤ ਸਿਧਾਂਤ ਅਨੁਸਾਰ ਹੀ ਸਕੂਲ ਵਿੱਚ ਬੱਚਿਆਂ ਦੀ ਹਾਜ਼ਰੀ ਨੂੰ ਆਂਕਿਆ ਜਾਣਾ ਚਾਹੀਦਾ ਹੈ।
- ਇਹ ਨਿਯਮ ਬਣਾਉਣ ਦੀ ਜ਼ਰੂਰਤ ਹੈ ਕਿ ਰਾਜ ਸਰਕਾਰਾਂ ਸਕੂਲਾਂ ਨਾਲ ਸਬੰਧਤ ਲੋੜੀਂਦੇ ਵਿੱਤੀ-ਸਰੋਕਾਰਾਂ/ਅੰਦਾਜ਼ਿਆਂ ਲਈ ਇੱਕ ਸਮਾਂਬੱਧ ਸੂਚੀ ਤਿਆਰ ਕਰਨ। ਇਸ ਸੂਚੀ ਵਿੱਚ ਅਧਿਆਪਕਾਂ ਦੀ ਤਨਖਾਹ, ਟ੍ਰੇਨਿੰਗ, ਢਾਂਚਾਂਗਤ ਸਮੱਗਰੀ ਅਤੇ ਰੱਖ-ਰਖਾਵ ਦੇ ਵੇਰਵੇ ਦਰਸਾਏ ਜਾਣ।
- ਕਮਜ਼ੋਰ ਅਤੇ ਨਿਆਸਰੇ ਵਰਗਾਂ ਦੇ ਬੱਚਿਆਂ ਨੂੰ ਵਿੱਤੀ ਮਦਦ ਹਾਸਲ ਕਰਨ ਵਾਲੇ ਮਾਨਤਾ ਪ੍ਰਾਪਤ ਸਕੂਲਾਂ ਅਤੇ ਨਿੱਜੀ ਸਕੂਲਾਂ ਵਿੱਚ ਦਾਖਲ ਕਰਨ ਸਬੰਧੀ ਪਾਰਦਰਸ਼ੀ ਨਿਯਮ ਬਣਾਉਣ ਦੀ ਜ਼ਰੂਰਤ ਹੋਵੇਗੀ।
- ਇਹ ਨਿਯਮ ਬਣਾਉਣ ਦੀ ਵੀ ਸਖਤ ਜ਼ਰੂਰਤ ਹੋਵੇਗੀ ਕਿ ਦਾਖਲੇ ਦੌਰਾਨ ਇੱਕੋ ਵਾਰੀ ਸਲਾਨਾ ਫੀਸ (ਮਹੀਨਾਵਰ ਫੀਸ ਨੂੰ ਛੱਡ ਕੇ) ਲਈ ਜਾਵੇਗੀ। ਇਸ ਲਈ ਦਾਖਲਾ ਪ੍ਰਕ੍ਰਿਆ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣ ਦੀ ਸਖਤ ਜਰੂਰਤ ਹੈ।
- ਜਨਮ ਸਰਟੀਫਿਕੇਟ ਨਾ ਮਿਲਣ ਦੀ ਸੂਰਤ ਵਿੱਚ ਬੱਚੇ ਦੀ ਉਮਰ ਨਿਸ਼ਚਿਤ ਕਰਨ ਲਈ ਨਿਯਮ ਘੜਨ ਦੀ ਵੀ ਜਰੂਰਤ ਹੋਵੇਗੀ।
- ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲ ਦੇ ਅਧਿਆਪਕ ਦੀ ਯੋਗਤਾ ਲਈ ਚਾਰ ਸਾਲ ਦੀ ਗਰੈਜੂਏਟ/ਪੋਸਟ ਗਰੈਜੂਏਟ ਡਿਗਰੀ/ਦੋ ਸਾਲ ਦੀ ਮਾਸਟਰ ਜਾਂ ਬੈਚਲਰ ਡਿਗਰੀ ਲਾਜ਼ਮੀ ਹੋਣੀ ਚਾਹੀਦੀ ਹੈ। ਅਧਿਆਪਕ ਦੀ ਚੋਣ ਲਈ ਲੋੜੀਂਦੇ ਮਾਪਦੰਡਾਂ ਲਈ ਵੀ ਪਾਰਦਰਸ਼ੀ ਨਿਯਮ ਅਪਣਾਉਣ ਦੀ ਲੋੜ ਹੋਵੇਗੀ।
- ਨਿਯਮਾਂ ਵਿੱਚ ਸਪਸ਼ਟ ਰੂਪ ਵਿੱਚ ਇਹ ਦਰਸਾਉਣ ਦੀ ਜ਼ਰੂਰਤ ਹੋਵੇਗੀ ਕਿ ਕਿਹੜੇ ਵਾਧੂ ਸਰਕਾਰੀ/ਗੈਰ ਸਰਕਾਰੀ ਕੰਮਾਂ ਲਈ ਅਧਿਆਪਕਾਂ ਦੀ ਸੇਵਾਵਾਂ ਲਈਆਂ ਜਾਣਗੀਆਂ।
- ਅਧਿਆਪਕਾਂ ਨੂੰ ਨਿਯੁਕਤ ਕਰਨ ਅਤੇ ਉਹਨਾਂ ਦੀ ਪੋਸਟਿੰਗ ਸਬੰਧੀ ਪਾਰਦਰਸ਼ੀ ਨਿਯਮਾਂ ਦੀ ਜ਼ਰੂਰਤ ਹੈ
- ਸਕੂਲ ਪ੍ਰਬੰਧਾਂ ਸਬੰਧੀ ਨਿਯਮਾਂ ਨੂੰ ਲੋੜ ਅਨੁਸਾਰ ਲਚਕਦਾਰ ਬਣਾਉਣ ਦੀ ਜਰੂਰਤ ਹੋਵੇਗੀ ਤਾਂ ਕਿ ਅਪਣਾਏ ਜਾਣ ਵਾਲੇ ਮਾਪਦੰਡ ਅਤੇ ਮਿਆਰਾਂ ਨੂੰ ਸਮੇਂ ਤੇ ਸਥਿਤੀ ਦੀ ਲੋੜ ਅਨੁਸਾਰ ਢਾਲਿਆ ਜਾ ਸਕੇ।
- ਸਕੂਲਾਂ ਵਿੱਚ ਸੁਰੱਖਿਅਤ ਮਹੌਲ ਸਿਰਜਣ ਲਈ ਸਹਾਇਕ ਤੌਰ ਤਰੀਕਿਆਂ ਦੀ ਜ਼ਰੂਰਤ ਹੋਵੇਗੀ। ਇਹਨਾਂ ਨੂੰ ਅਪਣਾ ਕੇ ਹੀ ਅਸੀਂ ਬੱਚੇ ਦੇ ਅਧਿਕਾਰ ਸੁਰੱਖਿਅਤ ਰੱਖ ਸਕਦੇ ਹਾਂ।
- ਸ਼ਿਕਾਇਤਾਂ ਸਬੰਧੀ ਨਿਯਮਾਂ ਵਿੱਚ ਦੋਵਾਂ ਸਕੂਲ ਅਤੇ ਮਾਪਿਆਂ ਦੇ ਪੱਧਰ ਤੇ ਆਪਸੀ ਸੋਚ ਵਿਚਾਰ ਨਾਲ ਹੱਲ ਕੱਢਣ ਦੇ ਤੌਰ ਤਰੀਕਿਆਂ ਨੂੰ ਅਪਣਾਉਣ ਦੀ ਲੋੜ ਹੋਵੇਗੀ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਹ ਐਕਟ ਅਧਿਆਪਕਾਂ, ਸਰਕਾਰਾਂ, ਮਾਪਿਆਂ, ਸਥਾਨਿਕ ਸੰਸਥਾਵਾਂ ਭਾਵ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਿਕ ਸੰਸਥਾਵਾਂ ਅਤੇ ਸਮੁੱਚੇ ਲੋਕਾਂ ਦੀਆਂ ਬੱਚਿਆਂ ਦੀ ਸਿੱਖਆ ਪ੍ਰਤੀ ਜ਼ਿੰਮੇਵਾਰੀਆਂ ਨੂੰ ਪ੍ਰਦਰਸ਼ਤ ਕਰਕੇ ਬੱਚੇ ਦੇ ਚੰਗੇਰੇ ਭਵਿੱਖ ਨੂੰ ਉਸਾਰਨ ਲਈ ਬਣਦਾ ਯੋਗਦਾਨ ਪਾਉਣਗੇ। ਇਸ ਤੋਂ ਇਲਾਵਾ ਇਸ ਐਕਟ ਵਿੱਚ ਦਰਸਾਏ ਨਿਯਮ ਸਿੱਖਿਆ ਐਕਟ ਨੂੰ ਮੁਕੰਮਲ ਤੇ ਸਹੀ ਅਰਥ ਵਿੱਚ ਲਾਗੂ ਕਰਨ ਵਿੱਚ ਵੀ ਸਹਾਈ ਹੋਣਗੇ।

## ਮਿਡ-ਡੇ-ਮੀਲ ਸਕੀਮ

ਮਿਡ-ਡੇ-ਮੀਲ ਭਾਰਤ ਸਰਕਾਰ ਦਾ ਫਲੈਗਸ਼ਿਪ ਪ੍ਰੋਗਰਾਮ ਹੈ ਜਿਸ ਨੂੰ ਰਾਜ ਸਰਕਾਰ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਇਸ ਸਕੀਮ ਅਧੀਨ ਪ੍ਰਾਇਮਰੀ (ਜਮਾਤ ਪਹਿਲੀ ਤੋਂ ਪੰਜਵੀਂ) ਅਤੇ ਅੱਪਰ ਪ੍ਰਾਇਮਰੀ (ਜਮਾਤ ਛੇਵੀਂ ਤੋਂ ਅੱਠਵੀਂ) ਜਮਾਤ ਦੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲੀ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਸਕੂਲ ਵਿੱਚ ਹੀ ਦਿੱਤਾ ਜਾਂਦਾ ਹੈ, ਜਿਸ ਵਾਸਤੇ ਅਨਾਜ (ਕਣਕ ਅਤੇ ਚਾਵਲ) 100 ਗਰਾਮ ਪ੍ਰਤੀ ਬੱਚਾ ਪ੍ਰਤੀ ਦਿਨ ਪ੍ਰਾਇਮਰੀ ਅਤੇ 150 ਗਰਾਮ ਪ੍ਰਤੀ ਬੱਚਾ ਪ੍ਰਤੀ ਦਿਨ ਅੱਪਰ ਪ੍ਰਾਇਮਰੀ ਲਈ ਭਾਰਤ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ ਅਤੇ ਇਸਨੂੰ ਪਕਾਉਣ ਦਾ ਖਰਚਾ 3.34 ਰੁਪਏ ਪ੍ਰਾਇਮਰੀ ਜਮਾਤਾਂ ਵਾਸਤੇ ਅਤੇ 5.00 ਰੁਪਏ ਅੱਪਰ ਪ੍ਰਾਇਮਰੀ ਜਮਾਤਾਂ ਵਾਸਤੇ ਪ੍ਰਤੀ ਦਿਨ ਪ੍ਰਤੀ ਬੱਚਾ ਦਿੱਤਾ ਜਾਂਦਾ ਹੈ। ਇਸ ਖਰਚੇ ਨੂੰ ਭਾਰਤ ਸਰਕਾਰ ਅਤੇ ਰਾਜ ਸਰਕਾਰ ਵਿੱਚ 75.25 ਦੇ ਅਨੁਪਾਤ ਵਿੱਚ ਵੰਡਿਆ ਜਾਂਦਾ ਹੈ। ਖਾਣਾ ਪਕਾਉਣ ਵਾਲੇ ਰਸੋਈਏ ਤਾ ਮਿਹਨਤਾਨਾ ਜੋ 1000/- ਰੁਪਏ ਸੀ, ਇਸ ਮਿਹਨਤਾਨੇ ਵਿੱਚ ਕੇਂਦਰ ਸਰਕਾਰ ਵੱਲੋਂ 750/- ਰੁਪਏ ਅਤੇ ਰਾਜ ਸਰਕਾਰ ਵੱਲੋਂ 250/- ਰੁਪਏ ਦਿੱਤੇ ਜ਼ਾਂਦੇ ਸਨ। ਹਰ ਦਸੰਬਰ 2011 ਤੋਂ ਰਾਜ ਸਰਕਾਰ ਵੱਲੋਂ ਕੁੱਕਾਂ ਦੇ ਮਿਹਨਤਾਨੇ ਵਿੱਚ ਵਾਧਾ ਕਰ ਕੇ ਹੁਣ 750/- ਰੁਪਏ ਕੇਂਦਰ ਸਰਕਾਰ ਵੱਲੋਂ ਅਤੇ 450/- ਰੁਪਏ ਪੰਜਾਬ ਸਰਕਾਰ ਵੱਲੋਂ ਕੁੱਲ 1200/- ਰੁਪਏ ਮੁਕੱਰਰ ਕੀਤਾ ਗਿਆ ਹੈ। ਰਸੋਈਇਆਂ ਦੀ ਗਿਣਤੀ ਸਕੂਲ ਵਿੱਚ ਬੱਚਿਆਂ ਦੀ ਸੰਖਿਆ ਅਨੁਸਾਰ ਤੈਅ ਕੀਤੀ ਗਈ ਹੈ। 25 ਬੱਚਿਆਂ ਵਾਲੇ ਸਕੂਲ ਵਿੱਚ ਇੱਕ ਕੁੱਕ, 26 ਤੋਂ 100 ਬੱਚਿਆਂ ਵਾਲੇ ਸਕੂਲ ਵਿੱਚ 2 ਕੁੱਕ ਅਤੇ ਇਸ ਤੋਂ ਵੱਧ ਹਰ 100 ਸਕੂਲੀ ਬੱਚਿਆਂ ਤੋਂ ਬਾਅਦ ਇੱਕ ਕੁੱਕ-ਕਮ-ਹੈਲਪਰ ਰੱਖਿਆ ਜਾ ਰਿਹਾ ਹੈ। ਇਸ ਸਮੇਂ ਰਾਜ ਵਿੱਚ ਕੁੱਲ 40006 ਕੁੱਕ ਰੱਖੇ ਗਏ ਹਨ ਜੋ ਕਿ ਰੋਜ਼ਾਨਾ ਬੱਚਿਆਂ ਨੂੰ ਸੁਆਦਲਾ ਅਤੇ ਸਾਫ-ਸੁਥਰਾ ਖਾਣਾ ਪਕਾ ਕੇ ਖਵਾਉਂਦੇ ਹਨ।

ਇਸ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਸ ਸਕੀਮ ਦਾ ਚੇਅਰਮੈਨ ਬਣਾਇਆ ਗਿਆ ਹੈ ਅਤੇ ਹਰ ਜ਼ਿਲ੍ਹੇ ਵਿੱਚ ਇਹ ਸਕੀਮ ਉੱਥੇ ਦੇ ਡਿਪਟੀ ਕਮਿਸ਼ਨਰ ਦੀ ਦੇਖ ਰੇਖ ਵਿੱਚ ਚੱਲ ਰਹੀ ਹੈ। ਜ਼ਿਲ੍ਹਾ ਅਧਿਕਾਰੀਆਂ ਵੱਲੋਂ ਇਸ ਦੀ ਸਮੇਂ-ਸਮੇਂ ਤੇ ਸਕੂਲਾਂ ਵਿੱਚ ਚੈਕਿੰਗ ਕੀਤੀ ਜਾਂਦੀ ਹੈ। ਖਾਣੇ ਦਾ ਮਿਆਰ ਅਤੇ ਮਿਕਦਾਰ ਸਿਹਤ ਵਿਭਾਗ ਵੱਲੋਂ ਚੈੱਕ ਕੀਤੇ ਜਾਂਦੇ ਹਨ।

ਹਰ ਮਹੀਨੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠਾਂ ਸਟੀਅਰਿੰਗ-ਕਮ-ਮੋਨੀਟਰਿੰਗ ਕਮੇਟੀ ਦੀ ਮੀਟਿੰਗ ਕੀਤੀ ਜਾਂਦੀ ਹੈ ਜਿਸ ਵਿੱਚ ਅਨਾਜ ਦੀ ਪਹੁੰਚ, ਖਪਤ ਅਤੇ ਬਕਾਇਆ ਪਏ ਅਨਾਜ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ ਤਾਂ ਜੋ ਇਸ ਸਬੰਧੀ ਕਿਸੇ ਤਰ੍ਹਾਂ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ।

ਰਾਜ ਪੱਧਰ 'ਤੇ ਇਹ ਸਕੀਮ ਰਾਜ ਦੇ ਮੁੱਖ ਸਕੱਤਰ ਦੀਾ ਦੇਖ ਰੇਖ ਵਿੱਚ ਚੱਲ ਰਹੀ ਹੈ ਜੋ ਰਾਜ ਪੱਧਰੀ ਸਟੀਰਿੰਗ-ਕਮ-ਮੋਨੀਟਰਿੰਗ ਕਮੇਟੀ ਦੇ ਚੇਅਰਮੈਨ ਹਨ ਅਤੇ ਸਮੇਂ-ਸਮੇਂ ਤੇ ਇਸ ਦੀ ਸਮੀਖਿਆ ਕਰਦੇ ਹਨ।

ਉਪਰੋਕਤ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹਾ ਮੈਨੇਜਰ, ਮਿਡ-ਡੇ-ਮੀਲ ਅਤੇ ਸਹਾਇਕ ਬਲਾਕ ਮੈਨੇਜਰ, ਮਿਡ-ਡੇ-ਮੀਲ ਅਤੇ ਸਹਾਇਕ ਬਲਾਕ ਮੈਨੇਜਰ, ਮਿਡ-ਡੇ-ਮੀਲ, ਸਕੂਲਾਂ ਵਿੱਚ ਇਸਨੂੰ ਯਕੀਨੀ ਬਣਾ ਦੇ ਹਨ ਕਿ ਮਿਡ-ਡੇ-ਮੀਲ ਰੋਜ਼ਾਨਾ, ਸਾਫ-ਸੁਥਰਾ, ਨਿਰਧਾਰਿਤ ਮਿਕਦਾਰ ਅਤੇ ਮੀਨੂੰ ਅਨੁਸਾਰ ਬੱਚਿਆਂ ਨੂੰ ਦਿੱਤਾ ਜਾਵੇ।

ਪੰਜਾਬ ਦੇ ਦੋ ਜ਼ਿਲ੍ਹਿਆਂ ਫਿਰੋਜ਼ਪੁਰ ਅਤੇ ਨਵਾਂ ਸ਼ਹਿਰ ਦੇ ਸ਼ਹਿਰੀ ਅਤੇ ਪੇਂਡੂ ਸਕੂਲੀ ਬੱਚਿਆਂ ਨੂੰ ਅਤੇ ਪਾਇਲਟ ਪ੍ਰੋਜੈਕਟ ਦੇ ਤੌਰ ਤੇ ਮੋਹਾਲੀ, ਸੰਗਰੂਰ ਅਤੇ ਮੋਗਾ ਦੇ ਸ਼ਹਿਰਾਂ ਦੀ ਨਗਰ ਹੱਦ-ਬੰਦੀ ਅੰਦਰ ਆ ਦੇ ਸਕੂਲਾਂ ਵਿੱਚ ਮਿਡ-ਡੇ-ਮੀਲ ਦੇਣ ਦਾ ਕੰਮ ਗੈਰ ਸਰਕਾਰੀ ਸੰਸਥਾਵਾਂ ਨੂੰ ਸੌਂਪਿਆ ਗਿਆ ਹੈ।

ਪੰਜਾਬ ਦੇ ਬਾਕੀ ਸਕੂਲਾਂ ਵਿੱਚ ਮਿਡ-ਡੇ-ਮੀਲ ਬਣਾਉਣ ਦਾ ਕੰਮ ਸਕੂਲ ਪੱਧਰ 'ਤੇ ਹੀ ਅਧਿਆਪਕਾਂ ਦੁਆਰਾ ਕੁੱਕ ਅਤੇ ਹੈਲਪਰ ਰੱਖ ਕੇ ਕੀਤਾ ਜਾ ਰਿਹਾ ਹੈ।

ਹਫਤੇਵਾਰ ਖਾਣੇ ਦਾ ਮੀਨੂੰ ਇਸ ਪ੍ਰਕਾਰ ਹੈ:-

| | |
|---|---|
| ਸੋਮਵਾਰ | ਰੋਟੀ ਅਤੇ ਦਾਲ |
| ਮੰਗਲਵਾਰ | ਦਾਲ ਚਾਵਲ |
| ਬੁੱਧਵਾਰ | ਕਾਲੇ ਛੋਲੇ ਅਤੇ ਰੋਟੀ |
| ਵੀਰਵਾਰ | ਕੜ੍ਹੀ ਅਤੇ ਚਾਵਲ |
| ਸ਼ੁੱਕਰਵਾਰ | ਮੌਸਮੀ ਸਬਜ਼ੀ ਅਤੇ ਰੋਟੀ |
| ਸ਼ਨਿੱਚਰਵਾਰ | ਰਾਜਮਾਂਹ ਚਾਵਲ |

ਸਾਲ 2013-14 ਵਾਸਤੇ 13723 ਪ੍ਰਾਇਮਰੀ ਸਕੂਲ ਅਤੇ 6656 ਅਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਕ੍ਰਮਵਾਰ 115737 ਅਤੇ 713112 ਬੱਚਿਆਂ ਨੂੰ ਮਿਡਡੇਮੀਲ ਦੇਣ ਦਾ ਟੀਚਾ ਮਿਥਿਆ ਗਿਆ ਹੈ ਜਿਸ ਵਾਸਤੇ 275.81 ਕਰੋੜ ਰੁਪਏ ਕੁਕਿੰਗ ਕਾਸਟ, ਫੂਡਗਰੇਨ, ਟ੍ਰਾਂਸਪੋਰਟੇਸ਼ਨ ਆਫ ਫੂਡਗਰੇਨ, ਕੁੱਕ-ਕਮ-ਹੈਲਪਰ ਅਤੇ ਮੈਨੇਜ਼ਮੈਂਟ ਅਤੇ ਮੋਨੀਟਰਿੰਗ ਖਰਚੇ ਲਈ ਮਨਜ਼ੂਰ ਕੀਤੇ ਗਏ ਹਨ।

ਪੰਜਾਬ ਦੇ ਪ੍ਰਾਇਮਰੀ ਸਕੂਲੀ ਬੱਚਿਆਂ ਦਾ ਸਾਲ ਵਿੱਚ ਦੋ ਵਾਰੀ ਅਤੇ ਅੱਪਰ ਪ੍ਰਾਇਮਰੀ ਸਕੂਲੀ ਬੱਚਿਆਂ ਦਾ ਸਾਲ ਵਿੱਚ ਇੱਕ ਵਾਰੀ ਸਿਹਤ ਵਿਭਾਗ ਵੱਲੋਂ ਹੈਲਥ ਚੈੱਕਅਪ ਕੀਤਾ ਜਾਂਦਾ ਹੈ। ਨਿਯੂਟ੍ਰੀਸ਼ਨ ਵੈਲਯੂ ਦੇ ਹਿਸਾਬ ਨਾਲ ਸਕੂਲ ਦੇ ਪ੍ਰਾਇਮਰੀ ਜਮਾਤ ਦੇ ਬੱਚਿਆਂ ਨੂੰ 450 ਕੈਲੋਰੀ ਅਤੇ 12 ਗਰਾਮ ਪ੍ਰੋਟੀਨ ਦਿੱਤਾ ਜਾਂਦਾ ਹੈ ਅਤੇ ਅੱਪਰ ਪ੍ਰਾਇਮਰੀ ਦੇ ਬੱਚਿਆਂ ਨੂੰ 700 ਕੈਲੋਰੀ ਅਤੇ 20 ਗਰਾਮ ਪ੍ਰੋਟੀਨ ਦਿੱਤਾ ਜਾਂਦਾ ਹੈ। ਹਰੇਕ ਬੱਚੇ ਦਾ ਹੈਲਥ ਕਾਰਡ ਬਣਿਆ ਹੋਇਆ ਹੈ ਜਿਸ ਵਿੱਚ ਸਿਹਤ ਵਿਭਾਗ ਦੇ ਡਾਕਟਰਾਂ ਵੱਲੋਂ ਸਬੰਧਤ ਬੱਚੇ ਦੇ ਨਿਰੀਖਣ ਸਮੇਂ ਹੈਲਥ ਕਾਰਡਾਂ ਵਿੰਚ ਐਂਟਰੀ ਕੀਤੀ ਜਾਂਦੀ ਹੈ। ਹਰੇਕ ਸਕੂਲ ਵਿੱਚ ਬੱਚਿਆਂ ਦੇ ਭਾਰ ਤੋਲਣ ਲਈ ਅਤੇ ਕੱਦ ਮਾਪਣ ਲਈ ਭਾਰ ਤੋਲਣ ਵਾਲੀ ਮਸ਼ੀਨ ਅਤੇ ਕੱਦ ਮਾਪਕ ਯੰਤਰ ਦਿੱਤੇ ਗਏ ਹਨ। ਸਿਹਤ ਵਿਭਾਗ ਵੱਲੋਂ ਬੱਚਿਆਂ ਨੂੰ ਫੋਲਿਕ ਐਸਿਡ, ਆਇਰਨ ਅਤੇ ਐਲਬੇਂਡਾਜੋਲ ਦੀਆਂ ਗੋਲੀਆਂ ਦਿੱਤੀਆਂ ਜਾਂਦੀਆਂ ਹਨ।

ਇਸ ਸਾਰੀ ਸਕੀਮ ਦਾ ਲੇਖਾ ਜੋਖਾ ਰੱਖਣ ਲਈ ਅਤੇ ਇਸ ਨੂੰ ਨਿਰਵਿਘਨ ਅਤੇ ਅਸਰਦਾਰ ਤਰੀਕੇ ਨਾਲ ਚਲਾਉਣ ਲਈ ਹਰ ਜ਼ਿਲ੍ਹੇ ਵਿੱਚ ਇੱਕ ਜ਼ਿਲ੍ਹਾ ਮੈਨੇਜਰ ਅਤੇ ਉਸ ਦੇ ਨਾਲ ਇੱਕ ਅਕਾਊਂਟੈਂਟ ਨਿਯੁਕਤ ਕੀਤੇ ਗਏ ਹਨ। ਮਿਡ-ਡੇ-ਮੀਲ ਸਕੀਮ ਨੂੰ ਹੋਰ ਅਸਰਦਾਰ ਬਣਾਉਣ ਲਈ ਬਲਾਕ ਪੱਧਰ 'ਤੇ ਅਸਿਸਟੈਂਟ ਬਲਾਕ ਮੈਨੇਜਰ ਦੀ ਨਿਯੁਕਤੀ ਕੀਤੀ ਗਈ ਹੈ ਤਾਂ ਜੋ ਹਰ ਪੱਧਰ 'ਤੇ ਚੌਕਸੀ ਅਤੇ ਨਿਗਰਾਨੀ ਰੱਖੀ ਜਾ ਸਕੇ।

ਰਾਜ ਸਰਕਾਰ ਵੱਲੋਂ ਸਕੂਲੀ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਖਾਣ ਲਈ ਬਰਤਨ ਮੁਹੱਈਆ ਕਰਵਾਉਣ ਹਿੱਤ 8.60 ਕਰੋੜ ਰੁਪਏ ਦਾ ਖਰਚਾ ਕਰਕੇ ਸਾਰੇ ਸਕੂਲਾਂ ਵਿੱਚ ਬਰਤਨ ਦਿੱਤੇ ਗਏ ਹਨ।

## ਸਾਖਰ ਭਾਰਤ ਪ੍ਰੋਗਰਾਮ

ਸਾਖਰ ਭਾਰਤ ਪ੍ਰੋਗਰਾਮ ਰਾਜ ਅੰਦਰ ਦਸੰਬਰ 2010 ਨੂੰ ਉਨ੍ਹਾਂ 6 ਜ਼ਿਲ੍ਹਿਆਂ (ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਮਾਨਸਾ ਅਤੇ ਸੰਗਰੂਰ) ਵਿੱਚ ਭਾਰਤ ਸਰਕਾਰ ਵੱਲੋਂ ਮਨਜ਼ੂਰ ਕੀਤਾ ਗਿਆ ਜਿਨ੍ਹਾਂ ਵਿੱਚ ਔਰਤਾਂ ਦੀ ਸਾਖਰਤਾ ਦਰ 2001 ਦੀ ਜਨਗਣਨਾ ਦੇ ਆਧਾਰ ਤੇ 50% ਤੋਂ ਘੱਟ ਸੀ। ਇਸ ਸਕੀਮ ਵਿੱਚ 15+ ਉਮਰ ਗੁੱਟ ਦੇ 870319 ਅਨਪੜ੍ਹਾਂ ਖਾਸ

ਕਰਕੇ ਖੇਡੂ ਖਿੱਤੇ ਦੀਆਂ ਔਰਤਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਕਬੀਲਿਆਂ ਨਾਲ ਸਬੰਧਤ ਅਤੇ ਹੋਰ ਸਹੂਲਤਾਂ ਤੋਂ ਸੱਖਣੇ ਬਾਲਗਾਂ ਨੂੰ ਸਾਖਰ ਕੀਤਾ ਜਾਣਾ ਹੈ। ਇਸ ਪ੍ਰੋਗਰਾਮ ਦੇ ਮੁੱਖ ਮੰਤਵ ਅਤੇ ਟੀਚੇ ਇਸ ਪ੍ਰਕਾਰ ਹਨ:-

### ਮੰਤਵ

1) 15+ ਉਮਰ ਗੁੱਟ ਦੇ ਅਨਪੜ੍ਹਾਂ ਨੂੰ ਸਾਖਰ ਕਰਨਾ।
2) ਨਵੇਂ ਸਾਖਰਾਂ ਨੂੰ ਆਪਣੀ ਮੁੱਢਲੀ ਸਿੱਖਿਆ ਨੂੰ ਅੱਗੇ ਵਧਾਂਦੇ ਹੋਏ ਇਸ ਨੂੰ ਰਸਮੀ ਸਿੱਖਿਆ ਪ੍ਰਣਾਲੀ ਦੇ ਯੋਗ ਕਰਨਾ।
3) ਨਵੇਂ ਸਾਖਰਾਂ ਨੂੰ ਸਿੱਖਿਆ ਦੇ ਨਾਲ ਨਾਲ ਹੁਨਰਾਂ ਨੂੰ ਸਿਖਾਉਣਾ/ਵਿਕਸਿਤ ਕਰਨਾ ਤਾਂ ਜੋ ਉਹ ਆਪਣੀ ਰਹਿਣ ਸਹਿਣ ਦੀ ਦਸ਼ਾ ਵਿੱਚ ਅਤੇ ਆਰਥਿਕ ਹਾਲਤ ਵਿੱਚ ਸੁਧਾਰ ਕਰ ਸਕਣ।
4) ਸਮਾਜ ਵਿੱਚ ਇੱਕ ਪੜ੍ਹੀ ਲਿਖੀ ਸੁਸਾਇਟੀ ਦੀ ਸਿਰਜਨਾ ਕਰਨਾ ਜੋ ਕਿ ਨਵੇਂ ਸਾਖਰਾਂ ਨੂੰ ਨਿਰੰਤਰ ਸਿੱਖਣ ਦੇ ਮੌਕੇ ਪ੍ਰਦਾਨ ਕਰੇ।

### ਟੀਚੇ

1) ਸਾਖਰਤਾ ਦਰ ਨੂੰ 80% ਤੱਕ ਲੈ ਕੇ ਜਾਣਾ।
2) ਸਿੱਖਿਆ ਦੇ ਖੇਤਰ ਵਿੱਚ ਲਿੰਗ ਅਨੁਪਾਤ ਨੂੰ 10% ਤੱਕ ਘਟਾਉਣਾ।
3) ਖੇਤਰੀ, ਸਮਾਜਿਕ ਅਤੇ ਲਿੰਗ ਮੱਤਭੇਦਾਂ ਨੂੰ ਘਟਾਉਣਾ।
4) 15 ਤੋਂ 35 ਉਮਰ ਗੁੱਟ ਦੀ ਉੱਪਰਲੀ ਸੀਮਾ ਖਤਮ ਕਰਦੇ ਹੋਏ 15+ ਉਮਰ ਗੁੱਟ ਦੇ ਅਨਪੜ੍ਹਾਂ ਨੂੰ ਸਾਖਰ ਕਰਨਾ।

ਇਸ ਸਕੀਮ ਵਿੱਚ ਭਾਰਤ ਸਰਕਾਰ ਵੱਲੋਂ ਮਨਜ਼ੂਰ ਕੀਤੀ 69,39,26,085/- ਰੁਪਏ ਦੀ ਰਾਸ਼ੀ ਵਿੱਚੋਂ ਕੇਂਦਰ ਸਰਕਾਰ ਦਾ 75% ਹਿੱਸਾ ਭਾਵ 52,04,44,564/- ਰੁਪਏ ਅਤੇ ਰਾਜ ਸਰਕਾਰ ਦਾ 25% ਹਿੱਸਾ ਭਾਵ 17,34,81,521/- ਰੁਪਏ ਹੈ।

### ਸਰਵ ਸਿੱਖਿਆ ਅਭਿਆਨ

ਸਰਵ ਸਿੱਖਿਆ ਅਭਿਆਨ ਭਾਰਤ ਸਰਕਾਰ ਦਾ ਇੱਕ ਪ੍ਰਮੁੱਖ ਪ੍ਰੋਗਰਾਮ ਹੈ ਜਿਸ ਦੀ ਸੁਰੂਆਤ ਅਟਲ ਬਿਹਾਰੀ ਬਾਜਪਾਈ ਜੀ ਦੁਆਰਾ ਕੀਤੀ ਗਈ। ਜਿਸ ਤਰ੍ਹਾਂ ਭਾਰਤੀ ਸੰਵਿਧਾਨ ਦੇ 86 ਵੀਂ ਸੰਸ਼ੋਧਨ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਹੈ ਕਿ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫਤ ਅਤੇ ਜ਼ਰੂਰੀ ਸਿੱਖਿਆ ਦੇ ਪ੍ਰਾਵਧਾਨ ਨੂੰ ਮੌਲਿਕ ਅਧਿਕਾਰ ਬਣਾਇਆ ਗਿਆ ਹੈ। ਇਸ ਪ੍ਰੋਗਰਾਮ ਦਾ ਉਦੇਸ਼ 2010 ਤੱਕ ਸੰਤੋਸ਼ਜਨਕ ਗੁਣਵੱਤਾ ਵਾਲੀ ਮੁਢਲੀ ਸਿੱਖਿਆ ਪ੍ਰਾਪਤ ਕਰਨਾ ਹੈ। ਇਸ ਵਿਚ 8 ਪ੍ਰਮੁੱਖ ਪ੍ਰੋਗਰਾਮ ਹਨ। ਇਸ ਵਿਚ ਜ਼ਙਣਛ ਅਤੇ ਆਂਗਨਵਾੜੀ ਆਦਿ ਸ਼ਾਮਿਲ ਹੈ। ਇਸ ਵਿਚ ਪੜ੍ਹੇ ਚਲੋ ਪੜ੍ਹੇ ਚਲੋਂ ਯੋਜਨਾ ਦੀ ਸੁਰੂਆਤ 2004 ਵਿਚ ਹੋਈ ਜਿਸ ਵਿਚ ਸਾਰੀ ਲੜਕੀਆਂ ਨੂੰ ਮੁਢਲੀ ਸਿੱਖਿਆ ਦੇਣ ਦਾ ਸੁਪਨਾ ਦੇਖਿਆ ਗਿਆ ਸੀ ਜੋ ਬਾਅਦ ਵਿਚ ਛਛਂ ਵਿਚ ਹੀ ਸ਼ਾਮਲ ਕਰ ਲਈ ਗਈ।

### ਉਦੇਸ :

1) 2005 ਤੱਕ ਸਾਰੇ ਸਕੂਲਾਂ ਵਿਚ ਹੋਵੇ।
2) 2005 ਤੱਕ ਮੁੱਢਲੀ ਸਿੱਖਿਆ ਦੇ 5 ਸਾਲ ਪੂਰਾ ਕਰਨਾ ਅਤੇ 2010 ਤੱਕ ਸਕੂਲੀ ਸਿੱਖਿਆ ਦੇ 8 ਸਾਲ ਪੂਰੇ ਕਰਨਾ।
3) ਸੰਤੋਖ ਜਨਕ ਗੁਣਵਤਾ ਅਤੇ ਜੀਵਨ ਲਈ ਸਿੱਖਿਆ ਤੇ ਜ਼ੋਰ ਦੇਣਾ।
4) 2007 ਤੱਕ ਮੁੱਢਲੀ ਸਿੱਖਿਆ ਪਧੱਰ ਉਤੇ ਅਤੇ 2010 ਤੱਕ ਆਰੰਭਿਕ ਸਤਰ ਉਤੇ ਸਾਰੇ ਲੈਗਿੰਕ ਅਤੇ ਸਮਾਜਿਕ ਅੰਤਰ ਸਮਾਪਤ ਕਰਨਾ।
5) 2010 ਤੱਕ ਸਰਵਭੌਤਿਕ ਪ੍ਰਤਿਧਾਰਨ ਸਰਵ ਸਿੱਖਿਆ ਅਭਿਆਨ।

ਇਸ ਪ੍ਰੋਗਰਾਮ ਅਨੁਸਾਰ ਉਨ੍ਹਾਂ ਬਸਤੀਆਂ ਵਿਚ ਨਵੇਂ ਸਕੂਲ ਬਣਾਉਣ ਦਾ ਯਤਨ ਕੀਤਾ ਜਾਦਾ ਹੈ ਜਿੱਥੇ ਸਕੂਲੀ ਸਿੱਖਿਆ ਦੀ ਸੁਵਿਧਾ ਨਹੀਂ ਹੈ ਅਤੇ ਹੋਰ, ਕਲਾਸਾਂ, ਬਾਥਰੂਮ, ਪੀਣ ਦਾ ਪਾਣੀ, ਰੱਖ ਰਖਾਵ ਤੇ ਮੂਲਭੂਤ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਪਰਿਵਰਤਨ ਕਰਨਾ ਹੈ।

### ਉਦੇਸ :

1) 2003 ਤੱਕ ਸਿਖਿਆ ਗਰੰਟੀ ਕੇਂਦਰ ਬਦਲਵੇਂ ਸਕੂਲ ਵਿਚ ਸਭ ਬੱਚਿਆਂ ਦਾ ਦਾਖਲ ਹੋਣਾ।
2) 2007 ਤੱਕ ਸਭ ਬੱਚਿਆਂ ਦੁਆਰਾ ਮੁਢਲੀ ਸਿੱਖਿਆ ਪ੍ਰਾਪਤ ਕਰਨਾ।
3) ਜੀਵਨ ਲਈ ਸਿੱਖਿਆ ਉਤੇ ਬਲ ਦੇਣਾ।
4) 2007 ਤੱਕ ਸਾਰੇ ਮੁਢਲੇ ਪਧੱਰ ਉਤੇ ਅਤੇ 2010 ਤੱਕ ਆਰੰਭਿਕ ਸਿੱਖਿਆ ਤੇ ਸਾਰੇ ਲਿੰਗਕ ਅਤੇ ਸਮਾਜਿਕ ਅੰਤਰਾਲ ਵੀ ਖਤਮ ਕਰਨਾ।

### ਦਖਲਅੰਦਾਜ਼ੀ:

(1) ਬੀ.ਆਰ.ਸੀ. (BRC) (2) ਸੀ.ਆਰ.ਸੀ. (CRC) (3) ਐਸ.ਜੀ.ਐੱਲ.ਸੀ. (SGLC) (4) ਨਾਗਰਿਕ ਕਾਰਜ (5) ਫਰੀ ਪਾਠ ਪੁਸਤਕ (6) ਅਭਿਨਵ ਕਿਰਿਆ ਕਲਾਪ (7) ਆਈ.ਈ.ਡੀ.ਸੀ. (IEDC) (8) ਪ੍ਰਬੰਧ ਅਤੇ ਐਮ.ਆਈ.ਐਮ., (9) ਆਰ.ਐਡ.ਈ. (10) ਵਿਦਿਆਲੇ ਗ੍ਰਾਂਟ (11) ਸਿੱਖਿਆ ਪ੍ਰਦਾਨ (12) ਸਿੱਖਿਆ ਸਿਖਲਾਈ (13) ਸੁਧਾਰਾਤਮਕ ਸਿਖਿਆ (14) ਸਮੁਦਾਇਕ ਗ੍ਰਹਿਣ (15) ਦੂਰਵਰਤੀ ਸਿੱਖਿਆ।

### ਗਤੀਵਿਧੀਆਂ :

ਨਾਗਰਿਕ ਦੀਆਂ ਬੁਨਿਆਦੀ ਸੁਵਿਧਾਵਾਂ ਦਾ ਵਿਕਾਸ ਤੇ ਸੁਧਾਰ : ਇਸ ਵਿਚ ਕਲਾਸ ਦਾ ਨਿਰਮਾਣ, ਪੀਣ ਵਾਲੇ ਪਾਣੀ ਦੀ ਸਹੂਲਤ, ਵਿਹੜੇ ਦੀ ਦੀਵਾਰ, ਬਿਜਲੀ, ਅਤੇ ਸਿਵਲ ਮੁਰੰਮਤ ਤੇ ਮੌਜੂਦਾ ਸੁਵਿਧਾ ਦਾ ਪੁਨਰ ਨਿਰਮਾਣ ਸ਼ਾਮਲ ਹੈ। ਇਸ ਦੇ ਪ੍ਰਮੁੱਖ ਹਿੱਸੇ ਨੂੰ ਇਸ ਵਿਚ ਖਰਚ ਕੀਤਾ ਜਾਂਦਾ ਹੈ।

### ਸਿਖਿਅਕ ਪ੍ਰੀਖਣ :

ਸਰਵ ਸਿੱਖਿਆ ਅਭਿਆਨ ਦੀ ਮੁੱਖ ਪਹਿਲ ਹੈ ਕਿ ਮੁਢਲੀ ਸਿੱਖਿਅਕ ਨੂੰ ਸਿੱਖਿਆ ਪੱਧਤੀ, ਬਾਲ ਮਨੋਵਿਗਿਆਨ, ਸਿੱਖਿਆ, ਮੁਲਾਂਕਣ ਪੱਧਰ ਅਤੇ ਅਭਿਭਾਵਕ ਪ੍ਰੀਖਣ ਤੇ ਵੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਤਰਾਂ ਦੇ ਪ੍ਰੀਖਣ ਨੂੰ ਪ੍ਰਾਰਥਮਿਕ ਸਿਖਿਅਕਾਂ ਨੂੰ ਚਿੰਨ੍ਹਤ ਸਿੱਖਿਅਕ ਸਮੂਹ ਵੀ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਉਸ ਨੂੰ ਸਾਧਨ ਸੰਪਨ ਵਿਅਕਤੀ ਕਿਹਾ ਜਾਂਦਾ ਹੈ।

### ਉਪਲਬਧੀਆਂ:

ਇਸ ਪ੍ਰੋਗਰਾਮ ਨੇ ਪਿੰਡ ਪੱਧਰ ਤੇ ਮਹਤੱਵਪੂਰਨ ਪ੍ਰਾਪਤੀਆਂ ਕੀਤੀਆਂ ਹਨ। 2004 ਵਿਚ ਭਾਰਤ ਦੇ ਕਈ ਪਿੰਡਾਂ ਨੂੰ ਸਾਮਲ ਕੀਤਾ ਗਿਆ ਅਤੇ ਆਰੰਭਿਕ ਸਿਖਿਆ ਕੇਂਦਰ ਖੋਲੇ ਗਏ। ਦੱਖਣ ਭਾਰਤ ਦੇ ਤਾਮਿਲਨਾਡੂ ਰਾਜ ਦੇ ਇੱਕ ਪਿੰਡ ਜਿਸ ਦਾ ਨਾਮ ਸਤਨਾਪਾਪੁਰਮ ਹੈ ਜੋ ਕਿ ਨਾਗਪਟਨਮ ਜਿਲੇ ਵਿਚ ਹੈ ਇਹ ਇੱਕ ਇਸ ਤਰ੍ਹਾਂ ਦਾ ਪਿੰਡ ਹੈ ਜਿੱਥੇ ਪਹਿਲੀ ਵਾਰ ਇਸ ਪ੍ਰੋਗਰਾਮ ਨੂੰ ਲਾਗੂ ਕੀਤਾ ਗਿਆ ਸੀ। ਜਿਸ ਦੇ ਨਤੀਜੇ ਹੈਰਾਨੀਜਨਕ ਸਾਡੇ ਸਾਹਮਣੇ ਆਏ ਅਤੇ ਇਸ ਨੂੰ ਸਥਾਪਿਤ ਕਰਨ ਲਈ ਕਈ ਲੋਕਾਂ ਨੇ ਭੂਮੀ ਦਾਨ ਕੀਤੀ ਤਾਂ ਜਾ ਕੇ ਕੰਮ ਸੰਪੂਰਨ ਹੋਇਆ।

# ਅਧਿਆਇ 5

# ਪੇਂਡੂ ਵਿਕਾਸ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵਿਕਾਸ ਸਕੀਮਾਂ

ਸੰਵਿਧਾਨ ਦੀ 73ਵੀਂ ਸੋਧ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਸ਼ਕਤੀਆਂ ਅਤੇ ਕੰਮਾਂ ਦੇ ਨਾਲ-ਨਾਲ ਪੰਚਾਇਤਾਂ ਨੂੰ ਸੌਂਪ ਜਾਣ ਵਾਲੇ 29 ਵਿਸ਼ਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। 73ਵੀਂ ਸੋਧ ਦੀ ਤਰਜ਼ੇ ਆਪੋ ਆਪਣੇ ਪੰਚਾਇਤੀ ਰਾਜ ਐਕਟ ਬਣਾਉਣ ਤੋਂ ਬਾਅਦ ਵਧੇਰੇ ਰਾਜਾਂ ਨੇ ਪੰਚਾਇਤੀ ਰਾਜ ਵਿਵਸਥਾ ਲਈ ਨਿਯਮ ਅਤੇ ਮਾਪਦੰਡ ਬਣਾ ਲਏ ਹਨ।ਪ੍ਰੰਤੂ ਪੰਚਾਇਤਾਂ ਨੂੰ ਸ਼ਕਤੀਆਂ ਸੌਂਪੀਆਂ ਗਈਆਂ ਅਤੇ ਜ਼ਿੰਮੇਵਾਰੀਆਂ ਦੇ ਪ੍ਰਭਾਵੀ ਨਿਰਮਾਣ ਲਈ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਸਿੱਖਿਅਤ ਕਰਨਾ ਅਤਿ ਜ਼ਰੂਰੀ ਹੈ। ਪੇਂਡੂ ਵਿਕਾਸ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵਿਕਾਸ ਸਕੀਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਮਗਨਰੇਗਾ ਸਕੀਮ :**

ਕੌਮੀ ਦਿਹਾਤੀ ਰੋਜ਼ਗਾਰ ਗਰੰਟੀ ਐਕਟ 2005 ਅਧੀਨ ਕਿਸੇ ਵੀ ਦਿਹਾਤੀ ਪਰਵਾਰ ਦੇ ਬਾਲਗ ਗੈਰ ਹੁਨਰਮੰਦ ਮੈਂਬਰ ਜੋ ਹੱਥੀਂ ਕਿਰਤ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਮੰਗ ਅਨੁਸਾਰ 100 ਦਿਨਾਂ ਦਾ ਰੋਜ਼ਗਾਰ ਦੇਣ ਲਈ ਵਚਨਬਧ ਹੈ। ਇਹ ਐਕਟ ਸਾਧਾਰਣ ਲੋਕਾਂ ਨੂੰ ਇਸ ਰੋਜ਼ਗਾਰ ਗਰੰਟੀ ਯੋਜਨਾ ਅਧੀਨ ਪਿੰਡ ਦੀ ਗਰਾਮ ਸਭਾਵਾਂ ਵਿਚ ਰਹਿੰਦੇ ਕਾਮਿਆਂ ਨੂੰ ਗਰਾਮ ਪੰਚਾਇਤਾਂ, ਬਲਾਕ ਸੰਮਤੀਆਂ ਰਾਹੀਂ ਕੰਮ ਦੇ ਅਧਿਕਾਰ ਨੂੰ ਯਕੀਨੀ ਕਰਨ ਦੇ ਨਾਲ ਸੋਸ਼ਲ ਆਡਿਟ, ਸ਼ਮੂਲੀਅਤ ਯੋਜਨਾਂਬੰਦੀ ਅਤੇ ਹੋਰ ਸਕੀਮਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਹ ਸਮਾਜ ਦੇ ਗਰੀਬ, ਪਛੜੇ ਦੱਬੇ ਕੁਚਲੇ ਵਰਗਾਂ ਦੇ ਲੋਕਾਂ ਦੀ ਉਪਜੀਵਿਕਾ ਸੁਰੱਖਿਅਤ ਕਰਨ ਵੱਲ ਪਹਿਲਾ ਕਦਮ ਹੈ। ਇਸ ਦੀਆਂ ਖਾਸ ਵਿਸ਼ੇਸ਼ਤਾਈਆਂ ਨਿਮਲਿਖਤ ਹਨ -

- ਕੋਈ ਵੀ ਪੇਂਡੂ ਪਰਵਾਰ ਵਿੱਤੀ ਸਾਲ ਦੌਰਾਨ, ਘੱਟੋ ਘੱਟ 100 ਦਿਨਾਂ ਦੀ ਗੈਰਹੁਨਰਮੰਦ ਮਜ਼ਦੂਰੀ ਕਰਨ ਦੀ ਮੰਗ ਕਰ ਸਕਦਾ ਹੈ।
- ਪਰਵਾਰ ਨੂੰ ਗਰਾਮ ਪੰਚਾਇਤ ਕੋਲ ਰਜਿਸਟਰੇਸ਼ਨ ਕਰਵਾਉਣੀ ਪਵੇਗੀ ਜਿਸ ਵਿਚ ਪਰਵਾਰ ਦੇ ਸਾਰੇ ਬਾਲਗ ਮੈਂਬਰਾਂ ਦੇ ਨਾਮ ਦਾ ਇੰਦਰਾਜ ਕੀਤਾ ਜਾ ਸਕਦਾ ਹੈ।
- ਗਰਾਮ ਪੰਚਾਇਤ ਵਲੋਂ ਉਸ ਪਰਵਾਰ ਨੂੰ ਇਕ ਜਾਬ ਕਾਹਰਡ ਪ੍ਰਦਾਨ ਕੀਤਾ ਜਾਵੇਗਾ।
- ਕੰਮ ਦੀ ਮੰਗ ਤੇ 15 ਦਿਨਾਂ ਦੇ ਅੰਦਰ ਅੰਦਰ ਗਰਾਮ ਪੰਚਾਇਤ ਕੰਮ ਅਲਾਟ ਕਰੇਗੀ।
- ਜੇਕਰ 15 ਦਿਨਾਂ ਦੇ ਅੰਦਰ ਰੁਜ਼ਗਾਰ/ਕੰਮ ਨਾ ਦਿੱਤਾ ਗਿਆ ਤਾਂ ਨਕਦ ਬੇਰੁਜ਼ਗਾਰੀ ਭੱਤਾ ਦੇਣਾ ਪਵੇਗਾ ਜੋ ਘਟੋ ਘਟ ਉਜਰਤ ਦਾ 1/4 ਹਿੱਸਾ ਪਹਿਲੇ 30 ਦਿਨਾਂ ਲਈ, 1/2 ਹਿੱਸਾ ਬਾਅਦ ਦੇ ਦਿਨਾਂ ਲਈ ਹੋਵੇਗਾ।
- ਮਜ਼ਦੂਰੀ ਦੀ ਘਟੋ ਘਟ ਉਜਰਤ ਖੇਤੀ ਕਾਮਿਆਂ ਵਾਲੀ ਲਾਗੂ ਹੋਵੇਗੀ।
- 60:40 ਮਜ਼ਦੂਰੀ ਅਤੇ ਮਟੀਰੀਅਲ ਦੀ ਅਨੁਪਾਤ ਰਹੇਗੀ।
- 50 ਕੰਮ ਗਰਾਮ ਪੰਚਾਇਤ ਤੇ 50 ਕੰਮ ਹੋਰ ਵਿਭਾਗਾਂ ਰਾਹੀਂ ਹੋਵੇਗਾ।

**ਇਸ ਸਕੀਮ ਅਧੀਨ ਭਾਰਤ ਸਰਕਾਰ ਵਲੋਂ ਪ੍ਰਮਾਣਿਤ ਕੰਮਾਂ ਦੀ ਨਿਮਨ ਸੂਚੀ ਹੈ :**

- ਪਾਣੀ ਜਮ੍ਹਾਂ ਕਰਨਾ ਅਤੇ ਖੇਤੀ ਲਈ ਵਰਤਣਾ
- ਸੋਕੇ ਦੀ ਰੋਕਥਾਮ ਸਬੰਧੀ ਕੰਮ
- ਸਿੰਚਾਈ ਸਬੰਧੀ ਮਾਈਕਰੋ ਅਤੇ ਛੋਟੇ ਸਿੰਚਾਈ ਸਾਧਨਾ ਸਬੰਧੀ ਕੰਮ
- ਇੰਦਰਾ ਵਿਕਾਸ ਯੋਜਨਾ ਅਧੀਨ ਐਸ.ਸੀ./ਐਸ. ਦੀ ਜ਼ਮੀਨ ਪ੍ਰਾਪਤ ਕਰਨੀ ਜਾਂ ਲਾਭਪਾਤਰੀ ਨੂੰ ਸਿੰਚਾਈ ਸਹੂਲਤਾ ਦੇਣਾ।
- ਪਰੰਪਰਾਗਤ ਪਾਣੀ ਦੇ ਸਰੋਤਾਂ ਨੂੰ ਨਵਿਆਣਾ।

- ਤਲਾਬਾਂ ਨੂੰ ਖੁਦਵਾਉਣਾ।
- ਜ਼ਮੀਨ ਦਾ ਵਿਕਾਸ
- ਹੜ੍ਹ ਦਾ ਕੰਟਰੋਲ ਅਤੇ ਸੇਮ ਦੇ ਮਾਰੇ ਇਲਾਕੇ ਵਿਚ ਹੜ੍ਹਾਂ ਦੀ ਰੋਕਥਾਮ
- ਦਿਹਾਤੀ ਲਿੰਕ ਸੜਕਾਂ ਬਣਾਉਣੀਆਂ

**ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ (ਅਜੀਵਿਕਾ)**

ਦੀਨ ਦਿਆਲ ਅਨਤ'ਦਿਆ ਯੋਜਨਾ੍ਨੈਸ਼ਨਲ ਰੂਰਲ ਲਾਈਵਲੀਹੁੱਡ ਮਿਸ਼ਨ (DAY-NRLM) ਨੂੰ 2011-12 ਤੋਂ ਸਾਰੇ ਰਾਜਾਂ ਵਿੱਚ ਪਾਇਲਟ ਬੇਸਿਸ ਤੇ ਸਵਰਨ ਜੈਅੰਤੀ ਗਰਾਮ ਸਵੈ-ਰੋਜ਼ਗਾਰ ਯੋਜਨਾ (SGSY) ਦੀ ਥਾਂ ਤੇ ਲਾਗੂ ਕੀਤਾ ਗਿਆ ਸੀ। ਪੇਂਡੂ ਵਿਕਾਸ ਮੰਤਰਾਲਾ (MORD) ਭਾਰਤ ਸਰਕਾਰ ਦੇ ਪੱਧਰ ਤੇ ਨੈਸ਼ਨਲ ਮਿਸ਼ਨ ਮੈਨੇਜਮੈਂਟ ਯੂਨਿਟ (NMMU) ਬਣਾਇਆ ਗਿਆ ਹੈ ਜੋ ਕਿ ਸਰੇ ਰਾਜਾਂ ਵਿੱਚ ਡੀ.ਏ.ਵਾਈ.ਐਨ.ਆਰ.ਟੈਲ.ਐਮ ਦੀਆਂ ਹੁੰਦੀਆਂ ਗਤੀਵਿਧੀਆਂ ਦੀ ਅਗਵਾਈ ਕਰਦਾ ਹੈ। ਐਨ.ਐਮ.ਐਮ.ਯੂ. ਵੱਲੋਂ ਹਰ ਰਾਜ ਲਈ ਇੱਕ ਜਾਂ ਦੋ ਸਟੇਟ ਐਂਕਰ ਨਿਯੁਕਤ ਕੀਤੇ ਜਾਂਦੇ ਹਨ ਜੋ ਉਸ ਨੂੰ ਲਗਾਤਾਰ ਸੇਧ ਦਿੰਦੇ ਹਨ। ਇਸੇ ਤਰ੍ਹਾਂ ਪੰਜਾਬ ਸਟੇਟ ਰੂਰਲ ਲਾਈਵਲੀਹੁੱਡ ਮਿਸ਼ਨ ਮੈਨੇਜਮੈਂਟ ਯੂਨਿਟ (SMMU) ਸਥਾਪਤ ਹੈ, ਜੋ ਕਿ ਭਾਰਤ ਸਰਕਾਰ ਅਤੇ ਜ਼ਿਲਿਆਂ ਵਿੱਚ ਤਾਲ ਮੇਲ ਕਰਦਾ ਹੈ। ਇਸੇ ਤਰ੍ਹਾਂ ਜਿਲ੍ਹਾ ਪੱਧਰ ਤੇ ਜ਼ਿਲ੍ਹਾ ਮਿਸ਼ਨ ਮੈਨੇਜਮੈਂਟ ਯੂਨਿਟ (DDMU) ਅਤੇ ਬਲਾਕ ਪੱਧਰ ਤੇ (BMMU) ਬਲਾਕ ਮੈਨੈਜਮੈਂਟ ਯੂਨਿਟ ਸਥਾਪਿਤ ਕੀਤੇ ਗਏ ਹਨ।

ਐਸ.ਜੀ.ਐਸ.ਵਾਈ ਅਤੇ ਡੀ.ਏਵਾਈ.ਐਨ.ਆਰ.ਐਲ.ਐਮ. ਵਿੱਚ ਮੁੱਖ ਅੰਤਰ ਹੇਠ ਲਿਖੇ ਅਨੁਸਾਰ ਹਨ :- ਲੜੀ ਨੰ: 1.) ਐਸ.ਜੀ.ਐਸ.ਵਾਈਡੀ.ਏ.ਵਾਈ.ਐਨ.ਆਰ.ਐਲ.ਐਮ.1 ਐਸ. ਜੀ. ਐਸ. ਵਾਈ ਦਾ ਆਧਾਰ ਬੀ. ਪੀ. ਐਲ. ਸੀ। ਡੀ.ਏ.ਵਾਈ-ਐਨ.ਆਰ.ਐਲ.ਐਮ ਦਾ ਆਧਾਰ ਗਰੀਬ ਦੀ ਹਾਜਰੀ ਪਛਾਣ ਅਤੇ ਐਸ.ਈ.ਸੀ.ਸੀ. ਡਾਟਾ ਹੈ। 2) ਐਸ.ਜੀ.ਐਸ.ਵਾਈ. ਵਿੱਚ ਮਰਦਾਂ ਅਤੇ ਔਰਤਾਂ ਦੇ ਮਿਸ਼ਨ ਗਰੁੱਪ ਅਤੇ ਵਿਅਕਤੀਗਤ ਲਾਭਪਾਤਰੀ ਸਨ। ਡੀ.ਏ.ਵਾਈ-ਐਨ.ਆਰ.ਐਲ.ਐਮ ਵਿੱਚ ਕੇਵਲ ਔਰਤਾਂ ਦੇ ਗਰੁੱਪ ਹੀ ਬਣਾਏ ਜਾਂਦੇ ਹਨ। 3) ਐਸ.ਜੀ.ਐਸ.ਵਾਈ ਵਿੱਚ ਗਰੁੱਪਾਂ ਦੀਆਂ ਫੈਡਰੇਸ਼ਨਾਂ ਨਹੀਂ ਸਨ। ਡੀ.ਏ.ਵਾਈ-ਐਨ.ਆਰ.ਐਲ.ਐਮ ਵਿੱਚ ਗਰੁੱਪਾਂ ਉੱਤੇ ਗਰਾਮ ਸੰਗਠਨ ਕਲਸਟਰ ਲੈਵਲ ਫੈਡਰੇਸ਼ਨ, ਬਲਾਕ ਲੈਵਲ ਫੈਡਰੇਸ਼ਨ ਅਤੇ ਜਿਲ੍ਹਾ ਪੱਧਰੀ ਫੈਡਰੇਸ਼ਨ ਹਨ। 4) ਐਸ.ਜੀ.ਐਸ.ਵਾਈ. ਵਿੱਚ ਸਬਸਿਡੀ ਦਿੱਤੀ ਜਾਂਦੀ ਸੀ ਡੀ.ਏ. ਵਾਈ-ਐਨ.ਆਰ.ਐਲ.ਐਮ. ਵਿਚ ਨਈਂ, ਸਗ" ਬੈਂਕ ਕਰਜੇ ਤੇ ਵਿਆਜ ਵਿੱਚ ਛ'ਟ ਹੈ। 5) ਐਸ.ਜੀ.ਐਸ.ਵਾਈ ਵਿੱਚ ਸਿਰਫ ਟਰਮ ਲੋਨ ਦਿੱਤਾ ਜਾਂਦਾ ਸੀ। ਡੀ.ਏ.ਵਾਈ-ਐਨ.ਆਰ.ਐਲ.ਐਮ ਵਿਚ ਟਰਮ ਲੋਨ ਕੈਸ਼ ਕਰੈਡਿਟ ਲਿਮਟ ਜਾਂ ਦੋਨੋ ਦਿਤੇ ਜਾ ਸਕਦੇ ਹਨ। 6) ਐਸ.ਜੀ.ਐਸ.ਵਾਈ ਵਿੱਚ ਸਿਰਫ ਇੱਕ ਵਾਰ ਲੋਨ ਮਿਲਦਾ ਸੀ। ਡੀ.ਏ.ਵਾਈ.ਐਨ.ਆਰ.ਐਲ.ਐਮ.ਵਿੱਚ ਮਲਟੀਪਲ ਡੋਜ਼ਿਜ਼ ਵਿੱਚ ਲੋਨ ਦਿੱਤਾ ਜਾ ਸਕਦਾ ਹੈ। 7) ਐਸ.ਜੀ.ਐਸ.ਵਾਈ ਵਿੱਚ ਰਜਿਸਟਰਡ ਫੈਡਰੇਸ਼ਨਾ ਨਹੀਂ ਸਨ ਡੀ.ਏ.ਵਾਈ-ਐਨ.ਆਰ.ਐਲ.ਐਮ ਵਿੱਚ ਫੈਡਰੇਸ਼ਨ ਨੂੰ ਰਜਿਸਟਰਡ ਕੀਤਾ ਜਾਣਾ ਹੈ।

ਨੈਸ਼ਨਲ ਮਿਸ਼ਨ ਮੈਨੇਜਮੈਂਟ ਯੂਨਿਟ (Day-NRLM) ਵੱਲੋਂ ਸਮੂਲ ਐਸ.ਆਰ.ਐਲ.ਐਮਜ ਨੂੰ ਚਾਰ ਸਟੈਂਡਰਡ ਮੈਨੂਅਲ ਦਿੱਤੇ ਗਏ ਹਨ।

- ਕਮਿਊਨਿਟੀ ਓਪਰੇਸ਼ਨ ਮੈਨੂਅਲ (COM)
- ਫਾਇਨੈਂਸ ਮੈਨੂਅਲ (FM)
- ਪਰਕਿਊਰਮੈਂਟ ਮੈਨੂਅਲ (PM)
- ਹਿਓਮਨ ਰਿਸੋਰਸ ਮੈਨੂਅਲ (HR)

**ਸਮੂਹ ਅਧਾਰਤ ਸੰਸਥਾਂ ਦਾ ਢਾਚਾਂ**

ਐਨ.ਆਰ.ਐਲ.ਐਮ. ਨੂੰ 2012-13 ਵਿੱਚ ਪੰਜ ਜ਼ਿਲ੍ਹਿਆ (ਸੰਗਰੂਰ, ਪਟਿਆਲਾ, ਗੁਰਦਾਸਪੁਰ, ਤਰਨਤਾਰਨ ਅਤੇ ਫਿਰੋਜ਼ਪੁਰ) ਦੇ 12 ਬਲਾਕਾਂ ਵਿੱਚ ਪਾਇਲਟ ਬੇਸਿਸ ਤੇ ਸ਼ੁਰੂ ਕੀਤਾ ਗਿਆ ਸੀ। 2015-16 ਵਿੱਚ ਦੋ ਨਵੇਂ ਜ਼ਿਲਿਆਂ (ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ) ਦੇ ਇੱਕ ਇੱਕ ਬਲਾਕ ਹੋਰ ਲਏ ਗਏ ਸਨ ਅਤੇ ਸਾਲ 2016-17 ਵਿੱਚ ਇਹਨਾਂ ਦੋਵੇਂ ਜ਼ਿਲਿਆ ਦੇ ਦੋ-ਦੋ ਹੋਰ ਬਲਾਕ ਲਏ ਸਨ ਬਾਕੀ 15 ਜਿਲ੍ਹਿਆਂ ਦੇ ਇੱਕ ਬਲਾਕ ਦੇ ਇੱਕ ਕਲੱਸਟਰ ਵਿੱਚ ਕੰਮ ਸ਼ੁਰੂ ਕੀਤਾ ਗਿਆ ਸੀ, ਪ੍ਰੰਤੂ ਇਹਨਾਂ ਜ਼ਿਲ੍ਹਿਆ ਵਿੱਚ ਸਟਾਫ ਦੀ ਭਰਤੀ ਨਾ ਹੋਣ ਕਾਰਣ ਕੁੱਝ ਜ਼ਿਲਿਆ ਵਿੱਚ ਪੁਰਾਣੇ ਸਟਾਫ ਨੂੰ ਬਦਲੀ ਕਰਕੇ ਭੇਜਿਆ ਗਿਆ ਹੈ ਇਸ ਲਈ 2016-17 ਦੌਰਾਨ22 ਜ਼ਿਲਿਆ ਦੇ 35 ਬਲਾਕਾਂ ਵਿਚ ਕੰਮ ਕੀਤਾ ਜਾਣਾ ਹੈ। ਇੱਥੇ ਇਹ ਵਰਨਣਯੋਗ ਹੈ ਕਿ ਜਿਨ੍ਹਾਂ ਜ਼ਿਲਿਆ ਵਿਚ ਤਿੰਨ ਜਾਂ ਤਿੰਨ ਤੋਂ ਜ਼ਿਆਦਾ ਬਲਾਕ ਕਵਰ ਹਨ ਉਹਨਾਂ ਵਿਚ ਜ਼ਿਲਾ ਪੱਧਰੀ ਯੂਨਿਟ (DDMU) ਸਥਾਪਿਤ ਕੀਤਾ ਜਾਂਦਾ ਹੈ। ਮਿਸ਼ਨ ਦਾ ਮਕਸਦ ਪ੍ਰੋਗਰਾਮ ਨੂੰ ਸਮੂਹ ਰਾਹੀਂ 2022-23 ਤੱਕ ਫੈਲਾਉਣਾ ਅਤੇ 20124-25 ਕਰਨਾ ਹੈ। ਮਿਸ਼ਨ ਪ੍ਰੋਗਰਾਮ ਨੂੰ ਸਮੇਂ ਬੱਧ ਤਰੀਕੇ ਨਾਲ ਅੱਗੇ ਵਧਾਉਣਲਈ ਹੇਠ ਲਿਖੇ ਕੇਂਦਰਿਤ ਕੈਡਰ ਤਿਆਰ ਜਾਂ ਕੀਤੇ ਜਾਣੇ ਹਨ।

- **ਸਰਗਰਮ ਔਰਤਾਂ**

  ਸਵੈ ਸਹਾਇਤਾ ਗਰੁੱਪਾਂ ਦੀਆਂ ਉਹ ਅ''ਰਤਾਂ ਜਿਹੜੀਆਂ 8ਵੀਂ, 10ਵੀਂ ਜਾਂ 12ਵੀਂ ਤੱਕ ਪੜ੍ਹੀਆ ਹੋਣ ਅਤੇ ਉਹਨਾਂ ਵਿੱਚ ਲੀਡਰਸ਼ਿਪ ਦੇ ਗੁਣ ਹੋਣ, ਇਹਨਾਂ ਵਿੱਚ'' ਅੱਗੇ ਜਾ ਕੇ ਕਈ ਤਰ੍ਹਾਂ ਦਾ ਕੈਡਰ ਤਿਆਰ ਹੁੰਦਾ ਹੈ।

- **ਸਮੂਹ ਸਰੋਤ ਵਿਅਕਤੀ (CRP)**

  ਇਨ੍ਹਾਂ ਵੱਲੋਂ ਦੂਜੇ ਬਲਾਕਾਂ ਜਾਂ ਜ਼ਿਲ੍ਹਿਆਂ ਵਿੱਚ ਜਾ ਕੇ ਨਵੇਂ ਗਰੁੱਪ ਬਣਾਉਣੇ, ਬੈਂਕ ਖਾਤੇ ਖੁਲਵਾਉਣ ਅਤੇ ਮੁੱਢਲੀ ਟਰੇਨਿੰਗ ਦੇਣਾ।

- **ਦਿਹਾਤ ਫੈਸਿਲੀਟੇਟਰ (VF)**

  ਇਹਨਾਂ ਵੱਲੋਂ ਪਿੰਡ ਵਿੱਚ ਹੀ ਰਹਿ ਕੇ ਗਰੁੱਪਾਂ ਦੇ ਹਿਸਾਬ ਕਿਤਾਬ ਰੱਖਣ ਵਿੱਚ ਮਦਦ ਕਰਨਾ।

- **ਬੁੱਕ ਕੀਪਰ (BK)**

  ਇਹਨਾਂ ਵੱਲੋਂ ਆਪਣੇ ਗਰੁੱਪ ਗਰਾਮ ਦੇ ਸੰਗਠਨ ਜਾਂ ਕਲਸਟਰ ਪੱਧਰੀ ਫੈਡਰੇਸ਼ਨ ਦੀਆਂ ਕਿਤਾਬਾਂ ਦਾ ਲੇਖਾ-ਜੋਖਾ ਕਰਨਾ ਅਤੇ ਹਿਸਾਬ ਕਿਾਤਬ ਰੱਖਣਾ।

- **ਮਾਸਟਰ ਬੁੱਕ ਕੀਪਰ (MBK)**

  ਇਹਨਾਂ ਵੱਲੋਂ ਸਮੇਂ-ਸਮੇਂ ਬੁੱਕ ਕੀਪਰਾਂ ਨੂੰ ਟ੍ਰੇਨਿੰਗ ਦੇਣਾ।

- **ਮਾਸਟਰ ਟਰੇਨਰ (MTs)**

  ਇਹਨਾਂ ਵੱਲੋਂ ਸਮੂਹ ਦੀਆਂ ਵੱਖ-ਵੱਖ ਸੰਸਥਾਵਾਂ ਨੂੰ ਵਿਸ਼ੇ ਮੁਤਾਬਕ ਟ੍ਰੇਨਿੰਗ ਦੇਣਾ।

- **ਬੈਂਕ ਮਿਤਰਾ ਜਾਂ ਬੈਂਕ ਸਾਖੀ (Bank Mitra/Bank Sakhi)**

  ਇਹਨਾਂ ਵੱਲੋਂ ਗਰੁੱਪਾਂ ਦੀ ਕਰੈਡਿਟ ਲਿਕੇਜ ਲਈ ਬੈਂਕਾ ਨਾਲ ਤਾਲਮੇਲ ਕਰਨਾ ਅਤੇ ਗਰੁੱਪ ਮੈਂਬਰਾਂ ਨੂੰ ਬੈਂਕ ਕਰਜਾਂ ਵਿੱਚ ਸੇਧ ਦੇਣੀ।

- **ਸੀਨੀਅਰ ਸੀ.ਆਰ.ਪੀ. (Sr.CRP)**

  ਇਹਨਾਂ ਵੱਲੋਂ ਗਰਾਮ ਸੰਗਠਨ ਜਾਂ ਕਲੱਸਟਰ ਪੱਧਰੀ ਫੈਡਰੇਸ਼ਨ ਬਣਾਉਣਾ ਅਤੇ ਇਹਨਾਂ ਨੂੰ ਟ੍ਰੇਨਿੰਗ ਦੇਣਾ।

- **ਪ੍ਰੋਜੈਕਟ ਰਿਸ'ਰਸ ਪਰਸਨ (PRP)**

ਇਹਨਾਂ ਵੱਲੋਂ ਇੱਕ ਕਲੱਸਟਰ ਜਾਂ ਬਲਾਕ ਵਿੱਚ ਰਹਿੰਦੇ ਹ'ਏ ਪੂਰੇ ਕਲੱਸਟਰ ਵਿੱਚ ਵੱਖ-ਵੱਖ ਕੇਡਰਾਂ ਨੂੰ ਸੇਧ ਅਤੇ ਟ੍ਰੇਨਿੰਗ ਦੇਣਾ।

ਵੱਖ-ਵੱਖ ਸਮੇਂ ਤੇ ਸਮੂਹ ਸੰਸਥਾਵਾਂ ਨੂੰ ਦਿੱਤੇ ਜਾਣ ਵਾਲੇ ਫੰਡ

- **ਚਾਲੂ ਫੰਡ (RF)**

ਗਰੁੱਪ ਬਨਣ ਤੋਂ ਤਿੰਨ ਮਹੀਨੇ ਬਾਅਦ ਅਤੇ ਪੰਚ ਸੂਤਰਾਂ ਦੀ ਪਾਲਣਾ ਕਰਨ (ਰੈਗੂਲਰ ਮੀਟਿੰਗ, ਹਫਤਾਵਾਰੀ ਬੱਚਤ, ਰੈਗੂਲਰ ਲੈਣ ਦੇਣ, ਰੈਗੂਲਰ ਕਰਜ਼ਾ ਵਾਪਸੀ ਅਤੇ ਬੁੱਕ ਕੀਪਿੰਗ ਹੋਣ ਤੇ 10 ਤੇ 15 ਹਜ਼ਾਰ ਚਾਲੂ ਫੰਡ ਦਿੱਤਾ ਜਾਂਦਾ ਹੈ।

- **ਸਮੂਹ ਲਾਗਤ ਫੰਡ (CIF)**

ਸੀ.ਆਈ.ਐਫ. ਗਰੁੱਪ ਨੂੰ ਉਸਦੇ ਗਰਾਮ ਸੰਗਠਨ ਰਾਹੀਂ 6 ਮਹੀਨੇ ਬਾਅਦ 0.40 ਲੱਖ ਤੋਂ 1.10 ਲੱਖ ਤੱਕ ਦਿੱਤਾ ਜਾਂਦਾ ਜੋ ਕਿ CLF/BLF ਬਨਣ ਤੇ ਇਸਦੀ ਵਾਪਸੀ ਗਰਾਮ ਸੰਗਠਨ ਵੱਲੋਂ CLF/BLF ਨੂੰ ਕੀਤੀ ਜਾਂਦੀ ਹੈ ਅਤੇ ਲੋੜ ਅਨੁਸਾਰ ਇਏ ਫੰਡ CLF's, VO's, SHGS'a SHG ਮੈਂਬਰ ਤੱਕ ਵੱਖ-ਵੱਖ ਸਮੇਂ ਅਤੇ ਵਿਆਜ ਤੇ ਦਿੱਤਾ ਜਾਂਦਾ ਹੈ।

- **ਅਸੁਰੱਖਿਆ ਕਲਿਆਣ ਫੰਡ (CRF)**

ਇਹ ਫੰਡ ਉਸ ਗਰੁੱਪ ਜਾਂ ਗਰਾਮ ਸੰਗਠਨ ਨੂੰ ਦਿੱਤੇ ਜਾਂਦੇ ਹਨ ਜੋ ਕਿ ਅਸੁਰੱਖਿਆ ਕਲਿਆਣ ਫੰਡ ਜਿਵੇਂ ਕਿ ਕੈਂਸਰ ਪੀੜਤ, ਐਚ.ਆਈ.ਵੀ., ਵਿਧਵਾ, ਅਪੰਗ ਅਤੇ ਹੋਰ ਅਜਿਹੀਆਂ ਸ਼੍ਰੇਣੀਆਂ ਲਈ ਰਾਖਵਾਂ ਰੱਖਿਆ ਜਾਂਦਾ ਹੈ।

ਇਸ ਤੋਂ ਇਲਾਵਾ ਜਿਹਨਾਂ ਬਲਾਕਾਂ ਵਿੱਚ CLF ਜਾਂ BLF ਬਣ ਚੁੱਕੀਆਂ ਹੁੰਦੀਆਂ ਹਨ ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

- **ਸਟਾਰਟ ਅਪ ਵਿਲੇਜ ਐਂਟਰਪਰਿਨਿਊਰਸ਼ਿਪ ਪ੍ਰੋਗਰਾਮ(SVEP)**

ਇਸ ਪ੍ਰੋਗਰਾਮ ਫਾਰਮ ਲਾਈਵਲੀਹੁੱਡ ਨਾਲ ਸਬੰਧਤ ਹੈ। ਇਸ ਪ੍ਰੋਗਰਾਮ ਤਹਿਤ 2016-17 ਵਿੱਚ ਜ਼ਿਲ੍ਹਾ ਸੰਗਰੂਰ ਦੇ ਬਲਾਕ ਸੁਨਾਮ ਨੂੰ ਚੁਣਿਆ ਗਿਆ ਸੀ। ਇਸ ਲਣ. ਪੇਂਡੂ ਮੰਤਰਾਲੇ ਵੱਲੋਂ ਚੁਣੀਆਂ ਗਈਆਂ ਪ੍ਰੋਜੈਕਟਾਂ ਨੂੰ ਅਮਲੀ ਰੂਪ ਦੇਣ ਵਾਲੀਆਂ ਏਜੰਸੀਆਂ (PIA) ਵਿੱਚੋਂ ਐਂਟਰਪਰਿਨਿਉਰਸ਼ਿਪ ਡਿਵੈਲਪਮੈਂਟ ਇੰਸਟੀਚਿਊਟ (EDI Ahmedabad) ਨਾਲ ਕੀਤਾ ਗਿਆ ਹੈ। EDI ਵੱਲੋਂ ਵਿਸਥਾਰ ਪ੍ਰੋਜੈਕਟ ਰਿਪੋਰਟ (DPR) ਦੇ ਦਿੱਤੀ ਗਈ ਹੈ। ਸਾਲ 2017-18 ਲਈ ਦੋ ਹੋਰ ਬਲਾਕਾਂ ਦੀ ਇਹ ਤਜਵੀਜ਼ ਮਨਜੂਰ ਨਹੀਂ ਕੀਤੀ ਗਈ। ਇਸ ਪ੍ਰੋਗਰਾਮ ਲਈ ਫੰਡ ਅਲੱਗ ਤੋਂ ਮੁਹੱਈਆ ਕਰਵਾਏ ਜਾਂਦੇ ਹਨ।

- **ਮਹਿਲਾ ਕਿਸਾਨ ਸਸ਼ਕਤੀਕਰਣ ਪ੍ਰੋਜੈਕਟ (MKSP)**

ਇਹ ਪ੍ਰੋਗਰਾਮ ਫਾਰਮ ਲਾਈਵਲੀਹੁੱਡ ਨਾਲ ਸਬੰਧਤ ਹੈ ਅਤੇ ਸਾਲ 2017-18 ਵਿੱਚ ਇਸ ਪ੍ਰੋਗਰਾਮ ਅਧੀਨ ਦੋ ਬਲਾਕ ਸ਼ੁਰੂ ਕਰਨ ਦੀ ਤਜਵੀਜ਼ ਭੇਜੀ ਗਈ ਸੀ, ਪ੍ਰੰਤੂ ਲਾਈਵਲੀਹੁਡ ਨਾਲ ਸਬੰਧਤ ਆਸਾਮੀਆਂ ਨਾ ਭਰਨ ਕਾਰਨ ਇਸ ਪ੍ਰੋਗਰਾਮ ਦੀ ਮੰਨਜੂਰੀ ਵੀ ਨਹੀਂ ਮਿਲ ਸਕੀ। ਇਸ ਪ੍ਰੋਗਰਾਮ ਲਈ ਵੀ ਫੰਡ ਅਲੱਗ ਤੋਂ ਹੀ ਮੁਹੱਈਆ ਕਰਵਾਏ ਜਾਂਦੇ ਹਨ।

## ਆਦਰਸ਼ ਗਰਾਮ ਯੋਜਨਾ

ਐਸਏਜੀਵਾਈ ਦਾ ਮੰਤਵ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਇਲਾਵਾ ਪਿੰਡਾਂ ਅਤੇ ਉੱਥੋਂ ਦੇ ਲੋਕਾਂ ਵਿੱਚ ਕੁਝ ਮਹੱਤਵਾਂ ਨੂੰ ਪਾਉਣਾ ਹੈ ਤਾਂ ਜੋ ਉਹ ਦੂਜਿਆਂ ਲਈ ਆਦਰਸ਼ ਬਣ ਸਕਣ। ਇਹਨਾਂ ਮਹੱਤਵਾਂ ਵਿੱਚ ਸ਼ਾਮਲ ਹਨ:

- ਲੋਕਾਂ ਦੀ ਭਾਗੀਦਾਰੀ ਨੂੰ ਟੀਚੇ ਦੇ ਤੌਰ ਤੇ ਮੰਨਣਾ ਪਿੰਡ ਦੇ ਜੀਵਨ ਨਾਲ ਜੁੜੇ ਹੋਏ ਹਰ ਪਹਿਲੂ ਵਿੱਚ, ਖਾਸ ਤੌਰ ਤੇ ਸ਼ਾਸਨ ਨਾਲ ਜੁੜੇ ਫੈਸਲੇ ਲੈਣ ਵਿੱਚ, ਸਮਾਜ ਦੇ ਹਰ ਹਿੱਸੇ ਦੀ ਭਾਗੀਦਾਰੀ ਨੂੰ ਪੱਕਾ ਕਰਨਾ।
- ਅੰਤੋਦਿਆ ਨਾਲ ਜੁੜੇ ਰਹਿਣਾ ਪਿੰਡ ਦੇ ਸਭ ਤੋਂ ਗਰੀਬ ਅਤੇ ਸਭ ਤੋਂ ਕਮਜ਼ੋਰ ਇਨਸਾਨ ਨੂੰ ਸੁੱਖ ਪ੍ਰਾਪਤ ਕਰਨ ਦੇ ਕਾਬਿਲ ਬਣਾਉਣਾ।
- ਲਿੰਗਿਕ ਸਮਾਨਤਾ ਅਤੇ ਔਰਤਾਂ ਪ੍ਰਤੀ ਸਤਿਕਾਰ ਨੂੰ ਪੱਕਾ ਕਰਨਾ।
- ਸਮਾਜਿਕ ਇਨਸਾਫ ਦੀ ਗਾਰੰਟੀ
- ਮਿਹਨਤ ਦਾ ਗੌਰਵ ਅਤੇ ਸਮੂਹਿਕ ਸੇਵਾ ਅਤੇ ਸਵੈ-ਇੱਛਕ ਤੌਰ ਤੇ ਸੇਵਾ ਕਰਨ ਦੀ ਭਾਵਨਾ ਨੂੰ ਭਰਨਾ
- ਸਫਾਈ ਦੇ ਸਭਿਆਚਾਰ ਨੂੰ ਉਤਸਾਹਿਤ ਕਰਨਾ
- ਕੁਦਰਤ ਅਨੁਸਾਰ ਰਹਿਣਾ ਵਿਕਾਸ ਅਤੇ ਵਾਤਾਵਰਣ ਵਿੱਚ ਸੰਤੁਲਨ ਨੂੰ ਪੱਕਾ ਕਰਨਾ।
- ਸਥਾਨਕ ਸਭਿਆਚਾਰਕ ਵਿਰਾਸਤ ਨੂੰ ਬਚਾ ਕੇ ਰੱਖਣਾ ਅਤੇ ਇਸਨੂੰ ਉਤਸਾਹਿਤ ਕਰਨਾ
- ਆਪਸੀ ਸਹਿਯੋਗ, ਸਵੈਮਦਦ ਅਤੇ ਪੁਦ ਤੇ ਨਿਰਭਰਤਾ ਨੂੰ ਪੈਦਾ ਕਰਨਾ
- ਪਿੰਡ ਭਾਈਚਾਰੇ ਵਿੱਚ ਸ਼ਾਂਤੀ ਅਤੇ ਏਕਤਾ ਨੂੰ ਉਤਸਾਹਿਤ ਕਰਨਾ
- ਲੋਕਾਂ ਦੇ ਜੀਵਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਇਮਾਨਦਾਰੀ ਨੂੰ ਲੈ ਕੇ ਆਉਣਾ
- ਸਥਾਨਕ ਸਵੈਸ਼ਾਸਨ ਦਾ ਵਿਕਾਸ ਕਰਨਾ
- ਭਾਰਤੀ ਸੰਵਿਧਾਨ ਦੇ ਮੁੱਢਲੇ ਅਧਿਕਾਰਾਂ ਅਤੇ ਮੁੱਢਲੇ ਕਰੱਤਵਾਂ ਵਿੱਚ ਮੌਜੂਦ ਮਹੱਤਵਾਂ ਨਾਲ ਜੁੜੇ ਰਹਿਣਾ

**ਉਦੇਸ਼**

ਐਸ ਏ ਜੀ ਵਾਈ ਦੇ ਮੁੱਖ ਉਦੇਸ਼ ਹਨ :

- ਉਹਨਾਂ ਪ੍ਰਕਿਰਿਆਵਾਂ ਨੂੰ ਗਤੀ ਦੇਣਾ ਜੋ ਚੁਣੀਆਂ ਗਰਾਮ ਪੰਚਾਇਤਾਂ ਦੇ ਸਮੁੱਚੇ ਵਿਕਾਸ ਵੱਲ ਲੈ ਕੇ ਜਾਣ
- ਜਨਸੰਖਿਆ ਦੇ ਹਰ ਵਰਗ ਦੇ ਜੀਵਨ ਦੀ ਗੁਣਵੱਤਾ ਅਤੇ ਜਿਉਣ ਦੇ ਪੱਧਰ ਨੂੰ ਬਹੁਤ ਹੱਦ ਤੱਕ ਹੇਠ ਲਿਖੇ ਤਰੀਕਿਆਂ ਨਾਲ ਸੁਧਾਰਨਾਂ
  - ਬੁਨਿਆਦੀ ਸੁਵਿਧਾਵਾਂ ਵਿੱਚ ਸੁਧਾਰ ਕਰਨਾ
  - ਉਚੇਰੀ ਉਤਪਾਦਕਤਾ
  - ਵਧੀਆ ਮਾਨਵ ਵਿਕਾਸ
  - ਰੋਜ਼ੀ ਦੇ ਵਧੀਆ ਮੌਕੇ
  - ਘੱਟ ਅਸਮਾਨਤਾਵਾਂ
  - ਅਧਿਕਾਰਾਂ ਅਤੇ ਹੱਕਾਂ ਤੱਕ ਪਹੁੰਚ
  - ਵਿਆਪਕ ਸਮਾਜਕ ਗਤੀਸ਼ੀਲਤਾ
  - ਭਰਪੂਰ ਸਮਾਜਕ ਪੂੰਜੀ
- ਸਥਾਨਕ ਪੱਧਰ ਦੇ ਵਿਕਾਸ ਅਤੇ ਪ੍ਰਭਾਵੀ ਸ਼ਾਸਨ ਦੇ ਨਮੂਨੇ ਪੇਸ਼ ਕਰਨਾ ਜੋ ਗੁਆਂਢ ਦੀਆਂ ਗਰਾਮ ਪੰਚਾਇਤਾਂ ਨੂੰ ਇਹਨਾਂ ਤੋਂ ਕੁਝ ਸਿੱਖਣ ਅਤੇ ਅਪਨਾਉਣ ਲਈ ਪ੍ਰੇਰਨਾ ਦੇਣ ਅਤੇ ਇਹਨਾਂ ਦੀ ਹੌਂਸਲਾ ਅਫਜ਼ਾਈ ਕਰਨ।
- ਚੁਣੇ ਹੋਏ ਆਦਰਸ਼ ਗਰਾਮ ਨੂੰ ਸਥਾਨਕ ਵਿਕਾਸ ਦੇ ਸਕੂਲ ਦੇ ਤੌਰ ਤੇ ਦੂਜੀਆਂ ਗਰਾਮ ਪੰਚਾਇਤਾਂ ਨੂੰ ਸਿਖਾਉਣ ਲਈ ਵਿਕਸਿਤ ਕਰਨਾ।

**ਆਦਰਸ਼ ਗਰਾਮ ਯੋਜਨਾ ਵਿੱਚ ਗਤਿਵਿਧਿਆਂ**

ਇੱਕ ਆਦਰਸ਼ ਗਰਾਮ ਸੰਸਦ ਦੇ ਮੈਂਬਰਾਂ, ਗਰਾਮ ਪੰਚਾਇਤ, ਲੋਕ ਸਮਾਜ ਅਤੇ ਸਰਕਾਰੀ ਮਸ਼ੀਨਰੀ ਦੀਆਂ ਸਹੂਲਤਾਂ ਨਾਲ ਲੋਕਾਂ ਦੀ ਕਾਬਲੀਅਤ ਅਤੇ ਮੌਜੂਦ ਸਾਧਨਾਂ ਦੀ ਉੱਤਮ ਸੰਭਵ ਵਰਤੋਂ ਕਰਕੇ ਉਹਨਾਂ ਦੇ ਸਾਂਝੇ ਸੁਪਨੇ ਨਾਲ ਵਿਕਸਿਤ ਹੋਣਾ ਚਾਹੀਦਾ ਹੈ। ਕੁਦਰਤੀ ਤੌਰ ਤੇ ਇੱਕ ਆਦਰਸ਼ ਗਰਾਮ ਦੇ ਤੱਤ ਵਿਸ਼ੇ ਅਨੁਸਾਰ ਹੋਣੇ ਚਾਹੀਦੇ ਹਨ ਜਦਕਿ, ਮੋਟੇ ਤੌਰ ਤੇ ਮਹੱਤਵਪੂਰਨ ਗਤਿਵਿਧੀਆਂ ਦੀ ਪਛਾਣ ਕਰਨਾ ਅਜੈ ਵੀ ਸੰਭਵ ਹੈ। ਇਸ ਵਿੱਚ ਸ਼ਾਮਿਲ ਹੈ:

**SAGY ਦੁਆਰਾ ਸੰਪੂਰਨ ਵਿਕਾਸ ਲਈ**

**ਸੰਸਦ ਆਦਰਸ਼ ਗਰਾਮ ਯੋਜਨਾ ਤਹਿਤ ਸੰਪੂਰਣ ਵਿਕਾਸ (SAGY)**

| | |
|---|---|
| **ਨਿੱਜੀ**<br>**ਨਿਜੀ ਮੁੱਲ**<br>**ਸਾਫ-ਸਫਾਈ**<br>**ਸਭਿਆਚਾਰਕ ਵਿਰਾਸਤ**<br>**ਵਿਵਹਾਰਕ ਬਦਲਾਵ** | **ਮਨੁੱਖੀ**<br>**ਸਿੱਖਿਆ**<br>**ਸਿਹਤ**<br>**ਪੋਸ਼ਣ**<br>**ਸਮਾਜਿਕ ਸੁਰੱਖਿਆ** |
| **ਆਰਥਿਕ**<br>**ਰੋਜ਼ੀ**<br>**ਯੋਗਤਾ**<br>**ਵਿੱਤੀ ਹੱਲ**<br>**ਬੁਨਿਆਦੀ ਸੁਖ-ਸੁਵਿਧਾਵਾਂ/ਸੇਵਾਵਾਂ** | ਸਮਾਜਿਕ<br>ਸਵੈ-ਇੱਛਕ<br>ਸਮਾਜਕ ਮੁੱਲ/ਨੀਤੀਆਂ<br>ਸਮਾਜਕ ਨਿਆਂ<br>ਚੰਗਾ ਸ਼ਾਸਨ |

➢ **ਨਿਜੀ ਵਿਕਾਸ**

- ਚੰਗਾ ਵਤੀਰਾ ਅਤੇ ਸਭਿਆਸ ਪੈਦਾ ਕਰਨਾ
- ਹਰ ਰੋਜ਼ ਅਭਿਆਸ ਅਤੇ ਖੇਤਾਂ ਜਿਹੀਆਂ ਸਿਹਤਮੰਦ ਆਦਤਾਂ ਨੂੰ ਉਤਸਾਹਿਤ ਕਰਨਾ
- ਜ਼ੋਖਮ ਭਰੇ ਵਤੀਰੇ ਜਿਵੇਂ-ਸ਼ਰਾਬ ਅਤੇ ਸਿਗਰਟ ਪੀਣਾ, ਚੀਜ਼ਾਂ ਦੀ ਦੁਰਵਰਤੋਂ ਆਦਿ ਨੂੰ ਘੱਟ ਕਰਨਾ

➢ **ਮਾਨਵ ਵਿਕਾਸ**

- ਸਿਹਤ ਕਾਰਡ, ਚਿਕਿਤਸਕ ਜਾਂਚ ਦੇ ਬਣੇ ਹੋਏ ਬੁਨਿਆਦੀ ਸਿਹਤ ਸੁਵਿਧਾਵਾਂ ਤੱਕ ਵਿਸ਼ਵਵਿਆਪੀ ਪਹੁੰਚ
- ਪੂਰੀ ਸੁਰੱਖਿਆ
- ਸੰਤੁਲਿਤ ਲਿੰਗ ਅਨੁਪਾਤ
- 100% ਸੰਸਥਾਗਤ ਅਦਾਇਗੀ
- ਬੱਚਿਆਂ, ਬਾਲਗ ਕੁੜੀਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਤੇ ਖਾਸ ਧਿਆਨ ਦੇਣ ਦੇ ਨਾਲ ਨਾਲ ਸਾਰਿਆਂ ਦੇ ਵਿਕਾਸ ਦੀ ਸਥਿਤੀ ਵਿੱਚ ਸੁਧਾਰ ਲਿਆਉਣਾ।
- ਵਿਕਲਾਂਗਾਂ (ਪੀ ਡਬਲਯੂ ਡੀ) ਖਾਸ ਕਰ ਬੱਚਿਆਂ ਅਤੇ ਔਰਤਾਂ ਦੀਆਂ ਖਾਸ ਜ਼ਰੂਰਤਾਂ ਤੇ ਮਜ਼ਬੂਤੀ ਨਾਲ ਧਿਆਨ
- ਦਸਵੀਂ ਜਮਾਤ ਤੱਕ ਸਿੱਖਿਆ ਦੀਆਂ ਸੁਵਿਧਾਵਾਂ ਤੱਕ ਵਿਸ਼ਵਵਿਆਪੀ ਪਹੁੰਚ ਅਤੇ ਉਸਨੂੰ ਬਣਾ ਕੇ ਰੱਖਣਾ
- ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣਾ, ਸਮਾਰਟ ਸਕੂਲਾਂ ਵਿੱਚ ਗੁਣਵੱਤਾ ਭਰੀ ਸਿੱਖਿਆ ਦੇਣ ਲਈ ਆਈ ਟੀ ਜਮਾਤਾਂ, ਈ-ਲਾਇਬ੍ਰੇਰੀ, ਵੈਬ ਅਧਾਰਿਤ ਸਿਖਲਾਈ ਹੋਵੇਗੀ ਅਤੇ ਸਾਰੇ ਵਿਦਿਆਰਥੀਆਂ ਨੂੰ ਈ-ਸਿੱਖਿਅਤ ਕੀਤਾ ਜਾਵੇਗਾ
- ਬਾਲਗ ਸਿੱਖਿਆ
- ਈ-ਸਾਖਰਤਾ
- ਗਰਾਮੀਣ ਲਾਇਬ੍ਰੇਰੀ ਜਿਸ ਵਿੱਚ ਈ-ਲਾਈਬ੍ਰੇਰੀ ਸ਼ਾਮਿਲ ਹੋਵੇ।

## ➢ ਸਮਾਜਿਕ ਵਿਕਾਸ

- ਭਾਰਤ ਨਿਰਮਾਣ ਸਵੈ-ਇੱਛੁਕਾਂ ਦੀ ਤਰ੍ਹਾਂ ਸਵੈ-ਇੱਛਾ ਦੀ ਤਰੱਕੀ ਲਈ ਗਤਿਵਿਧੀਆਂ।
- ਸਥਾਨਕ ਵਿਕਾਸ ਵਿੱਚ ਪੂਰੀ ਤਰ੍ਹਾਂ ਭਾਗੀਦਾਰੀ ਅਤੇ ਯੋਗਦਾਨ ਲਈ ਲੋਕਾਂ ਨੂੰ ਕਾਬਲ ਬਣਾਉਣਾ।
- ਪਿੰਡ ਦੇ ਬਜ਼ੁਰਗਾਂ, ਸਥਾਨਕ ਆਦਰਸ਼ਾਂ ਖਾਸ ਕਰ ਔਰਤਾਂ, ਸੁਤੰਤਰਤਾ ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਸਨਮਾਨ ਦੇਣ ਲਈ ਕੰਮ ਕਰਨਾ
- ਹਿੰਸਾ ਅਤੇ ਅਪਰਾਧ ਮੁਕਤ ਪਿੰਡ ਲਈ ਗਤੀਵਿਧੀਆਂ ਜਿਵੇਂ :
    - ਲੋਕ ਸਮਿਤੀਆਂ ਬਣਾਉਣਾ
    - ਵਿਸ਼ੇਸ਼ ਤੌਰ ਤੇ ਯੁਵਕ ਨੂੰ ਸੰਵੇਦਨਸ਼ੀਲ ਬਣਾਉਣਾ
- ਪਿੰਡ ਵਿੱਚ ਖੇਡ ਅਤੇ ਲੋਕ ਕਲਾ ਮੇਲੇ
- ''ਪਿੰਡ ਦਾ ਦਿਨ'' ਮਨਾਉਣਾ
- ਸਮਾਜ ਵਿੱਚੋਂ ਕੱਢੇ ਹੋਏ ਸਮੂਹਾਂ, ਖਾਸ ਕਰ ਪਛੜੀਆਂ ਜਾਤੀਆਂ ਅਤੇ ਕਬੀਲਿਆਂ ਨੂੰ ਮਿਲਾਉਣ ਲਈ ਕਿਰਿਆਸ਼ੀਲ ਕਦਮ ਚੁੱਕਣਾ।

## ➢ ਆਰਥਿਕ ਵਿਕਾਸ

1) ਵੱਖ-ਵੱਖ ਤਰ੍ਹਾਂ ਦੀ ਖੇਤੀ ਜਿਸ ਵਿੱਚ ਪਸ਼ੂ ਧਨ ਅਤੇ ਬਾਗਬਾਨੀ ਸ਼ਾਮਲ ਹੈ ਅਤੇ ਉਸ ਨਾਲ ਜੁੜੀ ਰੋਜ਼ੀ ਨੂੰ ਹੇਠਾਂ ਲਿਖੇ ਤਰੀਕਿਆਂ ਨਾਲ ਉਤਸਾਹਿਤ ਕਰਨਾ:
    - ਜੈਵਿਕ ਖੇਤੀ
    - ਜ਼ਮੀਨ ਦਾ ਸਿਹਤ ਕਾਰਡ
    - ਫਸਲਾਂ ਦੀ ਘਣਤਾ ਜਿਵੇਂ ਕਿ ਐਸ. ਆਰ. ਆਈ.
    - ਬੀਜ ਬੈਂਕ ਬਣਾਉਣਾ
    - ਗੈਰ-ਇਮਾਰਤੀ ਲਕੜੀ ਦੇ ਉਤਪਾਦਨ ਦਾ ਸੰਗ੍ਰਹਿ ਅਤੇ ਉਸਦੇ ਮੁੱਲ ਵਿੱਚ ਵਾਧਾ ਕਰਨਾ
    - ਪਸ਼ੂ ਧਨ ਜਿਵੇਂ ਕਿ ਗੋਬਰ ਬੈਂਕ ਅਤੇ ਪਸ਼ੂਆਂ ਨੂੰ ਰੱਖਣ ਦੀ ਥਾਂ ਦਾ ਵਿਕਾਸ
    - ਸੂਖਮ ਸਿੰਚਾਈ
    - ਖੇਤੀ-ਸੇਵਾ ਕੇਂਦਰ

**ਗ੍ਰਾਮੀਣ ਉਦਯੋਗੀਕਰਨ ਜਿਵੇਂ**

2) ਗ੍ਰਾਮੀਣ ਉਦਯੋਗੀਕਰਨ ਜਿਵੇਂ
    - ਕਟਾਈ ਤੋਂ ਬਾਅਦ ਦੀਆਂ ਤਕਨੀਕਾਂ ਨੂੰ ਲਾਗੂ ਕਰਨਾ
    - ਛੋਟੇ ਉਦਯੋਗ
    - ਡੇਅਰੀ ਵਿਕਾਸ ਅਤੇ ਕਾਰਵਾਈ
    - ਹਰ ਪਰੰਪਰਾਗਤ ਉਦਯੋਗ

**ਸਵੈ-ਰੋਜ਼ਗਾਰ ਅਤੇ ਨਿਯੁਕਤੀ ਲਈ ਸਾਰੇ ਯੋਗ ਨੌਜਵਾਨਾਂ ਦੀਆਂ ਯੋਗਤਾਵਾਂ ਦਾ ਵਿਕਾਸ**

3) ਸਵੈ-ਰੋਜ਼ਗਰ ਅਤੇ ਨਿਯੁਕਤੀ ਲਈ ਸਾਰੇ ਯੋਗ ਨੌਜਵਾਨਾਂ ਦੀਆਂ ਯੋਗਤਾਵਾਂ ਦਾ ਵਿਕਾਸ
4) ਵਾਤਾਵਰਣ ਦੀ ਯਾਤਰਾ ਸਮੇਤ ਪਿੰਡਾਂ ਦੀ ਯਾਤਰਾ ਉੱਪਰ ਦਿੱਤੀਆਂ ਸਾਰੀਆਂ ਗਤੀਵਿਧੀਆਂ ਨੂੰ ਘਰਾਂ ਤੋਂ ਗਰੀਬੀ ਨੂੰ ਬਾਹਰ ਕੱਢਣ ਤੇ ਧਿਆਨ ਦੇਣਾ ਚਾਹੀਦਾ ਹੈ, ਜਿਸਦੇ ਲਈ ਔਰਤਾਂ ਦੇ ਸਵੈ-ਸਹਾਇਤਾ ਸਮੂਹਾਂ ਨੂੰ ਬਣਾਉਣਾ, ਸਾਰੇ ਮਜ਼ਦੂਰਾਂ ਨੂੰ ਰੋਜ਼ਗਾਰ ਦੇਣਾ ਅਤੇ ਵਿੱਤੀ ਹੱਲ ਲਿਆਉਣਾ ਬਹੁਤ ਮਹੱਤਵਪੂਰਨ ਹੈ।

## ➢ ਵਾਤਾਵਰਣੀ ਵਿਕਾਸ

1) ਸਾਫ ਅਤੇ ਹਰੇ ਭਰੇ ਪਿੰਡ ਲਈ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਵਿੱਚ ਸ਼ਾਮਲ ਹੈ :
   - ਸਾਰੇ ਘਰਾਂ ਵਿੱਚ ਅਤੇ ਸਾਰੀਆਂ ਜਨਤਕ ਸੰਸਥਾਵਾਂ ਵਿੱਚ ਟੌਇਲਟ ਬਣਾਉਣਾ ਅਤੇ ਉਹਨਾਂ ਦੀ ਸਹੀ ਵਰਤੋਂ ਨੂੰ ਨਿਸ਼ਚਿਤ ਕਰਨਾ
   - ਠੋਸ ਅਤੇ ਤਰਲ ਕੂੜੇ ਦਾ ਸਹੀ ਪ੍ਰਬੰਧ ਕਰਨਾ
2) ਸੜਕ ਦੇ ਕਿਨਾਰੇ ਰੁੱਖ ਲਗਾਉਣਾ
3) ਘਾਹ ਵਾਲੇ ਰਸਤਿਆਂ ਸਮੇਤ ਘਰਾਂ, ਸਕੂਲਾਂ, ਅਤੇ ਜਨਤਕ ਸੰਸਥਾਵਾਂ ਵਿੱਚ ਸਥਾਨਕ ਪਹਿਲ ਦੇ ਅਨੁਸਾਰ ਰੁੱਖ ਲਗਾਉਣਾ
4) ਸਮਾਜਿਕ ਫੋਰੇਸਟ੍ਰੀ
5) ਵਾਟਰਸ਼ੈੱਡ ਦਾ ਪ੍ਰਬੰਧ ਕਰਨਾ ਅਤੇ ਖਾਸ ਤੌਰ ਤੇ ਪਾਣੀ ਦੇ ਪਰੰਪਰਾਗਤ ਨਿਕਾਸਾਂ ਦੀ ਮੁਰੰਮਤ ਕਰਨਾ ਅਤੇ ਨਵੇਂ ਬਣਾਉਣਾ
6) ਮੀਂਹ ਦੇ ਪਾਣੀ ਨਾਲ ਖੇਤੀ-ਛੱਤਾਂ 'ਤੇ ਅਤੇ ਹੋਰ ਸਾਧਨ
7) ਹਵਾ, ਪਾਣੀ ਅਤੇ ਭੂਮੀ ਦੇ ਸਥਾਨਕ ਪ੍ਰਦੂਸ਼ਣ ਨੂੰ ਘੱਟ ਕਰਨਾ

## ➢ ਸਮਾਜਕ ਸੁਰੱਖਿਆ

1) ਸਾਰੇ ਸੁਯੋਗ ਪਰਵਾਰਾਂ ਲਈ ਬੁਢਾਪਾ, ਵਿਕਲਾਂਗਤਾ, ਅਤੇ ਵਿਧਵਾਵਾਂ ਲਈ ਪੈਨਸ਼ਨ
2) ਆਮ ਆਦਮੀ ਬੀਮਾ ਯੋਜਨਾ ਜਿਹੀਆਂ ਬੀਮਾ ਯੋਜਨਾਵਾਂ
3) ਸਿਹਤ ਬੀਮਾ ਆਰਐਸਬੀਆਈ

## ➢ ਚੰਗਾ ਪ੍ਰਸ਼ਾਸਨ

1) ਸਥਾਨਕ ਲੋਕਤੰਤਰ ਨੂੰ ਮਜ਼ਬੂਤ ਅਤੇ ਜਵਾਬਦੇਹ ਗਰਾਮ ਪੰਚਾਇਤ ਅਤੇ ਕਿਰਿਆਸ਼ੀਲ ਗਰਾਮ ਸਭਾਵਾਂ ਰਾਹੀਂ ਮਜ਼ਬੂਤ ਕਰਨਾ
2) ਵਧੀਆ ਸੇਵਾ ਦੇਣ ਵਾਲੀ ਈ- ਗਵਰਨੈਂਸ (ਸ਼ਾਸਨ)
3) ਸਾਰਿਆਂ ਨੂੰ ਯੂ.ਆਈ.ਡੀ.ਏ.ਆਈ. ਕਾਰਡ ਦੇਣ ਦਾ ਪ੍ਰਬੰਧ
4) ਸਰਕਾਰੀ ਅਤੇ ਪੰਚਾਇਤ ਦੇ ਸਟਾਫ ਦੀ ਸਮੇਂ ਤੇ ਹਾਜ਼ਰੀ ਨੂੰ ਪੱਕਾ ਕਰਨਾ
5) ਵਿਭਾਗ ਦੇ ਨਾਗਰਿਕ ਚਾਰਟਰ ਨਾਲ ਸਮੇਂ 'ਤੇ ਸੇਵਾ ਪ੍ਰਦਾਨ ਕਰਨੀ
6) ਹਰ ਗਰਾਮ ਸਭਾ ਤੋਂ ਪਹਿਲਾਂ ਮਹਿਲਾ ਗਰਾਮ ਬੈਠਕ ਰੱਖਣਾ

## ➢ ਆਦਰਸ਼ ਗਰਾਮ ਦੀ ਪਛਾਣ

ਗਰਾਮ ਪੰਚਾਇਤ ਬੁਨਿਆਦੀ ਇਕਾਈ ਹੋਵੇਗੀ। ਇਸ ਵਿੱਚ ਮੈਦਾਨੀ ਖੇਤਰਾਂ ਦੀ ਆਬਾਦੀ 3000-5000 ਅਤੇ ਪਹਾੜੀ, ਕਬੀਲੇ ਅਤੇ ਮੁਸ਼ਕਲ ਖੇਤਰਾਂ ਦੀ ਆਬਾਦੀ 1000-3000 ਹੋਵੇਗੀ। ਜਿਹਨਾਂ ਜ਼ਿਲਿਆ ਵਿੱਓ ਇਕਾਏ ਦਾ ਇਹ ਆਕਾਰ ਨਹੀਂ ਹੋਵੇਗਾ ਉੱਥੇ ਆਬਾਦੀ ਦੇ ਇਛੁੱਕ ਆਕਾਰ ਨੂੰ ਅਨੁਮਾਨਿਤ ਕਰਦੇ ਹੋਏ ਗਰਾਮ ਪੰਚਾਇਤਾਂ ਨੂੰ ਚੁਣਿਆ ਜਾ ਸਕਦਾ ਹੈ।

ਸੰਸਦ ਮੈਂਬਰ ਆਪਣੀ ਪਤਨੀ ਜਾਂ ਆਪਣੇ ਪਤੀ ਦੇ ਪਿੰਡ ਤੋਂ ਇਲਾਵਾ ਇੱਕ ਢੁਕਵੀਂ ਗਰਾਮ ਪੰਚਾਇਤ ਨੂੰ ਆਦਰਸ਼ ਗਰਾਮ ਦੇ ਰੂਪ ਵਿੱਚ ਵਿਕਸਿਤ ਕਰਨ ਲਈ ਉਸਦੀ ਚੋਣ ਕਰਨ ਲਈ ਆਜ਼ਾਦ ਹੋਣਗੇ।

ਸੰਸਦ ਮੈਂਬਰ ਇੱਕ ਗਰਾਮ ਦੀ ਚੋਣ ਪੰਚਾਇਤ ਉਸੇ ਸਮੇਂ ਕਰਨਗੇ, ਅਤੇ ਦੋ ਹੋਰ ਗਰਾਮ ਪੰਚਾਇਤਾਂ ਨੂੰ ਥੋੜੀ ਦੇਰ ਬਾਅਦ ਚੁਣਨਗੇ। ਲੋਕ ਸਭਾ ਦੇ ਮੈਂਬਰ ਨੂੰ ਆਪਣੇ ਹਲਕੇ ਵਿੱਚੋਂ ਇੱਕ ਗਰਾਮ ਪੰਚਾਇਤ ਦੀ ਚੋਣ ਕਰਨੀ ਪਵੇਗੀ ਅਤੇ ਰਾਜ ਸਭਾ ਦੇ ਮੈਂਬਰ ਨੂੰ ਆਪਣੇ ਰਾਜ ਵਿਚ ਜਿਸ ਵਿੱਚੋਂ ਉਹ ਚੁਣੇ ਗਏ ਹਨ। ਉਸ ਵਿੱਚੋਂ ਆਪਣੀ ਪਸੰਦ ਦੇ ਜ਼ਿਲ੍ਹੇ ਦੇ ਇੱਕ ਗਰਾਮੀਣ ਖੇਤਰ ਤੋਂ ਗਰਾਮ ਪੰਚਾਇਤ ਦੀ ਚੋਣ ਕਰਨੀ ਪਵੇਗੀ। ਨਾਮਜ਼ਦ ਸੰਸਦ ਮੈਂਬਰ ਦੇਸ਼ ਵਿੱਚ ਕਿਸੇ ਵੀ ਜ਼ਿਲ੍ਹੇ ਦੇ ਗ੍ਰਾਮੀਨ ਖੇਤਰ ਤੋਂ ਇੱਕ ਗਰਾਮ ਪੰਚਾਇਤ ਦੀ ਚੋਣ ਕਰ ਸਕਦੇ ਹਨ। ਸ਼ਹਿਰੀ ਹਲਕਿਆਂ ਦੇ ਸੰਬੰਧ ਵਿੱਚ (ਜਿੱਥੇ ਕੋਈ ਗਰਾਮ ਪੰਚਾਇਤਾਂ ਨਹੀਂ ਹਨ) ਸੰਸਦ ਮੈਂਬਰ ਨੇੜੇ ਦੇ ਗ੍ਰਾਮੀਣ ਹਲਕਿਆਂ ਵਿੱਚੋਂ ਇੱਕ ਗਰਾਮ ਪੰਚਾਇਤ ਦੀ ਚੋਣ ਕਰਨਗੇ।

ਮੁੱਖ ਤੌਰ ਤੇ ਮਾਰਚ 2019 ਤੱਕ ਤਿੰਨ ਆਦਰਸ਼ ਗਰਾਮਾਂ ਦਾ ਵਿਕਾਸ ਕਰਨ ਦਾ ਮੰਤਵ ਹੈ, ਜਿਹਨਾਂ ਵਿੱਚੋਂ ਇੱਕ 2016 ਤੱਕ ਪੂਰਾ ਕਰ ਲਿਆ ਜਾਵੇਗਾ। ਇਸ ਤੋਂ ਬਾਅਦ ਪੰਜ ਅਜਿਹੇ ਆਦਰਸ਼ ਗਰਾਮ (ਹਰ ਸਾਲ ਇੱਕ) 2024 ਤੱਕ ਚੁਣੇ ਅਤੇ ਵਿਕਸਿਤ ਕੀਤੇ ਜਾਣਗੇ।

## ➢ ਯੋਜਨਾਬੰਦੀ

ਹਰ ਇੱਕ ਮਾਨਤਾ ਪ੍ਰਾਪਤ ਗਰਾਮ ਪੰਚਾਇਤ ਲਈ ਇੱਕ ਗਰਾਮ ਵਿਕਾਸ ਯੋਜਨਾ ਬਣਾਈ ਜਾਵੇਗੀ ਜਿਸਦਾ ਮੁੱਖ ਉਦੇਸ਼ ਹਰ ਇੱਕ ਗਰੀਬ ਨੂੰ ਗਰੀਬੀ ਤੋਂ ਬਾਹਰ ਕਢਣਾ ਹੋਵੇਗਾ।

ਸ਼ੁਰੂਆਤੀ ਯੋਜਨਾਬੰਦੀ ਤੋਂ ਪਹਿਲਾਂ ਇੱਕ ਯੋਜਨਾਬੱਧ ਮਾਹੌਲ ਨਿਰਮਾਣ ਅਤੇ ਸਮਾਜਿਕ ਲਾਮਬੰਦੀ ਹੋਵੇਗੀ ਜਿਸਦੀ ਪ੍ਰਧਾਨਗੀ ਖੁਦ ਐਮ.ਪੀ. ਦੁਆਰਾ ਕੀਤੀ ਜਾਵੇਗੀ। ਇਸ ਵਿੱਚ ਗਰਾਮ ਪੰਚਾਇਤ ਵੀ ਪੂਰੀ ਤਰ੍ਹਾਂ ਸ਼ਾਮਲ ਹੋਵੇਗੀ। ਇਸ ਵਿੱਚ ਸ਼ਾਮਲ ਹੋਣ ਵਾਲੀਆਂ ਕੁਝ ਗਤੀਵਿਧੀਆਂ ਹੇਠ ਲਿਖੇ ਅਨੁਸਾਰ ਹਨ :

1) ਗਰਾਮ ਸਭਾ, ਮਹਿਲਾ ਸਭਾ, ਬਾਲ ਸਭਾ ਨਾਲ ਚਰਚਾ
2) ਰੋਜ਼ਗਾਰੀ ਸਮੂਹ ਅਤੇ ਸਥਾਨਿਕ ਸੰਸਥਾਵਾਂ, ਜਿਵੇਂ ਕਿ ਨੌਜਵਾਨ ਕਲੱਬਾਂ ਨਾਲ ਚਰਚਾ
3) ਸਭਿਆਚਾਰਕ ਅਤੇ ਖੇਡ ਸਮਾਰੋਹਾਂ ਦਾ ਆਯੋਜਨ
4) ਦੀਵਾਰ ਲਿੱਖਤਾਂ, ਕੈਂਪ, ਪਦਯਾਤਰਾਵਾਂ, ਨੁਕੜ ਨਾਟਕ ਆਦਿ
5) ਪਿੰਡਾਂ ਨੂੰ ਆਦਰਸ਼ ਬਣਾਉਣ ਲਈ ਚਿੱਤਰਕਾਰੀ ਅਤੇ ਸਾਹਿਤਕ ਪ੍ਰਤਿਯੋਗਤਾਵਾਂ
6) ਗਰਾਮ ਵਿਕਾਸ ਸਬੰਧੀ ਬੇਹਤਰੀਨ ਕਾਰਜਾਂ ਦੀਆਂ ਵੀਡੀਓ ਦਿਖਾਉਣਾ

## ➢ ਸਮਾਂ ਸੀਮਾ

ਯੋਜਨਾ ਨੂੰ ਅੰਤਿਮ ਰੂਪ ਦੇਣ ਦੇ ਨਾਲ ਨਿੱਜੀ ਅਤੇ ਸਮਾਜਿਕ ਪੱਧਰ 'ਤੇ "ਨਰਮ" ਦਖਲਾਂ ਸਮੇਤ ਵਿਭਿੰਨ ਗਤੀਵਿਧੀਆਂ ਲਈ ਸਮਾਂ ਸੀਮਾਂ ਨਿਰਧਾਰਿਤ ਕਰਨਾ ਜ਼ਰੂਰੀ ਹੁੰਦਾ ਹੈ। ਗਤੀਵਿਧੀ ਲਈ ਢੁਕਵੀ ਸਮਾਂ ਸੀਮਾਂ ਸਥਾਨਕ ਸਥਿਤੀ ਅਨੁਸਾਰ ਬਣਦੀ ਹੈ। ਕੁਝ ਸਮਾਂ ਸੀਮਾਵਾਂ ਹੇਠਾਂ ਸੁਝਾਈਆਂ ਗਈਆਂ ਹਨ:

| ਕਾਰਜ | ਸ਼ੁਰੂਆਤ ਤੋਂ ਸਮਾਂ |
|---|---|
| **ਆਦਰਸ਼ ਗਰਾਮ ਦੀ ਚੋਣ** | ਇੱਕ ਮਹੀਨਾ |
| **ਯੋਜਨ ਪ੍ਰਤੀ ਜਾਗਰੂਕਤਾ ਫੈਲਾਉਣਾ** | ਦੋ ਮਹੀਨੇ |
| **ਵਾਤਾਵਰਨ ਨਿਰਮਾਣ ਅਤੇ ਸਮਾਜਿਕ ਲਾਮਬੰਦੀ** | ਤਿੰਨ ਮਹੀਨੇ |
| **ਪਹਿਲੇ ਪੜਾਅ ਦੇ ਕਾਰਜਾਂ ਦੀ ਸ਼ੁਰੂਆਤ** | ਤਿੰਨ ਮਹੀਨੇ |
| **ਪਹਿਲੇ ਪੜਾਅ ਦੇ ਕਾਰਜਾਂ ਦਾ ਮੁਲਾਂਕਣ** | ਪੰਜ ਮਹੀਨੇ |
| **ਵੀਡੀਪੀ ਦੇ ਨਿਰਮਾਣ ਦਾ ਪੂਰਾ ਹੋਣਾ** | ਅੱਠ ਮਹੀਨੇ |
| **ਸਵੀਕ੍ਰਿਤੀਆਂ ਅਤੇ ਮੰਜ਼ੂਰੀਆਂ** | ਨੌਂ ਮਹੀਨੇ |
| **ਗਰਾਮ ਸਭਾ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਵੀਡੀਪੀ ਦੇ ਵਿਕਾਸ ਦਾ ਮੁਲਾਂਕਣ** | ਇੱਕ ਸਾਲ |

## ਪ੍ਰਧਾਨ ਮੰਤਰੀ ਅਵਾਸ ਯੋਜਨਾ

ਪ੍ਰਧਾਨ ਮੰਤਰੀ ਨੇ ਰਾਸ਼ਟਰ ਦੀ ਸੁਤੰਤਰਤਾ ਦੇ 70 ਸਾਲ ਪੂਰੇ ਹੋ ਜਾਣ ਤੇ ਸਾਲ 2022 ਤੱਕ ਸਭਨਾਂ ਲਈ ਘਰ ਦੀ ਪਰਿਕਲਪਨਾਂ ਕੀਤੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਕੇਂਦਰ ਸਰਕਾਰ ਨੇ ਇੱਕ ਵਿਆਪਕ ਮਿਸ਼ਨ "2022 ਤੱਕ ਸਭ ਲਈ ਆਵਾਸ" ਸ਼ੁਰੂ ਕੀਤਾ ਹੈ। 25 ਜੂਨ 2015 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਬਹੁਮੁੱਲੀ ਯੋਜਨਾ ਨੂੰ ਆਰੰਭ ਕੀਤਾ ਹੈ। ਇਸ ਯੋਜਨਾ ਦੇ ਤਹਿਤ ਜਨ-ਜਨ ਤੱਕ ਪਹੁੰਚਾਉਣ ਲਈ ਕੰਮ ਵੀ ਸ਼ੁਰੂ ਹੋ ਗਿਆ ਹੈ।

## ➢ ਮਿਸ਼ਨ ਨੂੰ ਪੂਰਾ ਕਰਨ ਲਈ ਪੜਾਅ

ਇਸ ਯੋਜਨਾ ਦੇ ਤਹਿਤ ਜਨਗਣਨਾ 2011 ਅਨੁਸਾਰ ਸਾਰੇ 4041 ਸ਼ਹਰਾਂ ਨੂੰ ਤਿੰਨ ਪੜਾਵਾਂ ਵਿਚ ਕਵਰ ਕੀਤਾ ਜਾਵੇਗਾ ਜਿਸ ਦਾ ਵਿਸਥਾਰ ਪੂਰਵਕ ਵੇਰਵਾ ਇਸ ਪ੍ਰਕਾਰ ਹੈ।

1) ਪਹਿਲਾ ਪੜਾਅ (ਅਪ੍ਰੈਲ 2015 ਤੋਂ ਮਾਰਚ 2017) ਰਾਜ ਅਤੇ ਕੇਂਦਰ ਦੀ ਇੱਛਾ ਅਨੁਸਾਰ 100 ਸ਼ਹਿਰਾਂ ਨੂੰ ਇਸ ਯੋਜਨਾ ਅਧੀਨ ਲਿਆ ਜਾਵੇਗਾ।

2) ਦੂਸਰਾ ਪੜਾਅ (ਅਪ੍ਰੈਲ 2017 ਤੋਂ ਮਈ 2019) ਦੂਜੇ 200 ਸ਼ਹਿਰਾਂ ਨੂੰ ਇਸ ਯੋਜਨਾ ਅਧੀਨ ਲਿਆ ਜਾਵੇਗਾ।

3) ਤੀਜਾ ਪੜਾਅ (ਅਪ੍ਰੈਲ 2019 ਤੋਂ ਮਾਰਚ 2022) ਇਸ ਦੇ ਤਹਿਤ ਬਾਕੀ ਬਚੇ ਸ਼ਹਿਰਾਂ ਨੂੰ ਇਸ ਯੋਜਨਾ ਅਧੀਨ ਲਿਆ ਜਾਵੇਗਾ।

ਜੇਕਰ ਮੰਤਰਾਲੇ ਨੂੰ ਕਿਸੇ ਰਾਜ ਜਾ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਖੇਤਰਾ 'ਚ ਕੋਈ ਸੋਧ ਪ੍ਰਾਪਤ ਹੁੰਦੀ ਹੈ ਤਾਂ ਪਹਿਲੇ ਪੜਾਅ ਵਿਚ ਹੋਰ ਸ਼ਹਿਰ ਵੀ ਸ਼ਾਮਲ ਕੀਤੇ ਜਾ ਸਕਦੇ ਹਨ।

## ➢ ਦਰਖਾਸਤ ਫਾਰਮ

ਭਾਰਤੀ ਬੈਂਕ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਵਿਚ ਭਾਗ ਲੈਣ ਲਈ ਮਾਡਲ ਦਰਖਾਸਤ ਫਾਰਮ ਵੀ ਜਾਰੀ ਕੀਤਾ ਹੈ।

## ➢ ਲਾਭ ਪਾਤਰੀ ਕੌਣ

ਲਾਭਪਾਤਰੀ ਪਰਵਾਰ ਵਿਚ ਪਤੀ ਪਤਨੀ ਅਤੇ ਅਵਿਵਾਹਿਤ ਬੱਚੇ ਸ਼ਾਮਲ ਹੋਣਗੇ। ਲਾਭਪਾਤਰੀ ਪਰਵਾਰ ਕੋਲ ਜਾ ਉਸਦੇ ਨਾਮ ਤੋਂ ਜਾਂ ਉਸਦੇ ਪਰਵਾਰ ਦੇ ਕਿਸੀ ਵੀ ਵਿਅਕਤੀ ਦੇ ਨਾਮ ਤੇ ਪੱਕਾ ਮਕਾਨ ਨਹੀਂ ਹੋਣਾ ਚਾਹੀਦਾ। ਇਸ ਮਿਸ਼ਨ ਦਾ ਉਦੇਸ਼ ਨਿਮਨ ਲਿਖਤ ਕਾਰਨ ਕਰਕੇ ਬਦਲ ਰਾਹੀਂ ਝੁੱਗੀ ਝੌਂਪੜੀ ਵਾਸੀਆਂ ਸਹਿਤ ਸ਼ਹਿਰੀ ਗਰੀਬ ਦੀ ਘਰ ਦੀ ਜ਼ਰੂਰਤ ਨੂੰ ਪੂਰਾ ਕਰਨਾ ਹੈ।

1) ਭੂਮੀ ਸਾਧਨ ਦੇ ਰੂਪ ਵਿਚ ਉਪਯੋਗ ਕਰਦੇ ਹੋਏ ਨਿੱਜੀ ਪਰਵਾਰ ਦੀ ਭਾਗੀਦਾਰੀ ਦੇ ਨਾਲ ਝੁੱਗੀ ਝੌਂਪੜੀ ਵਾਸੀਆਂ ਦਾ ਪੁਨਰਵਾਸ

2) ਲਾਭਪਾਤਰੀ ਅਧਾਰਿਤ ਵਿਅਕਤੀਗਤ ਅਵਾਸ ਨਿਰਮਾਣ ਲਈ ਸਬਸਿਡੀ

3) ਜਨਤਕ ਅਤੇ ਨਿੱਜੀ ਖੇਤਰ ਨਾਲ ਭਾਗੀਦਾਰੀ ਵਿਚ ਸਸਤਾ ਅਵਾਸ

## ➢ ਇਸ ਯੋਜਨਾ ਦਾ ਉਦੇਸ਼

ਇਸ ਯੋਜਨਾ ਦਾ ਉਦੇਸ਼ 2015 ਤੋਂ 2022 ਤੱਕ ਇਨਾਂ ਸੱਤ ਸਾਲਾਂ ਵਿਚ ਲਗਪਗ 2 ਕਰੋੜ ਤੱਕ ਘਰ ਬਣਾਉਣੇ ਹਨ। ਉਨਾਂ ਘਰਾਂ ਨੂੰ ਸਸਤੀ ਦਰਾਂ ਉਤੇ ਉਪਲਬਧ ਕਰਵਾਉਣਾ ਹੈ। ਇਸ ਯੋਜਨਾ ਦੇ ਤਹਿਤ ਪੂਰੇ ਭਾਰਤ ਦੇਸ਼ ਵਿਚ ਹਰ ਰਾਜ ਅਤੇ ਹਰ ਸ਼ਹਿਰ ਵਿਚੋ ਲੋਕ ਚੁਣੇ ਗਏ ਹਨ। ਪ੍ਰਧਾਨ ਮੰਤਰੀ ਯੋਜਨਾ ਦਾ ਲਾਭ ਆਰਥਿਕ ਰੂਪ ਤੋਂ ਕਮਜ਼ੋਰ ਵਰਗ, ਅਤੇ ਘੱਟ ਆਮਦਨ ਵਰਗ ਅਰਥਾਤ ਨੂੰ ਦਿੱਤਾ ਜਾਵੇਗਾ ਕਿਉਂਕਿ ਅਵਾਸ ਯੋਜਨਾ ਦੇ ਤਹਿਤ ਲਗਪਗ 2 ਕਰੋੜ ਆਵਾਸ ਬਣਾਉਣ ਲਈ ਸਮਾਂ ਸੀਮਾਂ 7 ਸਾਲ 2015 ਤੋਂ 2022 ਤੱਕ ਤਹਿ ਕੀਤੀ ਗਈ ਹੈ। ਇਸ ਦਾ ਸਭ ਤੱਕ ਲਾਭ ਪਹੁੰਚਾਉਣ ਲਈ ਇਸ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਗਿਆ ਹੈ। ਹਰ ਇਕ ਪੜਾਅ ਵਿਚ ਇਸ ਯੋਜਨਾ ਦਾ ਉਦੇਸ਼ ਅਲੱਗ-2 ਨਿਰਧਾਰਿਤ ਕੀਤਾ ਗਿਆ ਹੈ -

## ➤ ਇਸ ਯੋਜਨਾ ਤਹਿਤ ਕਿਸ ਨੂੰ ਤਰਜੀਹ ਦਿਤੀ ਜਾਵੇਗੀ

1) ਮਹਿਲਾਵਾਂ (ਉਹ ਕਿਸੇ ਵੀ ਜਾਤ ਧਰਮ ਨਾਲ ਸਬੰਧ ਰੱਖਦੀ ਹੋਵੇ)
2) ਆਰਥਿਕ ਤੌਰ ਤੇ ਕਮਜ਼ੋਰ ਵਰਗ
3) ਅਨੁਸੂਚਿਤ ਜਾਤੀ
4) ਅਨੁਸੂਚਿਤ ਜਨਜਾਤੀ

ਉਪਰੋਕਤ ਵਰਗ ਨੂੰ ਇਸ ਸਕੀਮ ਦੇ ਤਹਿਤ ਲਾਭਪਾਤਰੀ ਦੀ ਭਾਰਤ ਸਰਕਾਰ ਦੁਆਰਾ ਸਬਸਿਡੀ ਦਿੱਤੀ ਜਾਵੇਗੀ ਜੋ ਕਿ 1 ਲੱਖ ਤੋਂ 2.5 ਲੱਖ ਰੁਪਏ ਤੱਕ ਦਿੱਤੀ ਜਾ ਸਕਦੀ ਹੈ।

## ➤ ਇਸ ਯੋਜਨਾ ਤਹਿਤ ਲਾਭਪਾਤੀ ਨੂੰ ਦਿੱਤੇ ਜਾਣ ਵਾਲੇ ਲਾਭ

1) ਆਰਥਿਕ ਤੌਰ ਤੇ ਕਮਜੋਰ ਅਤੇ ਘੱਟ ਆਮਦਨ ਵਾਲੇ ਵਰਗਾਂ ਦੀ ਇਸ ਯੋਜਨਾ ਦੇ ਤਹਿਤ ਭਾਰਤ ਸਰਕਾਰ ਦੁਆਰਾ ਲਾਭਪਾਤਰੀ ਦੀ ਵਿਆਜ ਦਰ ਲਗਪਗ 6.5% ਤੱਕ ਦੀ ਸਬਸਿਡੀ ਅਰਥਾਤ ਮਾਲੀ ਸਹਾਇਤਾ ਦਿੱਤੀ ਜਾਵੇਗੀ। ਇਹ ਸਬਸਿਡੀ ਜ਼ਿਆਦਾ ਤੋਂ ਜਿਆਦਾ 15 ਸਾਲ ਲਈ ਦਿੱਤੀ ਜਾਵੇਗੀ। ਇਹ ਕੇਵਲ 6 ਲੱਖ ਤੱਕ ਦੇ ਕਰਜ਼ੇ ਤੇ ਹੀ ਮਿਲੇਗੀ। ਇਸ ਤੋਂ ਜ਼ਿਆਦਾ ਕਰਜ਼ ਤੇ ਸਬਸਿਡੀ ਲਾਗੂ ਨਹੀਂ ਹੋਵੇਗੀ।
2) ਨਵਾਂ ਘਰ ਬਣਾਉਣ ਤੋਂ ਇਲਾਵਾ ਜੇਕਰ ਤੁਸੀਂ ਘਰ ਵਿਚ ਇਕ ਕਮਰਾ, ਜਾ, ਕਿਚਨ, ਜਾਂ ਬਾਥਰੂਮ ਬਣਾ ਰਹੇ ਹੋ ਤਾਂ ਵੀ ਇਹ 6.5% ਸਬਸਿਡੀ ਮਿਲੇਗੀ।
3) ਵਿਕਲਾਂਗ ਜਾ ਬਜੁਰਗ ਲੋਕਾਂ ਨੂੰ ਧਰਾਤਲ ਪਧਰ ਦੇਣ ਦੇ ਲਈ ਪ੍ਰਮੁੱਖਤਾ ਦਿੱਤੀ ਜਾਵੇਗੀ ਜਿਸ ਨਾਲ ਉਹਨਾਂ ਨੂੰ ਚੜ੍ਹਨ ਉਤਰਨ ਵਿਚ ਦਿੱਕਤ ਨਾ ਆਵੇ।
4) ਇਸ ਯੋਜਨਾ ਦੇ ਤਹਿਤ ਬਣਾਏ ਜਾਣ ਵਾਲੇ ਘਰ ਦੇ ਕਮਰੇ ਪੂਰੀ ਤਰਾਂ ਤਕਨੀਕੀ ਤੌਰ ਤੇ ਸੰਪੂਰਨ ਹੋਣਗੇ। ਇਸ ਦਾ ਮਤਲਬ ਘਰ ਨੂੰ ਵਾਤਾਵਰਣ ਦੇ ਅਨੁਕੂਲ ਬਣਾਉਣਾ ਹੈ।
5) ਇਸ ਯੋਜਨਾ ਤਹਿਤ ਤਹਿਤ ਔਰਤਾਂ ਨੂੰ ਪ੍ਰਮੁੱਖਤਾ ਦਿੱਤੀ ਜਾਵੇਗੀ ਜਾਂ ਪਤੀ ਪਤਨੀ ਦੋਨਾਂ ਦੇ ਨਾਮ ਤੇ ਹੀ ਘਰ ਦਿੱਤਾ ਜਾਵੇਗਾ।
6) ਇਸ ਯੋਜਨਾ ਦੇ ਤਹਿਤ ਆਉਣ ਵਾਲੇ ਸਾਰੇ ਲਾਭਪਾਤੀਆਂ ਨੂੰ ਸਰਕਾਰ 1 ਲੱਖ ਰੁਪਏ ਦੀ ਸਹਾਇਤਾ ਪ੍ਰਦਾਨ ਕਰੇਗੀ।
7) ਜੇਕਰ ਕੋਈ ਵਿਅਕਤੀ ਜੋ ਆਰਥਿਕ ਤੋਰ ਤੇ ਕਮਜ਼ੋਰ ਵਰਗ ਦੀ ਸ਼੍ਰੇਣੀ ਵਿਚ ਹੈ ਬੈਂਕ ਤੋਂ ਕਰਜ਼ਾ ਨਹੀਂ ਲੈਂਦੇ ਆਪਣੇ ਆਪ ਘਰ ਬਣਾ ਰਿਹਾ ਹੈ ਜਾਂ ਕੁਝ ਕਮਰੇ ਹੋਰ ਬਣਾ ਰਿਹਾ ਹੈ ਤਾਂ ਸਰਕਾਰ ਉਸ ਨੂੰ 1.5 ਲੱਖ ਸਹਾਇਤਾ ਰਾਸੀ ਦੇਵੇਗੀ। ਇਸ ਲਈ ਸ਼ਰਤ ਇਹ ਹੈ ਕਿ ਵਧਾਇਆ ਹੋਇਆ ਖੇਤਰਫਲ 30 ਵਰਗ ਮੀਟਰ ਤੋਂ ਘੱਟ ਹੋਵੇ।
8) ਇਸ ਯੋਜਨਾ ਤਹਿਤ ਲਗਪਗ 35% ਆਰਥਿਕ ਰੂਪ ਤੋਂ ਕਮਜ਼ੋਰ ਵਰਗ ਨੂੰ ਫਾਇਦਾ ਦੇਣਾ ਜ਼ਰੂਰੀ ਕੀਤਾ ਗਿਆ ਹੈ। ਇਸ ਵਿਚ ਉਸ ਨੀਤੀ ਤਹਿਤ ਘਰ ਮਿਲ ਸਕਦਾ ਹੈ ਜਿਸ ਕੋਲ ਅਸਲ ਵਿਚ ਘਰ ਨਹੀਂ ਹੈ।

## ਜਨ ਧਨ ਯੋਜਨਾ

ਭਾਰਤ ਵਿਚ ਜਨ ਧਨ ਯੋਜਨਾਂ ਦੀ ਉਮੀਦ ਤੋਂ ਜ਼ਿਆਦਾ ਬਿਹਤਰ ਸ਼ੁਰੂਆਤ ਹੋਈ ਹੈ। ਇਸ ਵਿਚ ਯੋਜਨਾ ਸ਼ੁਰੂ ਹੋਣ ਦੇ ਪਹਿਲੇ ਦਿਨ ਹੀ ਦੇਸ ਵਿਚ ਲਗਪਗ ਢੇਡ ਕਰੋੜ ਕਰੀਬ ਖਾਤੇ ਖੋਲੇ ਗਏ ਜਿਸ ਦੇ ਤਹਿਤ ਖਾਤਾ ਧਾਰਕ ਨੂੰ ਇਕ ਡੈਬਿਟ ਕਾਰਡ ਦੇ ਕੇ ਇਕ ਲੱਖ ਦਾ ਦੁਰਘਟਨਾ ਬੀਮਾ ਕੀਤਾ ਗਿਆ ਅਤੇ ਅੱਗੇ ਚਲ ਕੇ ਉਸ ਨੂੰ ਜੀਵਨ ਬੀਮਾ ਅਤੇ ਪੈਨਸ਼ਨ ਨਾਲ ਜੋੜਿਆ ਜਾਵੇਗਾ। ਇਸ ਯੋਜਨਾ ਦੀ ਵਿਚਾਰ ਚਰਚਾ ਵਿਸਥਾਰ ਵਿਚ ਅਸੀਂ ਹੇਠਾ ਕਰਾਂਗੇ:

## ➤ ਇਸ ਖਾਤੇ ਨੂੰ ਖੋਲਣ ਵਿਚ ਮੁੱਖ ਮਕਸਦ

1) ਦੇਸ ਵਿਚ 40% ਲੋਕਾਂ ਕੋਲ ਬੈਂਕ ਖਾਤਾ ਨਹੀਂ ।
2) ਬਚਤ ਕਰਨਾ ਸਾਡਾ ਮੁੱਖ ਮਕਸਦ ਹੁੰਦਾ ਹੈ। ਅਸੀਂ ਭਾਰਤੀ ਲੋਕ ਕ੍ਰੈਡਿਟ ਕਾਰਡ ਦਾ ਇਸਤੇਮਾਲ ਨਹੀਂ ਕਰਦੇ।
3) ਹਰ ਇਕ ਗਰੀਬ ਪਰਵਾਰ ਦਾ ਖਾਤਾ ਖੁੱਲ੍ਹ ਜਾਣ ਤੇ ਉਸ ਨੂੰ ਬੈਂਕਿੰਗ ਅਤੇ ਕਰਜ਼ ਦੀ ਸਹੂਲਤ ਮਿਲੇਗੀ।
4) ਲੋਕਾਂ ਨੂੰ ਸ਼ਾਹੂਕਾਰਾ ਤੋਂ ਬਚਾਉਣ ਲਈ ਅਤੇ ਸਰਕਾਰ ਯੋਜਨਾਂ ਦਾ ਸਿੱਧਾ ਲਾਭ ਪਹੁੰਚਾਉਣ ਲਈ ਇਸ ਖਾਤੇ ਦਾ ਉਪਯੋਗ ਕੀਤਾ ਜਾਵੇਗਾ।
5) ਔਰਤਾਂ ਨੂੰ ਆਰਥਿਕ ਸ਼ਕਤੀ ਮਿਲੇਗੀ।

➢ **ਕੀ ਹਨ ਇਸ ਖਾਤੇ ਦੀਆਂ ਖਾਸ ਗੱਲਾਂ :**

1) ਪੈਸੇ ਦੀ ਸਾਂਭ ਸੰਭਾਲ ਤੇ ਵਿਆਜ ਮਿਲੇਗਾ।
2) ਡੈਬਿਟ ਕਾਰਡ ਦੀ ਜੀਵਨਭਰ ਸਹੂਲਤ।
3) 30,000 ਹਜ਼ਾਰ ਰੁਪਏ ਤੱਕ ਦਾ ਬੀਮਾ ਹੋਵੇਗਾ।
4) ਇਕ ਲੱਖ ਰੁਪਏ ਦਾ ਦੁਘਟਨਾਂ ਬੀਮਾ ਹੋਵੇਗਾ।
5) ਘਟ ਤੋਂ ਘੱਟ ਬੈਂਲਸ ਰੱਖਣ ਦੀ ਕੋਈ ਸ਼ਰਤ ਨਹੀਂ
6) ਦੇਸ਼ ਵਿਚ ਕਿਤੇ ਵੀ ਪੈਸਾ ਭੇਜਣ ਦੀ ਸਹੂਲਤ
7) ਸਿੱਧਾ ਲਾਭ ਟਰਾਂਸਫਰ ਕਰਨ ਦੀ ਸਹੂਲਤ
8) ਖਾਤਾ ਖੋਲਣ ਦੇ 6 ਮਹੀਨੇ ਬਾਅਦ ਓਵਰ ਡਰਾਫਟ ਬਣਾਉਣ ਦੀ ਸਹੂਲਤ
9) ਇਹ ਮਿਸ਼ਨ ਦੋ ਪੜਾਵਾਂ ਵਿਚ ਲਾਗੂ ਹੋਇਆ। ਪਹਿਲਾ 15 ਅਗਸਤ 2014 ਤੋਂ 14 ਅਗਸਤ 2015 ਤੱਕ
10) ਸਭ ਪਰਵਾਰਾਂ ਨੂੰ ਬੈਂਕ ਦੀ ਬਰਾਂਚ ਜਾਂ ਬਿਜਨਸ ਕਾਰੇਸਪੌਂਡੈਂਟ (BC) ਦੇ ਰਾਹੀਂ ਸੁਵਿਧਾ ਮਿਲੇਗੀ।
11) ਕਿਸਾਨ ਕ੍ਰੈਡਿਟ ਕਾਰਡ (KCC) ਰਾਹੀਂ ਕਿਸਾਨਾਂ ਨੂੰ ਸਹੂਲਤਾਂ।
12) ਲੋਕਾਂ ਨੂੰ ਮਾਈਕਰੋ ਬੀਮਾ ਉਪਲਬਧ ਕਰਵਾਉਣਾ।

➢ **ਯੋਜਨਾ ਦਾ ਵੇਰਵਾ**

ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਇਕ ਰਾਸ਼ਟਰੀ ਵਿੱਤੀ ਮਿਸ਼ਨ ਹੈ ਜਿਸ ਹੇਠ ਲਿਖੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਬੈਕਿੰਗ, ਬਚਤ ਅਤੇ ਜਮਾ ਖਾਤਾ, ਲੋਨ, ਬੀਮਾ, ਪੈਨਸ਼ਨ ਤਕ ਪਹੁੰਚ ਯਕੀਨੀ ਕਰਦਾ ਹੈ। ਇਹ ਖਾਤਾ ਕਿਸੇ ਵੀ ਬੈਂਕ ਦੀ ਸਾਖਾ ਜਾ ਬੈਂਕ ਮਿਤਰ ਆਉਟਲੈਟ ਵਿਚ ਖੋਲਿਆ ਜਾ ਸਕਦਾ ਹੈ। ਇਹ ਖਾਤਾ ਜ਼ੀਰੋ ਬੈਂਲਸ ਤੇ ਖੋਲਿਆ ਗਿਆ ਹੈ। ਜੇਕਰ ਖਾਤਾ ਧਾਰਕ ਆਪਣੀ ਪਾਸ ਬੁੱਕ ਦੀ ਜਾਂਚ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਘੱਟ ਤੋਂ ਘੱਟ ਬ੍ਰੈਲਸ ਦੀ ਸ਼ਰਤ ਪੂਰੀ ਕਰਨੀ ਹੋਵੇਗੀ।

➢ **ਖਾਤਾ ਖੋਲਣ ਲਈ ਜ਼ਰੂਰੀ ਕਾਗਜਾਤ**

1) ਜੇਕਰ ਅਧਾਰ ਕਾਰਡ ਦਾ ਨੰਬਰ ਹੈ ਤਾਂ ਕੋਈ ਹੋਰ ਕਾਗਜ਼ਾਂ ਦੀ ਜ਼ਰੂਰਤ ਨਹੀਂ।
2) ਜੇਕਰ ਅਧਾਰ ਕਾਰਡ ਨਹੀਂ ਹੈ ਤਾਂ ਹੇਠ ਲਿਖੇ ਸਰਕਾਰੀ ਤੌਰ ਤੇ ਪ੍ਰਮਾਣਿਤ ਦਸਤਾਵੇਜਾਂ ਦੀ ਜ਼ਰੂਰਤ ਹੋਵੇਗੀ। ਵੋਟਰ ਕਾਰਡ, ਡਰਾਇਵਿੰਗ ਲਾਇਸੰਸ, ਪੈਨ ਕਾਰਡ, ਪਾਸਪੋਰਟ ਜਾਂ ਮਨਰੇਗਾ ਜੋਬ ਕਾਰਡ ਜੇਕਰ ਇਹਨਾਂ ਕਾਗਜ਼ਾਂ ਵਿਚ ਤੁਹਾਡਾ ਘਰ ਦਾ ਪਤਾ ਮੌਜੂਦ ਹੈ ਤਾਂ ਇਹ ਤੁਹਾਡੀ ਪਹਿਚਾਣ ਤੇ ਪਤੇ ਦਾ ਪ੍ਰਮਾਣ ਹੋਣ ਦਾ ਕੰਮ ਕਰ ਸਕਦਾ ਹੈ।
3) ਜੇਕਰ ਕਿਸੇ ਵਿਅਕਤੀ ਕੋਲ ਉਪਰੋਕਤ ਪਰਮਾਣਿਤ ਕੋਈ ਵੀ ਸਰਕਾਰੀ ਕਾਗਜ਼ਾਤ ਨਹੀਂ ਹੈ ਤਾਂ ਉਹ ਹੇਠ ਲਿਖੇ ਕਾਗਜ਼ਾਂ 'ਚੋਂ ਕੋਈ ਵੀ ਇਸਤੇਮਾਲ ਕਰਕੇ ਆਪਣਾ ਖਾਤਾ ਖੁਲਵਾ ਸਕਦਾ ਹੈ।
4) ਕੇਂਦਰ ਤੇ ਰਾਜ ਸਰਕਾਰ ਦੇ ਵਿਭਾਗ, ਜਨਤਕ ਖੇਤਰ ਦੇ ਅਦਾਰੇ, ਸੂਚੀਬੱਧ ਵਣਜ ਬੈਂਕ ਅਤੇ ਲੋਕ ਵਿਤੀ ਸੰਸਥਾਵਾਂ ਦੁਆਰਾ ਜਾਰੀ ਫਾਰਮ ਦੀ ਫੋਟੋ ਵਾਲਾ ਪਛਾਣ ਪੱਤਰ
5) ਉਕਤ ਵਿਅਕਤੀ ਦੀ ਖੁਦ ਤਸਦੀਕ ਕੀਤੀ ਫੋਟੋ ਗ੍ਰਾਫ ਦੇ ਨਾਲ ਗਜ਼ਟਿਡ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ ਪੱਤਰ

## ਪ੍ਰਧਾਨ ਮੰਤਰੀ ਮੁਦਰਾ ਯੋਜਨਾ

ਮੁਦਰਾ ਯੋਜਨਾ ਦਾ ਵਿਸਥਾਰ ਪੂਰਵਕ ਅਰਥ ਹੈ "ਮਾਈਕਰੋ ਯੂਨਿਟ ਡਿਵੈਲਪਮੈਂਟ ਰੀ-ਫਾਇਨਾਂਸ ਏਜੰਸੀ" (Micro Units Development Refinance Agency) ਜਿਸ ਨੂੰ ਸੰਖੇਪ ਵਿਚ ਮੁਦਰਾ ਯੋਜਨਾ ਕਿਹਾ ਜਾਂਦਾ ਹੈ ਇਸ ਦੀ ਸਥਾਪਨਾ 8 ਅਪ੍ਰੈਲ 2015 ਨੂੰ ਹੋਈ। ਇਸ ਨੂੰ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

➢ **ਮੁਦਰਾ ਯੋਜਨਾ ਕੀ ਹੈ ?**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਛੋਟੇ ਤੇ ਘਰੇਲੂ ਉਦਯੋਗ ਉਨਤ ਕਰਨ ਲਈ ਇਸ ਮੁਦਰਾ ਯੋਜਨਾ ਨੂੰ ਸ਼ੁਰੂ ਕੀਤਾ ਤਾਂ ਕਿ ਦੇਸ਼ ਦੇ ਆਮ ਆਦਮੀ ਤੇ ਗਰੀਬ ਆਦਮੀ ਨੂੰ ਨਵਾਂ ਉਦਯੋਗ ਕਰਨ ਜਾਂ ਉਦਯੋਗ ਨੂੰ ਵਧਾਉਣ ਲਈ ਮਦਦ ਮਿਲ ਸਕੇ। ਜਦੋਂ ਆਮ ਆਦਮੀ ਬੈਂਕ ਤੋਂ ਕਰਜਾ ਲੈਣ ਲਈ ਬੈਂਕ ਦਾ ਦਰਵਾਜ਼ਾ ਖਟਖਟਾਉਂਦਾ ਹੈ ਤਾਂ ਉਸ ਦੇ ਪੱਲੇ ਨਿਰਾਸਾ ਹੀ ਲਗਦੀ ਹੈ ਕਿਉਂਕਿ ਲੋਕ ਕਰਜੇ ਲਈ ਉਸ ਨੂੰ ਬੈਂਕ ਗਰੰਟੀ ਦੇਣੀ ਪੈਂਦੀ ਹੈ ਜਿਸ ਦਾ ਮਤਲਬ, ਜੇਕਰ ਕਰਜਾ ਲੈਣ ਵਾਲਾ

ਵਿਅਕਤੀ ਕਰਜੇ ਦੀ ਭਰਪਾਈ ਨਹੀਂ ਕਰਦਾ ਤਾਂ ਗਰੰਟਰ ਨੂੰ ਬੈਂਕ 'ਚ ਸੰਪਤੀ ਗਹਿਣੇ ਰੱਖਣੀ ਪੈਂਦੀ ਹੈ। ਤਾਂ ਹੀ ਉਸ ਨੂੰ ਬੈਂਕ ਕਰਜ਼ਾ ਦਿੰਦਾ ਹੈ। ਪਰ ਇਸ ਯੋਜਨਾ ਦੇ ਅੰਤਰਗਤ ਬਿਨਾਂ ਕਿਸੇ ਗਰੰਟੀ ਦੇ 10 ਲੱਖ ਤੱਕ ਦੀ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਕਰਜ਼ਾ ਲੈਣ ਵਾਲੇ ਦੀ ਕੁਸ਼ਲਤਾ, ਉਦਯੋਗ ਦਾ ਪ੍ਰਕਾਰ ਅਤੇ ਉਦਯੋਗ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਗਿਆ ਹੈ।

## ➢ ਮੁਦਰਾਂ ਲੋਨ ਦੇ ਬਾਰੇ ਵਿਚ

ਮੁਦਰਾ ਯੋਜਨਾ ਦੇ ਤਹਿਤ ਸਰਕਾਰ ਨੇ ਇਕ ਲੋਗੋ ਕਰਜ਼ੇ ਦੀ ਸੰਰਚਨਾਂ ਨੂੰ ਵਿਭਿੰਨ ਰੋਜ਼ਗਾਰ ਵਲ ਪ੍ਰੇਰਿਤ ਕਰਦੇ ਹੋਏ ਉਸ ਦੇ ਵਿਸਥਾਰ ਅਤੇ ਵਪਾਰ ਦੇ ਪਧੱਰ ਦੇ ਅਧਾਰ ਉੱਤੇ ਵੰਡਿਆ ਹੈ। ਇਸ ਯੋਜਨਾ ਦੇ ਤਿੰਨ ਪਧੱਰ ਹਨ।

1) ਸਿਸ਼ੂ 50,000 ਰੁਪਏ ਤੱਕ ਕਰਜ਼ਾ ਕਵਰ ਕਰਦਾ ਹੈ।
2) ਕਿਸੋਰ 50,000 ਰੁਪਏ ਤੋਂ ਉੱਪਰ ਅਤੇ 5 ਲੱਖ ਰੁਪਏ ਤਕ ਕਵਰ ਕਰਦਾ ਹੈ।
3) ਤਰੁਣ 5 ਲੱਖ ਤੋਂ 10 ਲੱਖ ਤੱਕ ਰੁਪਏ ਕਵਰ ਕਰਦਾ ਹੈ।

ਡਿਜ਼ਾਇਨ ਇਹ ਕੀਤਾ ਗਿਆ ਹੈ, ਜਦ ਕਿ ਕਿਸ਼ੋਰ ਕਰਜ਼ੇ ਨੂੰ ਕਾਰੋਬਾਰ ਜੋ ਕਿ ਪਹਿਲਾਂ ਤੋਂ ਹੀ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਜੋ ਖੁਦ ਨੂੰ ਸਥਾਪਿਤ ਕਰਨ ਲਈ ਵਿੱਤੀ ਸਹਾਇਤਾ ਚਾਹੁੰਦੇ ਹਨ ਉਨਾਂ ਲਈ ਡਿਜ਼ਾਇਨ ਕੀਤਾ ਗਿਆ ਹੈ। ਤਰੁਣ ਕਰਜ਼ਾ ਉਨਾਂ ਵਪਾਰੀਆਂ ਲਈ ਹੈ ਜੋ ਪਹਿਲਾਂ ਸਥਾਪਿਤ ਹਨ ਅਤੇ ਹੁਣ ਜੋ ਕਾਰੋਬਾਰ ਦੇ ਵਿਸਥਾਰ ਲਈ ਵਿੱਤੀ ਸਹਾਇਤਾ ਚਾਹੁੰਦੇ ਹਨ। ਵਰਤਮਾਨ ਵਿਚ ਮੁਦਰਾ ਯੋਜਨਾ ਦੇ ਤਹਿਤ ਕਰਜ਼ਾ ਨਿਮਨ ਲਿਖਤ ਦੁਆਰਾ ਦਿੱਤਾ ਜਾਂਦਾ ਹੈ-

1) 27 ਪਬਲਿਕ ਬੈਂਕਾਂ ਦੁਆਰਾ
2) 17 ਨਿੱਜੀ ਬੈਂਕਾਂ ਦੁਆਰਾ
3) 31 ਖੇਤਰੀ ਗਰਾਮੀਣ ਬੈਂਕਾਂ ਦੁਆਰਾ
4) 4 ਸਹਿਕਾਰੀ ਬੈਕਾਂ ਦੁਆਰਾ
5) 36 ਮਾਈਕਰੋ ਫਾਇਨਾਸ ਸੰਸਥਾਵਾਂ ਦੁਆਰਾ
6) 25 ਗੈਰ ਬੈਂਕਿੰਗ ਵਿੱਤੀ ਸੰਸਥਾਵਾਂ ਦੁਆਰਾ

## ➢ ਮੁਦਰਾ ਲੋਨ ਲੈਣ ਦੀ ਵਿਧੀ

ਮੁਦਰਾ ਲੋਨ ਲੈਣ ਲਈ ਵਿਅਕਤੀ ਨੂੰ ਪਹਿਲਾਂ ਕਰਜ਼ਾ ਦੇਣ ਵਾਲੇ ਆਪਣੇ ਜਾਂ ਆਪਣੇ ਨੇੜੇ ਦੀ ਬੈਂਕ ਦੀ ਪਛਾਣ ਕਰਨੀ ਹੋਵੇਗੀ ਅਤੇ ਆਪਣੇ ਵਪਾਰ ਦੀ ਯੋਜਨਾ ਦੇ ਨਾਲ ਵਿਅਕਤੀਗਤ ਰੂਪ ਵਿਚ ਬੈਂਕ ਜਾਣਾ ਹੋਵੇਗਾ। ਕਰਜ਼ਾ ਲੈਣ ਵਾਲੇ ਨੂੰ ਵਿਆਪਕ ਵਪਾਰ ਦੀ ਯੋਜਨਾ ਪਛਾਣ ਪੱਤਰ, ਘਰ ਦਾ ਪਤਾ ਅਤੇ ਪਾਸਪੋਰਟ ਸਾਈਜ਼ ਦੀ ਫੋਟੋ ਦੇ ਨਾਲ ਜਮਾ ਕਰਵਾਉਣਾ ਹੋਵੇਗਾ। ਇਕ ਵਾਰ ਸਾਰੇ ਕਾਗਜ਼ਾਤ ਪੂਰੇ ਹੋ ਜਾਣ ਦੇ ਬਾਦ, ਬੈਂਕ ਵਪਾਰ ਦੀ ਯੋਜਨਾ ਅਤੇ ਜ਼ਰੂਰਤ ਦੀ ਸਮੀਖਿਆ ਕਰੇਗਾ। ਸਵੀਕ੍ਰਿਤ ਹੋਣ ਉਤੇ ਬੈਂਕ ਤੋਂ ਕਰਜ਼ਾ ਮੰਨਜੂਰ ਹੋਵੇਗਾ।

## ➢ ਮੁੱਖ ਵਿਸ਼ੇਸ਼ਤਾਵਾਂ

1) ਮਾਈਕਰੋ ਯੂਨਿਟ ਵਿਕਾਸ ਅਤੇ ਪੁਨਵਰਿਤ ਏਜੰਸੀ ਲਿਮਟਿਡ ਲੋਕਪ੍ਰਿਯ ਰੂਪ ਵਿਚ ਮੁਦਰਾ ਸੂਖਮ ਭਾਰਤ ਸਰਕਾਰ ਦੁਆਰਾ ਵਪਾਰ ਦਾ ਸਮਰਥਨ ਕਰਨ ਲਈ ਗਠਿਤ ਕੀਤੀ ਗਈ ਹੈ। ਇਹ ਇੱਕ ਪ੍ਰਤੱਖ ਵਿਤੀ ਸੰਸਥਾ ਹੈ।
2) ਮੁਦਰਾ ਇਕ ਸਾਂਝਾ ਮੰਚ ਹੈ। ਇੱਥੇ ਵਿਤੀ ਸੰਸਥਾਵਾਂ ਜਿਵੇਂ ਕਿ ਬੈਂਕਾਂ, ਖੇਤਰੀ ਬੈਂਕਾਂ, ਐਮ.ਐਫ.ਆਈ., ਗੈਰ ਬੈਂਕਿੰਗ ਵਿੱਤੀ ਕੰਪਨੀਆਂ ਜੋ ਉਨਾਂ ਦੀ ਸੂਖਮ ਅਤੇ ਲਘੂ ਉਦਯੋਗਾਂ ਦੀ ਸਥਾਪਨਾ ਲਈ ਤਿਆਰ ਹੈ, ਜੋ ਲੋੜਵੰਦਾਂ ਨੂੰ ਮਿਲੇਗੀ।
3) ਮੁਦਰਾ ਨੂੰ ਵਿਤੀ ਸਾਲ, 2016 ਦੇ ਬੱਜਟ ਐਲਾਨਾਂ ਦੇ ਦੌਰਾਨ ਸਥਾਪਿਤ ਕੀਤਾ ਗਿਆ।
4) ਮੁਦਰਾ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਨਾਮ ਦੀ ਇਕ ਸਰਕਾਰੀ ਯੋਜਨਾ ਨਾਲ ਜੁੜੀ ਹੋਈ ਹੈ ਜਿਸ ਦੇ ਤਹਿਤ ਵਪਾਰੀ ਅਤੇ ਛੋਟੇ ਅਤੇ ਲਘੂ ਉਦਯੋਗਾਂ ਲਈ ਕਰਜ਼ੇ ਲਈ ਦਰਖਾਸਤ ਭੇਜ ਸਕਦਾ ਹੈ।
5) ਮੁਦਰਾ ਕੇਵਲ ਉਨ੍ਹਾਂ ਉਦਯੋਗਾਂ ਨੂੰ ਜੋ ਗੈਰ ਕਾਰਪੋਰੇਟ ਛੋਟੇ ਕੰਮ ਧੰਦੇ ਦੇ ਖੇਤਰ ਵਿਚ ਉਨ੍ਹਾ ਦੀ ਲਈ ਵਿਤੀ ਸਹਾਇਤਾ ਦਿੰਦੀ ਹੈ।

6) ਸਹਾਇਤਾ ਦੀ ਸਵੀਕ੍ਰਿਤੀ ਸੰਬਧਤ ਕਰਜ਼ ਸੰਸਥਾਂ ਦੀ ਯੋਗਤਾ ਅਨੁਸਾਰ ਦਿੱਤੀ ਜਾਵੇਗੀ। ਕਰਜ਼ਾ ਛੋਟੇ ਵਪਾਰ ਦੀ ਗਤੀਵਿਧੀਆਂ ਅਤੇ ਸੂਖਮ ਉਦਯੋਗ ਕਰਨ ਦੇ ਵੀ ਜਾਰੀ ਕੀਤਾ ਗਿਆ ਹੈ। ਇਸ ਲੋਨ ਸੰਸਥਾਵਾਂ ਦੇ ਫਿਰ ਵਿਤੀ ਸਹਾਇਤਾ ਲਈ ਨਿਜ਼ੀ ਕਰਜ਼ੇ ਲਈ MUDRA ਬੈਂਕ ਕੋਲ ਜਾਣਾ ਹੈ।

## ➢ ਮੁਦਰਾ ਯੋਜਨਾ ਦਾ ਮੁੱਖ ਮਕਸਦ

ਇਸ ਯੋਜਨਾ ਦੀ ਸਥਾਪਨਾ ਪਿੱਛੇ ਮੁੱਖ ਮਕਸਦ ਗੈਰ ਕਾਰਪੋਰੇਟ ਅਤੇ ਛੋਟੇ ਕੰਮ ਧੰਦਿਆਂ ਨੂੰ ਵਿਤੀ ਸਹਾਇਤਾ ਪ੍ਰਦਾਨ ਕਰਨਾ ਹੈ। ਭਾਰਤ ਸਰਕਾਰ ਨੇ ਪਹਿਲਾਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਸਨ ਜੋ ਕਿ ਵਿੱਤੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਦੀਆਂ ਹਨ। ਇਹ ਯੋਜਨਾ ਇਕ ਤਰ੍ਹਾਂ ਨਾਲ ਸੂਖਮ ਖੇਤਰ ਦਾ ਸਮਰਥਨ ਕਰਨ ਲਈ ਹੈ। ਇਹ ਸੇਵਾ, ਕਾਰੀਗਰਾਂ, ਵਿਕਰੇਤਾਵਾਂ ਅਤੇ ਸ਼ਹਿਰੀ ਗਰਾਮੀਣ ਖੇਤਰਾਂ ਵਿਚ ਕੰਮ ਧੰਦਿਆਂ ਨੂੰ ਵਧਾਉਣ ਲਈ ਹੈ? ਮੁਦਰਾ ਆਮ ਲੋਕਾਂ ਨਾਲ ਸੰਪਰਕ ਕਰੇਗਾ ਜਿਨ੍ਹਾਂ ਨੂੰ ਕਿ ਸੂਖਮ ਉਦਯੋਗਾਂ ਦੇ ਕਰਜ਼ੇ ਦੀ ਜਰੂਰਤ ਹੁੰਦੀ ਹੈ। ਉਸ ਦੀ ਸਹਾਇਤਾ ਕਰੇਗਾ।

## ➢ ਮੂਦਰਾ ਯੋਜਨਾ ਤਹਿਤ ਕੋਣ ਕਰਜ਼ਾ ਲੈ ਸਕਦਾ ਹੈ

1) ਸਰਵ ਪ੍ਰਥਮ ਉਹ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ।
2) ਇਸ ਯੋਜਨਾ ਤਹਿਤ ਕਰਜ਼ ਲੈਣ ਵਾਲਾ ਵਿਅਕਤੀ ਉਤਪਾਦਨ, ਵਪਾਰ, ਸੇਵਾ ਦੇ ਖੇਤਰ ਨਾਲ ਜੁੜਿਆ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ। ਕਿਸਾਨ ਭਰਾਵਾਂ ਦਾ ਖੇਤੀ ਉਦਯੋਗ ਇਸ ਯੋਜਨਾ ਅੰਤਰਗਤ ਨਹੀਂ ਪਰ ਸਬਜ਼ੀ ਤਰਕਾਰੀ ਅਤੇ ਫਲ ਫਰੂਟ ਦੇ ਵਪਾਰੀ ਇਸ ਯੋਜਨਾ ਦਾ ਲਾਭ ਲੈ ਸਕਦੇ ਹਨ।

# ਅਧਿਆਇ 6

# ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਦੁਆਰਾ ਚਲਾਈ ਜਾ ਰਹੀ ਆਟਾ ਦਾਲ ਸਕੀਮ

**ਪੰਜਾਬ ਦੀ ਨਵੀਂ ਆਟਾ ਦਾਲ ਸਕੀਮ/ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਧੀਨ ਯੋਗ ਪਰਵਾਰਾਂ ਦੀ ਪਛਾਣ ਲਈ ਮਾਪਦੰਡ**

ਉਪਰੋਕਤ ਸਬੰਧੀ ਯੋਗ ਪਰਵਾਰਾਂ ਦੀ ਪਛਾਣ ਲਈ ਪੰਜਾਬ ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ:-

1) **ਯੋਗ ਪਰਵਾਰ**

- ਅੰਤੋਦਿਆ ਅੰਨ ਯੋਜਨਾ (ਏ.ਏ.ਵਾਈ.) ਤਹਿਤ ਸ਼ਨਾਖਤ ਕੀਤੇ ਪਰਵਾਰ ਇਸ ਸਕੀਮ ਅਧੀਨ ਯੋਗ ਸਮਝੇ ਜਾਣਗੇ।
- ਜਿਹੜੇ ਪਰਵਾਰ ਭਾਰਤ ਸਰਕਾਰ ਦੇ ਮਾਪਦੰਡਾਂ ਅਨੁਸਾਰ 2002 ਵਿੱਚ ਹੋਏ ਸਰਵੇ ਅਨੁਸਾਰ ਗਰੀਬੀ ਰੇਖਾ ਤੋਂ ਹੇਠਾਂ (ਪੀ.ਪੀ.ਐਲ.) ਵਜੋਂ ਪਛਾਣੇ ਗਏ ਸਨ ਅਤੇ ਜਿਹੜੇ ਲਾਭਪਾਤਰ ਪਰਵਾਰ ਰਾਜ ਸਰਕਾਰ ਦੀ ਆਟਾ ਦਾਲ ਸਕੀਮ ਅਧੀਨ ਪਛਾਣੇ ਗਏ ਸਨ, ਉਹ ਵੀ ਆਪਣੇ ਆਪ ਪ੍ਰਾਥਮਿਕ ਪਰਵਾਰ ਵਜੋਂ ਯੋਗ ਸਮਝੇ ਜਾਣਗੇ।
- ਬੇਘਰੇ ਪਰਵਾਰ ਅਤੇ ਉਹ ਪਰਵਾਰ ਜੋ ਕੱਚੇ ਘਰਾਂ ਵਿੱਚ ਰਹਿ ਰਹੇ ਹਨ।
- ਪਰਵਾਰ ਜਿਹਨਾਂ ਦੇ ਮੁਖੀ ਵਿਕਲਾਂਗ/ਅਪੰਗ ਹਨ (ਸਬੰਧਤ ਸਿਵਲ ਸਰਜਨ/ਮੈਡੀਕਲ ਬੋਰਡ ਵੱਲੋਂ ਜਾਰੀ ਸਰਟੀਫਿਕੇਟ ਅਨੁਸਾਰ ਅਯੋਗਤਾ 40% ਤੋਂ ਵੱਧ ਹੋਣੀ ਚਾਹੀਦੀ ਹੈ।
- ਭੂਮੀਹੀਣ ਖੇਤੀਬਾੜੀ ਮਜ਼ਦੂਰਾਂ ਦੇ ਪਰਵਾਰ।
- ਛੋਟੇ ਅਤੇ ਮਾਰਜੀਨਲ ਕਿਸਾਨਾਂ ਦੇ ਪਰਵਾਰ (ਵਾਹੀ ਯੋਗ 2.5 ਏਕੜ ਤੱਕ ਅਤੇ ਬਰਾਨੀ 5 ਏਕੜ ਤੱਕ)
- ਪਰਵਾਰ ਜਿਨ੍ਹਾਂ ਦੀ ਮੁਖੀ ਵਿਧਵਾ ਜਾਂ ਇਕੱਲੀ ਇਸਤਰੀ ਹੈ (ਕੁਆਰੀ/ਅੱਡ ਹੋਈ/ਛੱਡੀ ਹੋਈ)
- ਬਿਰਧ ਉਮਰ ਦੇ ਪੈਨਸ਼ਨਰ, ਜਿਹਨਾਂ ਕੋਲ ਸਹਾਰੇ ਲਈ ਕੋਈ ਹੋਰ ਪਰਵਾਰਕ ਮੈਂਬਰ ਨਹੀਂ ਹੈ, ਬਸ਼ਰਤੇ ਕਿ ਉਨ੍ਹਾਂ ਦੀ ਸਭ ਸਾਧਨਾਂ ਤੋਂ ਸਲਾਨਾ ਆਮਦਨ ਰੁ. 60,000/- ਤੱਕ ਹੋਵੇ।

2) **ਅਯੋਗ ਪਰਵਾਰ**

- ਸਾਰੇ ਆਮਦਨ ਕਰ ਦਾਤਾ।
- ਸਾਰੇ ਵੈਟ ਕਰ ਦਾਤਾ ਜੋ ਕਿ ਪੰਜਾਬ ਵੈਟ ਅਧਿਨਿਯਮ 2009 ਤਹਿਤ ਰਜਿਸਟਰਡ ਹਨ।
- ਸਾਰੇ ਸੇਵਾ ਕਰ ਦਾਤਾ।
- ਸਾਰੇ ਪ੍ਰੋਫੈਸ਼ਨਲ ਕਰ ਦਾਤਾ।
- ਪਰਵਾਰ ਜਿਨ੍ਹਾਂ ਪਾਸ 2.5 ਏਕੜ ਤੋਂ ਵੱਧ ਵਾਹੀ ਯੋਗ ਜ਼ਮੀਨ ਜਾਂ 5 ਏਕੜ ਤੋਂ ਵੱਧ ਬੰਜਰ/ਬਰਾਨੀ ਜ਼ਮੀਨ ਹੈ।
- ਪਰਵਾਰ ਜਿਨ੍ਹਾਂ ਪਾਸ ਏ.ਸੀ. ਜਾਂ ਚਾਰ ਪਹੀਆ ਮੋਟਰ ਗੱਡੀ ਹੈ।
- ਪਰਵਾਰ ਜੋ ਕਿ ਸਰਕਾਰ ਨਾਲ ਰਜਿਸਟਰਡ ਕਿਸੇ ਉਦਯੋਗ ਦੇ ਮਾਲਕ ਹਨ ਜਾਂ ਉਸਨੂੰ ਚਲਾ ਰਹੇ ਹਨ।
- ਭਾਰਤ ਸਰਕਾਰ/ ਰਾਜ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਜਾਂ ਉਸਦੇ ਬੋਰਡ/ ਕਾਰਪੋਰੇਸ਼ਨ/ ਉਦਯੋਗ, ਮਿਉਂਸਪਲ ਨਿਗਮ/ ਮਿਉਂਸਪਲ ਕੌਂਸਲ/ ਮਿਉਂਸਿਪਲ ਕਮੇਟੀ/ ਸੁਧਾਰ ਟਰੱਸਟ ਆਦਿ ਵਿਚ ਨਿਯੁਕਤ ਮੁਲਜ਼ਮਾਂ (ਠੇਕਾ/ ਕੱਚੇ ਦਿਹਾੜੀਦਾਰਾਂ ਨੂੰ ਛੱਡ ਕੇ) ਦੇ ਪਰਵਾਰ। (ਪਰਵਾਰ ਮਤਲਬ ਪਤੀ, ਪਤਨੀ ਅਤੇ ਬੱਚੇ)।
- ਪਰਵਾਰ ਜਿਨ੍ਹਾਂ ਦੀ ਸਭ ਸਾਧਨਾਂ ਤੋਂ ਸਲਾਨਾ ਪਰਵਾਰਕ ਆਮਦਨ 60,000/- ਰੁਪਏ ਤੋਂ ਵੱਧ ਹੋਵੇ।
- ਪਰਵਾਰ ਜਿਨ੍ਹਾਂ ਪਾਸ ਰਾਜ ਦੇ ਕਿਸੇ ਮਿਉਂਸਪਲ ਨਿਗਮ ਜਾਂ ਮਿਉਂਸਪਲ ਕੌਂਸਲ ਵਿੱਚ 100 ਵਰਗ ਗਜ਼ ਜਾਂ ਜ਼ਿਆਦਾ ਦੇ ਪਲਾਟ ਤੇ ਉਸਾਰਿਆ ਆਪਣਾ ਘਰ ਜਾਂ 750 ਵਰਗ ਫੁੱਟ ਜਾਂ ਵੱਧ ਦਾ ਫਲੈਟ ਹੈ।

# ਅਧਿਆਇ 7

# ਪਸ਼ੂ ਅਤੇ ਮੱਛੀ ਪਾਲਣ ਵਿਭਾਗਾਂ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ

## ਪਸ਼ੂ ਪਾਲਣ ਵਿਭਾਗ

ਪਸ਼ੂ ਪਾਲਣ ਵਿਭਾਗ ਵੱਲੋਂ ਰਾਜ ਦੇ ਪਸ਼ੂ ਪਾਲਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਅਤੇ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਕਰਨ ਦੇ ਮੰਤਵ ਲਈ ਨਸਲ ਸੁਧਾਰ ਪ੍ਰੋਗਰਾਮ ਲਾਗੂ ਕਰਨ ਤੋਂ ਇਲਾਵਾ ਛੋਟੇ, ਗਰੀਬ ਕਿਸਾਨਾਂ ਅਤੇ ਘੱਟ ਆਮਦਨ ਵਾਲੇ ਵਰਗਾਂ ਲਈ ਮੁਰਗੀ ਪਾਲਣ, ਸੂਰ ਪਾਲਣ ਵਰਗੇ ਕਿੱਤਿਆਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਨਿਮਨ ਲਿਖਤ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ:

1) ਰਾਜ ਦੇ ਪਸ਼ੂ ਧਨ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਪੱਧਰ ਤੇ ਵੈਟਰਨਰੀ ਪੌਲੀਕਲੀਨਿਕਾਂ, 782 ਪਸ਼ੂ ਹਸਪਤਾਲਾਂ ਅਤੇ 1485 ਪਸ਼ੂ ਡਿਸਪੈਂਸਰੀਆਂ ਰਾਹੀਂ ਅਤਿ ਆਧੁਨਿਕ ਤਕਨੀਕਾਂ ਦੁਆਰਾ ਪਸ਼ੂ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਰਾਜ ਵਿੱਚ ਇਹ ਸਹੂਲਤਾਂ ਮੋਬਾਈਲ ਵੈਨਾਂ ਰਾਹੀਂ ਵੀ ਪ੍ਰਦਾਨ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਰਾਜ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਪਸ਼ੂ ਸਿਹਤ ਸੇਵਾਵਾਂ ਦੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ। ਇਹ ਗੱਡੀਆਂ ਜ਼ਰੂਰੀ ਸਾਜੋ ਸਮਾਨ ਅਤੇ ਦਵਾਈਆਂ ਆਦਿ ਨਾਲ ਲੈੱਸ ਹੋਣਗੀਆਂ ਜਿਸਦੇ ਨਾਲ ਰਾਜ ਦੇ ਪਸ਼ੂ ਪਾਲਕਾਂ ਨੂੰ ਉੱਚ ਪੱਧਰ ਦੇ ਇਲਾਜ ਦੀਆਂ ਸਹੂਲਤਾਂ ਬਹੁਤ ਛੇਤੀ ਉਪਲਬਧ ਹੋ ਜਾਣਗੀਆਂ।
2) ਐਨੀਮਲ ਹੈਲਥ ਇੰਸਟੀਚਿਊਟ ਜਲੰਧਰ ਵਿਖੇ ਇੱਕ ਖੇਤਰੀ ਪੱਧਰ ਦੀ ਖੇਤਰੀ ਰੋਗ ਕਿਪਾਸ ਪ੍ਰਯੋਗਸ਼ਾਲਾ ਸਥਾਪਤ ਕੀਤੀ ਗਈ ਹੈ, ਜਿਸ ਰਾਹੀਂ ਉੱਤਰੀ ਰਾਜਾਂ ਭਾਵ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਰਾਜਸਥਾਨ ਅਤੇ ਦਿੱਲੀ ਆਦਿ ਰਾਜਾਂ ਦੇ ਕੀਮਤੀ ਪਸ਼ੂਆਂ ਦੇ ਸਹੀ ਅਤੇ ਉਚਿਤ ਇਲਾਜ ਲਈ ਰੋਗਾਂ ਦੀ ਜਾਂਚ ਦੀਆਂ ਬਿਹਤਰ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਹ ਪ੍ਰਯੋਗਸ਼ਾਲਾ ਪਸ਼ੂਆਂ ਦੀਆਂ ਬਿਮਾਰੀਆਂ ਦੀ ਚੌਕਸੀ ਅਤੇ ਮੋਨੀਟਰ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।
3) ਪਸ਼ੂਆਂ ਨੂੰ ਮੂੰਹ ਖੁਰ ਅਤੇ ਗਲਘੋਟੂ ਵਰਗੀਆਂ ਭਿਆਨਕ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਭਾਰਤ ਸਰਕਾਰ ਦੀ ਸਹਾਇਤਾ ਨਾਲ ਵੱਖ ਵੱਖ ਸਕੀਮਾਂ ਅਧੀਨ ਵੈਕਸੀਨੇਸ਼ਨ ਦਾ ਪ੍ਰੋਗਰਾਮ ਲਾਗੂ ਕੀਤਾ ਹੋਇਆ ਹੈ ਅਤੇ ਇਨ੍ਹਾਂ ਬਿਮਾਰੀਆਂ ਤੋਂ ਬਚਾਓ ਲਈ ਵੈਕਸੀਨੇਸ਼ਨ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਪਸ਼ੂਆਂ ਨੂੰ ਬਰੂਸਲੋਸਿਸ ਦੀ ਬਿਮਾਰੀ ਤੋਂ ਬਚਾਓ ਲਈ ਟੀਕਾਕਰਨ ਅਰੰਭ ਕੀਤਾ ਹੈ।
4) ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਸਕੀਮ (ਆਰ.ਕੇ.ਵੀ.ਵਾਈ.) ਅਧੀਨ ਵੱਖ ਵੱਖ ਪ੍ਰੋਜੈਕਟਾਂ ਜਿਵੇਂ ਕਿ ਜਲੰਧਰ ਵਿਖੇ ਰੈਜੀਡਿਊ ਲੈਬਾਟਰੀ ਸਥਾਪਤ ਕਰਨਾ, ਮਸਟਾਈਟਿਸ ਬਿਮਾਰੀ ਤੋਂ ਰੋਕਥਾਮ, ਫਾਡਰ ਪ੍ਰੋਸੈਸਿੰਗ ਯੂਨਿਟ ਸਥਾਪਤ ਕਰਨਾ, ਪਸ਼ੂ ਮੇਲੇ ਲਗਾਉਣਾ ਅਤੇ ਫਾਡਰ ਸੀਡ ਫਾਰਮਾਂ ਦਾ ਮਜਬੂਤੀਕਰਨ ਕਰਨਾ, ਵਧੀਆ ਕਿਸਮ ਦੇ ਚਾਰੇ ਦੇ ਬੀਜ ਪਸ਼ੂ ਪਾਲਕਾਂ ਨੂੰ ਵੰਡਣੇ ਆਦਿ ਲਾਗੂ ਕੀਤੇ ਗਏ ਹਨ। ਇਸਦੇ ਨਾਲ ਹੀ ਅਤਿ ਜ਼ਰੂਰੀ ਦਵਾਈਆਂ ਵੀ ਪਸ਼ੂ ਸੰਸਥਾਵਾਂ ਵਿੱਚ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਅਤੇ ਰਾਜ ਦੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਮੁਰਗੀਆਂ, ਸੂਰਾਂ ਅਤੇ ਬੱਕਰੀਆਂ ਆਦਿ ਦੇ ਛੋਟੇ ਛੋਟੇ ਯੂਨਿਟ ਸਥਾਪਤ ਕਰਵਾਏ ਜਾ ਰਹੇ ਹਨ ਅਤੇ ਇਸ ਸਬੰਧ ਵਿੱਚ ਲਾਭਪਾਤਰੀਆਂ ਨੂੰ ਵਿਭਾਗ ਵੱਲੋਂ ਟਰੇਨਿੰਗ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਕਿਤਾਬਚੇ ਛਪਵਾ ਕੇ ਵੰਡੇ ਜਾਂਦੇ ਹਨ।
5) ਰਾਜ ਵਿੱਚ ਪਸ਼ੂਆਂ ਅਤੇ ਮੱਝਾਂ ਦੀ ਨਸਲ ਸੁਧਾਰਣ ਲਈ ਦੋ ਫਿਰੋਜਨ ਵੀਰਜ ਬੈਂਕ, ਨਾਭਾ ਅਤੇ ਰੋਪੜ ਵਿਖੇ ਚੱਲ ਰਹੇ ਹਨ, ਜਿਥੇ ਉੱਚ ਕੋਟੀ ਦੇ ਸਾਨ੍ਹਾਂ ਦਾ ਸੀਮਨ ਪਸ਼ੂ ਪਾਲਕਾਂ ਨੂੰ ਮੁਹੱਈਆ ਕਰਵਾਉਣ ਲਈ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਵਦੇਸ਼ਾਂ ਵਿਚੋਂ ਵੀ ਉਚ ਕੋਟੀ ਦੇ ਵੀਰਜ ਦੀਆਂ ਖੁਰਾਕਾਂ ਮੰਗਵਾਈਆਂ ਜਾ ਰਹੀਆਂ ਹਨ। ਮੱਝਾਂ ਵਿੱਚ ਦੁੱਧ ਦੀ ਪੈਦਾਵਾਰ ਵਧਾਉਣ ਲਈ ਵਧੀਆ ਨਸਲ ਦੇ ਕੱਟੇ ਖਰੀਦ ਕੇ ਵਾਜਬ ਰੇਟਾਂ ਤੇ ਪੰਚਾਇਤਾਂ ਅਤੇ ਪਸ਼ੂ ਪਾਲਕਾਂ ਨੂੰ

ਦਿੱਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਸਦਕਾ ਆਉਣ ਵਾਲੇ ਸਾਲਾਂ ਵਿੱਚ ਮੱਝਾਂ ਦੀ ਨਸਲ ਵਿੱਚ ਸੁਧਾਰ ਆਵੇਗਾ, ਜਿਸ ਸਦਕਾ ਦੁੱਧ ਦੀ ਪੈਦਾਵਾਰ ਵਿੱਚ ਕਾਫੀ ਵਾਧਾ ਹੋਣ ਦੀ ਸੰਭਾਵਨਾ ਹੈ।

6) ਰਾਜ ਵਿੱਚ ਇੱਕ ਨਵੀਂ ਵੈਟਰਨਰੀ ਯੂਨੀਵਰਸਿਟੀ "ਸ੍ਰੀ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ" ਪਸ਼ੂਆਂ ਨੂੰ ਬਿਹਤਰ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਲਈ ਸਾਲ 2005-06 ਵਿੱਚ ਲੁਧਿਆਣਾ ਵਿਖੇ ਸਥਾਪਤ ਕੀਤੀ ਗਈ ਹੈ। ਇਹ ਯੂਨੀਵਰਸਿਟੀ ਰਾਜ ਵਿੱਚ ਵਿਗਿਆਨਕ ਢੰਗਾਂ ਨਾਲ ਪਸ਼ੂਆਂ ਦੀ ਨਸਲ ਸੁਧਾਰ ਕਰਨ ਅਤੇ ਪਸ਼ੂ ਧਨ ਨੂੰ ਨਿਪੁੰਨ ਅਤੇ ਪ੍ਰਭਾਵਸ਼ਾਲੀ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

7) ਰਾਜ ਦੇ ਹੋਰ ਦੂਸਰੇ ਪਸ਼ੂਆਂ ਜਿਵੇਂ ਕਿ ਭੇਡਾਂ, ਸੂਰਾਂ ਅਤੇ ਮੁਰਗੀਆਂ ਆਦਿ ਦੇ ਵਿਕਾਸ ਲਈ ਵੀ ਪਸ਼ੂ ਪਾਲਣ ਵਿਭਾਗ ਦੁਆਰਾ ਕਈ ਕਦਮ ਚੁੱਕੇ ਗਏ ਹਨ। ਇਸ ਤੋਂ ਇਲਾਵਾ ਮੁਰਗੀ ਉਤਪਾਦਨ, ਸੂਰ ਪਾਲਣ ਅਤੇ ਬੱਕਰੀ ਪਾਲਣ ਵਿੱਚ ਵਿਵਿਧਤਾ ਪ੍ਰੋਗਰਾਮ ਅਧੀਨ ਪੇਂਡੂ ਇਲਾਕਿਆਂ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਰਾਜ ਵਿੱਚ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

8) ਰਾਜ ਵਿੱਚ ਘੱਟ ਲਾਗਤ ਨਾਲ ਦੁੱਧ ਦੀ ਪੈਦਾਵਾਰ ਵਧਾਉਣ ਲਈ ਪਸ਼ੂਆਂ ਨੂੰ ਵਧੀਆ ਪੌਸ਼ਟਿਕ ਹਰਾ ਚਾਰਾ ਅਤੇ ਖੁਰਾਕ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪਸ਼ੂ ਪਾਲਣ ਵਿਭਾਗ ਵੱਲੋਂ ਚੰਗੀ ਕਿਸਮ ਦੇ ਚਾਰੇ ਦੇ ਬੀਜ ਰਜਿਸਟਰਡ ਉਤਪਾਦਕਾਂ ਰਾਹੀਂ ਕਿਸਾਨਾਂ ਨੂੰ ਮੁਹੱਈਆ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਸੰਤੁਲਿਤ ਪਸ਼ੂ ਖੁਰਾਕ ਤਿਆਰ ਕਰਨ ਲਈ ਨਵੀਆਂ ਤਕਨੀਕਾਂ ਤੋਂ ਜਾਣੂੰ ਕਰਵਾਇਆ ਜਾ ਰਿਹਾ ਹੈ। ਇਸ ਮੰਤਵ ਲਈ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਰਾਜ ਵਿੱਚ ਵੈਟਰਨਰੀ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਨਵੇਂ ਵੈਟਰਨਰੀ ਕਾਲਜ, ਖੋਲ੍ਹੇ ਗਏ ਹਨ ਤਾਂ ਜੋ ਰਾਜ ਵਿੱਚ ਪਸ਼ੂ ਪਾਲਕਾਂ ਨੂੰ ਹੋਰ ਬਿਹਤਰ ਪਸ਼ੂ ਚਕਿਤਸਾ ਸੇਵਾਵਾਂ ਉਪਲਬਧ ਕਰਵਾਈਆਂ ਜਾ ਸਕਣ।

9) ਮਹਿੰਗੇ ਪਸ਼ੂਆਂ ਦੀ ਮੌਤ ਹੋ ਜਾਣ ਕਾਰਨ ਪਸ਼ੂ ਪਾਲਕਾਂ ਨੂੰ ਆਰਥਿਕ ਨੁਕਸਾਨ ਦੀ ਪ੍ਰਤੀ ਪੂਰਤੀ ਲਈ ਰਾਜ ਵਿਚ ਪਸ਼ੂ ਧੰਨ ਬੀਮਾ ਯੋਜਨਾ ਲਾਗੂ ਕੀਤੀ ਗਈ ਹੈ। ਇਸ ਸਕੀਮ ਅਧੀਨ ਰਾਜ ਦੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ ਦੁਧਾਰੂ ਪਸ਼ੂਆਂ ਦਾ ਬੀਮਾ ਕਰਨ ਦਾ ਟੀਚਾ ਮਿਥਿਆ ਗਿਆ ਹੈ।

10) ਵਿਭਾਗ ਵੱਲੋਂ ਰਾਜ ਵਿੱਚ ਰਾਜ ਪੱਧਰ ਦੇ ਅਤੇ ਖੇਤਰੀ ਪੱਧਰ ਦੇ ਲਾਈਵਸਟਾਕ ਸ਼ੋਅ ਅਤੇ ਦੁੱਧ ਚੁਆਈ ਮੁਕਾਬਲੇ ਸਫਲਤਾਪੂਰਬਕ ਕਰਵਾਏ ਜਾ ਰਹੇ ਹਨ। ਇਨ੍ਹਾਂ ਮੇਲਿਆਂ ਤੇ ਵਧੀਆ ਨਸਲ ਦੇ ਪਸ਼ੂਆਂ ਦੇ ਮਾਲਕਾਂ ਨੂੰ ਇਨਾਮ ਦਿੱਤੇ ਜਾਂਦੇ ਹਨ। ਲੋਕਾਂ ਦੇ ਭਾਰੀ ਉਤਸ਼ਾਹ ਨੂੰ ਵੇਖਦਿਆਂ ਅਜਿਹੇ ਮੇਲੇ ਹਰ ਸਾਲ ਲਗਾਏ ਜਾ ਰਹੇ ਹਨ। ਇਸ ਨਾਲ ਰਾਜ ਵਿੱਚ ਵਧੀਆ ਨਸਲ ਦੇ ਪਸ਼ੂ ਪਾਲਣ ਵੱਲ ਲੋਕਾਂ ਦਾ ਰੁਝਾਣ ਵਧਿਆ ਹੈ ਅਤੇ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ।

### ਮੱਛੀ ਪਾਲਣ ਵਿਭਾਗ ਪੰਜਾਬ

ਮੱਛੀ ਪਾਲਣ ਵਿਭਾਗ ਵੱਲੋਂ ਮੱਛੀ ਪਾਲਣ ਲਈ ਕਿਸਾਨਾਂ ਨੂੰ ਹੇਠ ਲਿਖੇ ਅਨੁਸਾਰ ਵਿੱਤੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ :

- ਨਵੇਂ ਛੱਪੜਾਂ ਦੀ ਪੁਟਾਈ ਲਈ 3.00 ਲੱਖ ਰੁਪਏ ਦੇ ਯੂਨਿਟ ਲਾਗਤ ਤੇ ਆਮ ਸ਼੍ਰੇਣੀ ਲਈ 20 ਫੀਸਦੀ ਸਬਸਿਡੀ 60,000/- ਰੁਪਏ ਅਤੇ ਐਸ.ਸੀ/ਐਸ.ਟੀ. ਸ਼੍ਰੇਣੀ ਲਈ 25% ਸਬਡਿਸੀ 75000/- ਰੁਪਏ ਪ੍ਰਤੀ ਹੈਕਟੇਅਰ ਜਾਰੀ ਕੀਤੀ ਜਾਂਦੀ ਹੈ।
- ਪੁਰਾਣੇ ਛੱਪੜਾਂ ਦੇ ਸੁਧਾਰ ਲਈ 75000/- ਰੁਪਏ ਦੇ ਯੂਨਿਟ ਆਮ ਸ਼੍ਰੇਣੀ ਦੇ ਕਿਸਾਨਾਂ ਨੂੰ 20% 15000/- ਰੁਪਏ ਅਤੇ ਐਸ.ਸੀ/ਐਸ.ਟੀ. ਮੱਛੀ ਕਿਸਾਨਾਂ ਨੂੰ 2% ਸਬਸਿਡੀ 18750/- ਰੁਪਏ ਪ੍ਰਤੀ ਹੈਕਟੇਅਰ ਜਾਰੀ ਕੀਤੀ ਜਾਂਦੀ ਹੈ।
- ਪਹਿਲੇ ਸਾਲ ਖਾਦ ਖੁਰਾਕ ਅਤੇ ਖਾਦਾਂ ਆਦਿ ਦੇ ਖਰਚੇ ਦੀ ਆਮ ਸ਼੍ਰੇਣੀ ਦੇ ਕਿਸਾਨਾਂ ਨੂੰ 20% ਅਤੇ ਐਸ.ਸੀ./ਐਸ.ਟੀ. ਕਿਸਾਨਾ ਨੂੰ 25% ਸਬਸਿਡੀ 12500/- ਰੁਪਏ ਜਾਰੀ ਕੀਤੀ ਜਾਂਦੀ ਹੈ।
- ਤਾਜੇ ਪਾਣੀ ਲਈ ਮੱਛੀ ਪੂੰਗ ਹੈਚਰੀ ਦੀ ਸਥਾਪਨਾ ਲਈ 10% ਸਬਸਿਡੀ 1.20 ਲੱਖ ਰੁਪਏ ਜਾਰੀ ਕੀਤੀ ਜਾਂਦੀ ਹੈ।
- ਮੱਛੀ ਫੀਡ ਲਈ ਯੂਨਿਟ ਸਥਾਪਤ ਕਰਨ ਵਾਸਤੇ 20%ਸਬਸਿਡੀ 1.50 ਲੱਖ ਰੁਪਏ ਜਾਰੀ ਕੀਤੀ ਜਾਂਦੀ ਹੈ।
- ਰੰਗਦਾਰ ਮੱਛੀਆਂ ਲਈ ਹੈਚਰੀ ਸਥਾਪਿਤ ਕਰਨ ਵਾਸਤੇ 10% ਸਬਸਿਡੀ 1.50 ਲੱਖ ਰੁਪਏ ਪ੍ਰਦਾਨ ਕੀਤੀ ਜਾਂਦੀ ਹੈ।

# ਅਧਿਆਇ 8
# ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ

## ਖੇਤੀਬਾੜੀ ਵਿਭਾਗ

### 1) ਵਿਸਥਾਰ ਅਤੇ ਸਿਖਲਾਈ ਸ਼ਾਖਾ

**ਸੀ.ਐਸ.ਐਸ.ਸਪੋਰਟ ਟੂ ਸਟੇਟ ਐਕਸਟੇਂਨਸ਼ਨ ਪ੍ਰੋਗਰਾਮ ਫਾਰ ਐਕਸਟੈਂਨਸ਼ਨ ਰਿਫਾਰਮਜ (ਆਤਮਾ) ਸਕੀਮ (ATMA)**

ਭਾਰਤ ਸਰਕਾਰ ਖੇਤੀਬਾੜੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਵਿਸ਼ਾ ਅੰਕਿਤ ਸਕੀਮ ਸਾਲ 2005-06 ਦੌਰਾਨ ਰਾਜ ਦੇ ਅੱਠ ਜ਼ਿਲਿਆਂ ਅੰਮ੍ਰਿਤਸਰ, ਫਿਰੋਜ਼ਪੁਰ, ਫਰੀਦਕੋਟ, ਗੁਰਦਾਸਪੁਰ, ਜਲੰਧਰ, ਰੋਪੜ, ਪਟਿਆਲਾ ਅਤੇ ਸੰਗਰੂਰ ਵਿੱਚ ਲਾਗੂ ਕੀਤੀ ਸੀ ਅਤੇ ਸਾਲ 2007-08 ਤੋਂ ਇਹ ਸਕੀਮ ਸਮੂਹ ਜ਼ਿਲ੍ਹਿਆਂ ਵਿੱਚ ਲਾਗੂ ਕੀਤੀ ਜਾ ਰਹੀ ਹੈ। ਇਹ ਸਕੀਮ ਰਾਜ ਪੱਧਰ ਤੇ ਵਿੱਤੀ ਕਮਿਸ਼ਨਰ ਵਿਕਾਸ ਦੀ ਪ੍ਰਧਾਨਗੀ ਹੇਠ ਸਥਾਪਤ ਕੀਤੀ ਇੰਟਰ ਡਿਪਾਰਟਮੈਂਟਲ ਵਰਕਿੰਗ ਗਰੁੱਪ (IDWG) ਸਸਟੇਨੇਏਬਲ ਐਗਰੀਕਲਚਰ ਡਿਵੈਲਪਮੈਂਟ ਏਜੰਸੀ, (ਸਾਡਾ) ਅਤੇ ਪੰਜਾਬ ਐਗਰੀਕਲਚਰ ਮੈਨੇਜਮੈਂਟ ਐਂਡ ਐਕਸਟੈਂਨਸ਼ਨ ਟ੍ਰੇਨਿੰਗ ਇੰਸਟੀਚਿਊਟ (ਪਮੀਤੀ) ਅਤੇ ਜ਼ਿਲ੍ਹਾ ਪੱਧਰ ਤੇ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਸਥਾਪਤ ਕੀਤੀ ਐਗਰੀਕਲਚਰ ਟੈਕਨਾਲਾਜੀ ਮੈਨੇਜਮੈਂਟ ਏਜੰਸੀ (ਆਤਮਾ) ਦੇ ਰਾਹੀਂ ਲਾਗੂ ਕੀਤੀ ਜਾ ਰਹੀ ਹੈ। ਇਹ ਸਾਰੀਆਂ ਸੁਸਾਇਟੀਆਂ, ਸੁਸਾਇਟੀ ਐਕਟ ਅਧੀਨ ਰਜਿਸਟਰਡ ਕਰਵਾਈਆਂ ਹੋਈਆਂ ਹਨ। ਰਾਜ ਪੱਧਰੀ ਏਜੰਸੀ ਵਿੱਚ ਲਾਈਨ ਵਿਭਾਗਾਂ ਦੇ ਮੁੱਖੀ ਅਤੇ ਜ਼ਿਲ੍ਹਾ ਪੱਧਰੀ ਸੁਸਾਇਟੀ ਵਿੱਚ ਲਾਈਨ ਵਿਭਾਗਾਂ ਦੇ ਜ਼ਿਲ੍ਹਾ ਮੁੱਖ ਮੈਂਬਰ ਬਣਾਏ ਗਏ ਹਨ। ਸਾਲ 2015-16 ਤੋਂ ਇਹ ਸਕੀਮ 60:40 (ਭਾਰਤ: ਰਾਜ ਸਰਕਾਰ) ਦੀ ਅਨੁਪਾਤ ਨਾਲ ਸਫਲਤਾ ਪੂਰਵਕ ਚਲਾਈ ਜਾ ਰਹੀ ਹੈ।

ਸੰਯੁਕਤ ਡਾਇਰੈਕਟਰ ਖੇਤੀਬਾੜੀ (ਵਿ ਤੇ ਸਿ), ਪੰਜਾਬ ਇਸ ਸਕੀਮ ਦੇ ਨੋਡਲ ਅਫਸਰ ਅਤੇ "ਸਾਡਾ" ਸੁਸਾਇਟੀ ਦੇ ਖਜ਼ਾਨਚੀ ਨਿਯੁਕਤ ਕੀਤੇ ਗਏ ਹਨ।

ਇਸ ਸਕੀਮ ਅਧੀਨ ਬਲਾਕ ਪੱਧਰ ਤੇ ਖੇਤੀਬਾੜੀ ਵਿਭਾਗ ਦੇ ਬਲਾਕ ਅਫਸਰ ਦੀ ਪ੍ਰਧਾਨਗੀ ਹੇਠ ਲਾਈਨ ਵਿਭਾਗਾਂ ਦੇ ਬਲਾਕ ਅਧਿਕਾਰੀਆਂ ਦੀ ਬਲਾਕ ਟੈਕਨਾਲੋਜੀ ਟੀਮਾਂ (ਬੀ ਟੀ. ਟੀ) ਬਣਾਈਆਂ ਹੋਈਆਂ ਹਨ। ਦੂਸਰੇ ਪਾਸੇ ਵੱਖ-ਵੱਖ ਕਿਸਾਨ ਗਰੁੱਪਾਂ ਦੀ ਕਿਸਾਨ ਸਲਾਹਕਾਰ ਕਮੇਟੀ (FAC) ਬਣਾਈਆਂ ਹੋਈਆਂ ਹਨ। ਸਕੀਮ ਅਧੀਨ ਇਹਨਾਂ ਏਜੰਸੀਆਂ/ਟੀਮਾਂ ਵੱਲੋਂ ਹੀ ਬਲਾਕ ਪੱਧਰ ਤੇ ਆਪਣੀ ਲੋੜ੍ਹ ਅਨੁਸਾਰ ਬਲਾਕ ਐਕਸ਼ਨ ਪਲਾਨ ਬਣਾਇਆ ਜਾਂਦਾ ਹੈ ਅਤੇ ਸਮੱਰਥ ਪੱਧਰ ਤੋਂ ਮਨਜ਼ੂਰ ਹੋਣ ਉਪਰੰਤ ਉਹਨਾਂ ਵੱਲੋਂ ਹੀ ਲਾਗੂ ਕੀਤੀ ਜਾਂਦੀ ਹੈ।

ਇਸ ਸਕੀਮ ਦੇ ਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹਨ :-

- ਸਰਕਾਰੀ ਅਤੇ ਪ੍ਰਾਈਵੇਟ ਵਿਸਥਾਰ ਸੇਵਾਵਾਂ ਸਹਿਤ ਬਹੁ-ਪੱਧਰੀ ਏਜੰਸੀ ਵਿਸਥਾਰ ਯੋਜਨਾਵਾਂ ਨੂੰ ਉਤਸ਼ਾਹਤ ਕਰਨਾ।
- ਖੇਤੀ ਏਕੀਕਰਨ ਪ੍ਰਸਾਰ ਵਿਸਥਾਰ ਅਧੀਨ ਇਕਸਾਰ ਕਰਨ ਨੂੰ ਯਕੀਨੀ ਬਣਾਉਣਾ।
- CIG ਅਤੇ FIG ਦੇ ਰੂਪ ਵਿੱਚ ਕਿਸਾਨਾਂ ਦੀਆਂ ਜ਼ਰੂਰਤਾਂ ਅਤੇ ਲੋੜਾਂ ਲਈ ਵਿਸਥਾਰ ਅਧੀਨ ਸਮੂਹਿਕ ਤਕਨੀਕ ਅਪਣਾਉਨਾ।
- ਯੋਜਨਾ ਬਣਾਉਣ, ਅਮਲ ਵਿੱਚ ਲਿਆਉਣ ਅਤੇ ਲਾਗੂ ਕਰਨ ਦੇ ਕਾਰਜਕ੍ਰਮ ਵਿੱਚ ਇਕਜੁੱਟਤਾ ਲਿਆਉਣ ਲਈ ਉਪਰਾਲੇ ਕਰਨੇ।
- ਔਰਤਾਂ ਦੀ ਭਾਗੀਦਾਰੀ ਨੂੰ ਉਤਸਾਹਤ ਕਰਨਾ, ਗਰੁੱਪ ਬਣਾਉਣਾ ਅਤੇ ਉਹਨਾਂ ਨੂੰ ਸਿਖਲਾਈ ਦੇਣਾ।

ਸਕੀਮ ਦੇ ਉਦੇਸ਼ ਦੀ ਪ੍ਰਾਪਤੀ ਲਈ ਸਕੀਮ ਅਧੀਨ ਮੁੱਖ ਤੌਰ ਤੇ ਕਿਸਾਨਾਂ ਲਈ ਖੇਤਾਂ ਦੇ ਦੋਰੇ, ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ, ਕਿਸਾਨ ਮੇਲੇ, ਖੇਤਰਾਂ ਲਈ ਸਮਾਂ, ਖੇਤੀਬਾੜੀ ਅਤੇ ਲਾਈਨ ਵਿਭਾਗਾਂ ਦੀਆਂ ਪੇਸ਼ਕਸ਼ਾਂ/ ਪ੍ਰਦਰਸ਼ਨੀਆਂ, ਲਿਟਰੇਚਰ ਦੀ ਵੰਡ/ ਇਸ਼ਤਿਹਾਰ ਦੇਣ ਆਦਿ ਕੰਮ ਕੀਤੇ ਜਾਂਦੇ ਹਨ। ਭਾਰਤ ਸਰਕਾਰ ਵੱਲੋਂ ਆਤਮਾ

ਸਕੀਮ ਅਧੀਨ ਰਾਜ ਪੱਧਰ ਤੇ ਇੱਕ ਸਟੇਟ ਕੋਆਰਡੀਨੇਟਰ, ਇੱਕ ਜੈਂਡਰ ਕੋਆਰਡੀਨੇਟਰ, ਇੱਕ ਡਾਇਰੈਕਟਰ ਪਮੀਤੀ, 8 ਡਿਪਟੀ ਡਾਇਰੈਕਟਰ, ਇੱਕ ਕੰਪਿਊਟਰ ਆਪਰੇਟਰ ਅਤੇ ਇੱਕ ਕਲਰਕ-ਕਮ-ਲੇਖਾਕਾਰ ਦੀ ਆਸਾਮੀ ਮਨਜ਼ੂਰ ਕੀਤੀ ਗਈ ਹੈ। ਹਰੇਕ ਜ਼ਿਲ੍ਹੇ ਵਿੱਚ ਇੱਕ ਪ੍ਰੋਜੈਕਟ ਡਾਇਰੈਕਟਰ, ਦੋ ਡਿਪਟੀ ਪ੍ਰੋਜੈਕਟ ਡਾਇਰੈਕਟਰ, ਇੱਕ ਕਲਰਕ-ਕਮ-ਲੇਖਾਕਾਰ ਅਤੇ ਇੱਕ ਕੰਪਿਊਟਰ ਆਪਰੇਟਰ ਦੀ ਆਸਾਮੀ ਮਨਜ਼ੂਰ ਕੀਤੀ ਗਈ ਹੈ। ਹਰੇਕ ਬਲਾਕ ਵਿੱਚ ਇੱਕ ਬਲਾਕ ਟੈਕਨਾਲਾਜੀ ਮੈਨੇਜਰ (BTM) ਅਤੇ 3 ਖੇਤੀਬਾੜੀ ਸਹਾਇਕਾਂ ਦੀਆਂ ਪੋਸਟਾਂ ਮਨਜ਼ੂਰ ਕੀਤੀਆਂ ਗਈਆ ਹਨ।

## 2) ਇੰਨਪੁਟਸ ਸ਼ਾਖਾ

ਵਿਭਾਗ ਦੀ ਇੰਨਪੁਟਸ ਸ਼ਾਖਾ ਰਾਹੀਂ ਪੰਜਾਬ ਵਿੱਚ ਹੇਠ ਲਿਖੇ ਅਨੁਸਾਰ ਸਕੀਮਾਂ ਚਲਾਈਆਂ ਜਾਂ ਰਹੀਆਂ ਹਨ :-

- **ਜ਼ਮੀਨ ਸਿਹਤ ਕਾਰਡ ਸਕੀਮ** : ਇਹ ਸਕੀਮ ਮਾਨਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਮਿਤੀ 19-02-14 ਨੂੰ ਰਾਜਸਥਾਨ ਦੇ ਸੂਰਤਗੜ੍ਹ ਤੋਂ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਮੁੱਖ ਮੰਤਵ ਆਉਣ ਵਾਲੇ ਦੋ ਸਾਲਾਂ ਵਿੱਚ ਦੇਸ਼ ਦੇ ਹਰ ਇਕ ਕਿਸਾਨ ਨੂੰ ਜ਼ਮੀਨ ਸਿਹਤ ਕਾਰਡ ਜਾਰੀ ਕਰਨਾ ਹੈ। ਇਸ ਸਕੀਮ ਰਾਹੀਂ ਪੰਜਾਬ ਦੇ ਹਰ ਇਕ ਕਿਸਾਨ ਨੂੰ ਜ਼ਮੀਨ ਸਿਹਤ ਕਾਰਡ ਜਾਰੀ ਕੀਤਾ ਜਾਣਾ ਹੈ ਜਿਸ ਦੇ ਅਧਾਰ ਤੇ ਕਿਸਾਨਾਂ ਵੱਲੋਂ ਲੋੜੀਂਦੇ ਖਾਦਾਂ ਦੀ ਵਰਤੋਂ ਕੀਤੀ ਜਾਣੀ ਹੈ। ਜ਼ਮੀਨ ਸਿਹਤ ਕਾਰਡ ਵਿਚ ਖੇਤ ਦੀ ਮਿੱਟੀ ਵਿੱਚ ਉਪਲਬਧ 10 ਤੱਕ ਟੈਸਟ ਕੀਤੇ ਜਾਂਦੇ ਹਨ। ਜ਼ਮੀਨ ਸਿਹਤ ਕਾਰਡ ਵਿੱਚ 12 ਪੈਰਾਮੀਟਰਸ ਚੈਕ ਕੀਤੇ ਜਾਂਦੇ ਹਨ ਜਿਵੇ ਪੀ.ਐਚ., ਈ.ਸੀ., ਆਰਗੈਨਿਕ ਕਾਰਬਨ, ਐਨ, ਪੀ, ਕੇ, ਜਿੰਕ, ਲੋਹਾ, ਮੈਗਨੀਜ਼ ਕੋਪਰ, ਸਲਫਰ ਅਤੇ ਬੋਰੋਨ। ਪਰੰਤੂ ਪੰਜਾਬ ਦੀ ਮਿੱਟੀ ਵਿੱਚ ਸਲਫਰ ਅਤੇ ਬੋਰੋਨ ਵੱਧ ਮਾਤਰਾ ਵਿੱਚ ਉਪਲਬਧ ਹੈ। ਇਸ ਲਈ ਇਹ ਦੋ ਤੱਤ ਟੈਸਟ ਨਹੀਂ ਕੀਤੇ ਜਾਂਦੇ। ਕਿਸਾਨਾਂ ਨੂੰ ਜ਼ਮੀਨ ਸਿਹਤ ਕਾਰਡ ਦੇ ਅਧਾਰ ਤੇ ਖਾਦਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ ਜਿਸ ਨਾਲ ਕਿਸਾਨਾਂ ਦੀ ਉਤਪਾਦਨ ਕੀਮਤ ਘੱਟ ਰਹੀਂ ਹੈ।

- **ਪਰੰਪਰਾਗਤ ਖੇਤੀ ਵਿਕਾਸ ਯੋਜਨਾ** : ਇਸ ਸਕੀਮ ਤਹਿਤ ਕਿਸਾਨਾਂ ਨੂੰ ਰਸਾਇਣ ਖਾਦਾਂ ਦੀ ਵਰਤੋਂ ਤੋਂ ਹਟਾ ਕੇ ਆਰਗੈਨਿਕ ਖਾਦਾਂ ਅਤੇ ਕੈਮੀਕਲਜ਼ ਦੀ ਵਰਤੋਂ ਕਰਕੇ ਖੇਤੀ ਕਰਨ ਦਾ ਮੰਤਵ ਰੱਖਿਆ ਗਿਆ ਹੈ। ਇਸ ਸਕੀਮ ਤਹਿਤ ਕਿਸਾਨਾਂ ਨੂੰ ਕੈਂਪਾਂ ਰਾਹੀਂ ਅਤੇ ਪ੍ਰਦਰਸ਼ਨੀ ਪਲਾਂਟਾਂ ਰਾਹੀਂ ਜੈਵਿਕ ਖੇਤੀ ਕਰਨ ਲਈ ਪ੍ਰੇਰਿਆ ਜਾਂਦਾ ਹੈ।

- **ਜ਼ਮੀਨ ਸਿਹਤ ਮਨੇਜਮੈਂਟ ਸਕੀਮ** : ਇਸ ਸਕੀਮ ਤਹਿਤ ਪੰਜਾਬ ਵਿੱਚ ਕਿਸਾਨਾਂ ਨੂੰ ਫਰੰਟ ਲਾਈਨ ਪੇਸ਼ਕਸ਼ ਅਤੇ ਕਲਸਟਰ ਪੇਸ਼ਕਸ਼ ਰਾਹੀਂ ਕਿਸਾਨਾਂ ਨੂੰ ਜੈਵਿਕ ਖੇਤੀ ਲਈ ਜਾਣਕਾਰੀ ਦਿੱਤੀ ਜਾਂਦੀ ਹੈ। ਕਿਸਾਨ ਸਿਖਲਾਈ ਕੈਂਪਾਂ ਰਾਹੀਂ ਕਿਸਾਨਾਂ ਨੂੰ ਵੱਧ ਰਸਾਇਣਕ ਖਾਦਾਂ/ਕੈਮੀਕਲਜ਼ ਦੀ ਵਰਤੋਂ ਨੂੰ ਘਟਾਉਣ ਲਈ ਪ੍ਰੇਰਿਆ ਜਾਂਦਾ ਹੈ।

## 3) ਨਕਦੀ ਫਸਲਾਂ ਸ਼ਾਖਾ

### ਨੈਸ਼ਨਲ ਮਿਸ਼ਨ ਆਨ ਆਇਲਸੀਡ ਆਇਲਪਾਮ ਐਂਡ ਪਲਸਿਜ (NMOOP)

ਨੈਸ਼ਨਲ ਮਿਸ਼ਨ ਆਨ ਆਇਲਸੀਡਜ਼ ਐਂਡ ਆਇਲਪਾਮ (ਨਮੂਪ) ਸਕੀਮ ਸਾਲ 2014-15 ਵਿੱਚ ਲਾਗੂ ਹੋਈ ਸੀ। ਪਹਿਲਾਂ ਇਹ ਜ਼ਛ+ਸ਼+ਝ (ਆਈਸੋਪਾਮ) (ਇਨਟੀਗਰੇਟਿਡ ਸਕੀਮ ਆਫ ਆਇਲਸੀਡਜ਼ ਪਲਸਿਸ ਔਲਪਾਸ ਅਤੇ ਮੇਜ਼) ਦੇ ਨਾਮ ਨਾਲ ਲਾਗੂ ਕੀਤੀ ਗਈ ਸੀ। ਇਹ ਸਕੀਮ ਸਾਰੇ ਜ਼ਿਲਿਆਂ ਵਿੱਚ ਲਾਗੂ ਹੈ। ਸਾਲ 2015-16 ਤੱਕ ਇਹ ਸਕੀਮ 75:25 (ਭਾਰਤ ਸਰਕਾਰ : ਰਾਜ) ਦੇ ਅਨੁਪਾਤ ਨਾਲ ਲਾਗੂ ਸੀ। ਹੁਣ ਇਹ ਸਕੀਮ 50:50 ਜਾਂ 60:40 ਦੇ ਹਿਸਾਬ ਨਾਲ ਭਾਰਤ ਸਰਕਾਰ ਵੱਲੋਂ ਲਾਗੂ ਕੀਤੀ ਜਾਂਦੀ ਹੈ।

## 4) ਘਣੀ ਖੇਤੀ ਸ਼ਾਖਾ

### ਫਸਲੀ ਵਿਭਿੰਨਤਾ ਪ੍ਰੋਗਰਾਮ (CDP)

ਰਾਜ ਵਿਚ ਫਸਲੀ ਵਿਭਿੰਨਤਾ ਪ੍ਰੋਗਰਾਮ ਆਰ੍ਹਕ੍ਰੇਵਾਈ ਦੀ ਉਪ ਸਕੀਮ ਵਜੋਂ ਲਾਗੂ ਹੈ। ਇਸ ਸਕੀਮ ਦਾ ਮੁੱਖ ਮੰਤਵ ਝੋਨੇ ਦੀ ਫਸਲ ਹੇਠੋਂ ਰਕਬਾ ਘਟਾ ਕੇ ਬਦਲਵੀਆਂ ਫਸਲਾਂ ਜਿਵੇਂ ਮੱਕੀ, ਕਪਾਹ, ਦਾਲਾਂ ਅਤੇ ਵਣ ਖੇਤੀ

ਨੂੰ ਉਤਸਾਹਤ ਕਰਨਾ ਹੈ। ਵਿਸਤਾਰ ਵਜੋਂ ਇਸ ਪ੍ਰੋਗਰਾਮ ਦੇ ਚਾਰ ਮੁੱਖ ਹਿੱਸੇ ਹਨ:- ਕਲਸਟਰ ਪ੍ਰਦਰਸ਼ਨੀਆਂ ਜਿਸ ਅਧੀਨ ਬਦਲਵੀਆਂ ਫਸਲਾਂ ਦੀ ਉੱਨਤ ਖੇਤੀ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆ ਹਨ ਫਾਰਮ ਮੈਕਾਨਾਈਜੇਸਨ/ਵੈਲਿਊ ਐਡੀਸ਼ਨ ਜਿਸ ਵਿੱਚ ਬਦਲਵੀਆਂ ਫਸਲਾਂ ਲਈ ਸਹਾਇਕ ਖੇਤੀਬਾੜੀ ਔਜਾਰ ਨੂੰ ਮੁਹੱਈਆ ਕਰਵਾਇਆ ਜਾਂਦਾ ਹੈ ਸਾਈਟ ਸਪੈਸੀਫਿਕ ਐਕਟੀਵਿਟੀਸ ਜਿਸ ਵਿੱਚ ਜ਼ਮੀਨ, ਢਾਂਚਾ ਸੀਡ, ਮਿਟੀ ਸੁਧਾਰ ਲਈ ਜਿਪਸਮ ਅਤੇ ਜ਼ਮੀਨ ਦੋਜ ਪਾਈਪਾਂ ਸ਼ਾਮਿਲ ਹਨ। ਇਸ ਤੋਂ ਇਲਾਵਾਂ ਸਿਖਲਾਈ ਮੱਦ ਰਾਹੀਂ ਜਾਗਰੂਕਤਾ ਵਿੱਚ ਫਾਰਮਰਜ ਟ੍ਰੇਨਿੰਗ ਅਤੇ ਸਬੰਧਤ ਗਤੀਵਿਧੀਆਂ ਤੇ ਇਸ਼ਤਿਹਾਰਾਂ ਰਾਂਹੀ ਪ੍ਰੋਗਰਾਮ ਨੂੰ ਪ੍ਰਚਲਿਤ ਕੀਤਾ ਜਾ ਰਿਹਾ ਹੈ।

ਮੁੱਖ ਤੌਰ ਤੇ ਇਸ ਸਕੀਮ ਤਹਿਤ ਬਦਲਵੀਆਂ ਫਸਲਾਂ ਖਾਸ ਕਰਕੇ ਮੱਕੀ, ਕਪਾਹ, ਸੋਇਆਬੀਨ, ਪਾਪਲਰ ਅਤੇ ਸਫੇਦੇ ਦੀਆਂ ਉਨੱਤ ਖੇਤੀ ਅਤੇ ਪੈਦਾਵਾਰ ਦੀ ਸਮਰਥਾ ਦਰਸਾਉਂਦਿਆਂ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਬਦਲਵੀਆਂ ਫਸਲਾਂ ਦੇ ਖੇਤੀਕਰਨ ਨੂੰ ਮੁੱਖ ਰਖਦਿਆਂ ਸਹਾਇਕ ਖੇਤੀਬਾੜੀ ਸੰਦ ਅਤੇ ਸੁਚੱਜੇ ਮੰਡੀਕਰਨ ਲਈ ਲੋੜੀਂਦੇ ਮਸ਼ੀਨੀਕਰਨ ਨੂੰ ਸਬਸਿਡੀ ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਢਾਂਚਾ ਸੀਡ, ਜ਼ਮੀਨ ਸਿਹਤ ਕਾਰਡ ਤਿਆਰ ਕਰਵਾਉਣ ਅਤੇ ਮਿਟੀ ਸੋਧਕ ਜਿਪਸਮ ਨੂੰ ਮੁਹੱਈਆ ਕਰਨ ਦਾ ਵੀ ਪ੍ਰਬੰਧ ਹੈ। ਫਸਲਾਂ ਦੀ ਪ੍ਰਭਾਵਸ਼ਾਲੀ ਸਿੰਚਾਈ ਲਈ ਕਿਸਾਨਾਂ ਦੇ ਖੇਤ ਵਿਚ ਜ਼ਮੀਨ ਦੋਜ ਪਾਈਪਾਂ ਨੂੰ ਵਿਛਾਉਣ ਦਾ ਮੱਦ ਵੀ ਸ਼ਾਮਿਲ ਹੈ। ਇਸ ਪ੍ਰੋਗਰਾਮ ਅਧੀਨ ਪ੍ਰਾਪਤ ਫੰਡਾਂ ਨੂੰ ਵੱਖ-ਵੱਖ ਅਸਲੀ ਏਜੰਸੀਆਂ ਨੂੰ ਜਾਰੀ ਕਰ ਕੇ ਲਾਗੂ ਕੀਤਾ ਜਾ ਰਿਹਾ ਹੈ।

**ਫਸਲੀ ਵਿਭਿੰਨਤਾ ਪ੍ਰੋਗਰਾਮ ਅਧੀਨ ਵਿਭਾਗ ਵੱਲੋਂ ਉਠਾਏ ਗਏ ਕਦਮ**

- **ਮੱਕੀ ਦੀ ਫਸਲ ਨੂੰ ਉਤਸ਼ਾਹਤ ਕਰਨਾ :-**

ਸਾਲ 2013-14 ਦੌਰਾਨ ਕੇਂਦਰੀ ਸਹਾਇਤਾ ਨਾਲ 22290 ਹੈਕਟੇਅਰ ਰਕਬੇ ਵਿੱਚ ਮੱਕੀ ਦੀਆਂ ਕਲੱਸਟਰ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਜਿਸ ਲਈ 446 ਮੀਟ੍ਰਿਕ ਟਨ ਬੀਜ ਕਿਸਾਨਾਂ ਨੂੰ 75% ਸਬਸਿਡੀ ਤੇ ਮੁਹੱਈਆ ਕਰਵਾਇਆ ਗਿਆ। ਸਾਲ 2014-15 ਦੌਰਾਨ 52500 ਹੈਕਟੇਅਰ ਰਕਬਾ ਮੱਕੀ ਦੀਆਂ ਪ੍ਰਦਰਸ਼ਨੀਆਂ ਹੇਠ ਲਿਆਂਦਾ ਗਿਆ ਜਿਸ ਲਈ 1050 ਮੀਟ੍ਰਿਕ ਬੀਜ ਕਿਸਾਨਾਂ ਨੂੰ 50% ਸਬਸਿਡੀ ਤੇ ਦਿੱਤਾ ਗਿਆ। ਇਸੇ ਤਰ੍ਹਾਂ ਸਾਲ 2015-16 ਦੌਰਾਨ 661 ਮੀਟ੍ਰਿਕ ਮੱਕੀ ਦਾ ਬੀਜ ਕਿਸਾਨਾਂ ਨੂੰ 50% ਸਬਸਿਡੀ ਤੇ ਦਿੱਤਾ ਗਿਆ, ਜਿਸ ਨਾਲ 33036 ਹੈਕਟੇਅਰ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਉਪਰੋਕਤ ਸਹੂਲਤਾਂ ਸਦਕਾ ਪੰਜਾਬ ਵਿੱਚ ਮੱਕੀ ਦਾ ਰਕਬਾ ਜੋ ਸਾਲ 2012-13 ਦੌਰਾਨ 1.29 ਲੱਖ ਹੈਕਟੇਅਰ ਸੀ ਪ੍ਰਦਰਸ਼ਨੀਆਂ ਲਗਾਉਣ ਨਾਲ ਵੱਧ ਕੇ ਸਾਲ 2015-16 ਵਿਚ 1.65 ਲੱਖ ਹੈਕਟੇਅਰ ਹੋ ਗਿਆ ਹੈ।

  - ਮੱਕੀ ਦਾ ਘੱਟੋ ਘੱਟ ਸਮਰਥਨ ਮੁੱਲ ਅਤੇ ਲਾਹੇਵੰਦ ਭਾਅ ਲੈਣ ਵਾਸਤੇ ਰਾਜ ਵਿੱਚ ਮੱਕੀ ਦੀ ਉਪਜ ਨੂੰ ਸੁਕਾਉਣ ਲਈ ਪੰਜਾਬ ਮੰਡੀ ਬੋਰਡ ਵੱਲੋਂ ਮੰਡੀ ਵਿੱਚ ਮੱਕੀ ਸਕਾਉਣ ਵਾਸਤੇ ਮਸ਼ੀਨਾ ਸੈਲਾ ਖੁਰਦ, ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਵਿਖੇ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿਚ ਸੁਕਾਈ ਦੀ ਸਮਰੱਥਾ 64 ਟਨ ਪ੍ਰਤੀ ਗੇੜਾ ਹੈ। ਇਹਨਾਂ ਪਲਾਂਟਾਂ ਤੇ ਸੁਕਾਈ ਦਾ ਕੰਮ ਚੱਲ ਰਿਹਾ ਹੈ।
  - ਇਸ ਉਪਰੰਤ ਫੁਗਲਾਣਾ (ਹੁਸ਼ਿਆਰਪੁਰ), ਭੋਗਪੁਰ, ਨਕੋਦਰ, ਕਪੂਰਥਲਾ ਅਤੇ ਮਾਛੀਵਾੜਾ ਵਿੱਚ ਸੁਕਾਈ ਕੇਂਦਰ ਵਿਕਸਿਤ ਗਏ ਹਨ। ਇੱਕ ਸੁਕਾਈ ਕੇਂਦਰ ਦੀ ਸਮਰਥਾ 24 ਟਨ ਪ੍ਰਤੀ ਗੇੜਾ ਹੈ ਜਿਸ ਵਿੱਚ 6 ਟਨ ਸਮਰੱਥਾ ਵਾਲੇ ਚਾਰ ਪਲਾਟ ਲੱਗੇ ਹੋਏ ਹਨ। ਗਿੱਲੀ ਮੱਕੀ ਦਾ ਰੇਟ 600 ਤੋਂ 800 ਰੁਪਏ ਤੱਕ ਅਤੇ ਸੁੱਕੀ ਮੱਕੀ ਦਾ ਰੇਟ 1200 ਤੋਂ 1400 ਰੁਪਏ ਤੱਕ ਮਾਰਕਿਟ ਵਿਚ ਰਹਿੰਦਾ ਹੈ।

- **ਕਪਾਹ** : ਕਪਾਹ ਦੀ ਫਸਲ ਝੋਨੇ ਦਾ ਇੱਕ ਵਧੀਆ ਬਦਲ ਬਣਾਉਣ ਲਈ ਇਸ ਦੀ ਉਤਪਾਦਕਤਾ ਨੂੰ ਵਧਾਉਣਾ ਅਤਿ ਜ਼ਰੂਰੀ ਸੀ। ਪੰਜਾਬ ਸਰਕਾਰ ਵਲੋਂ ਸਾਲ 2014-15 ਅਤੇ 2015-16 ਦੌਰਾਨ ਫਸਲੀ ਵਿਭਿੰਨਤਾ ਪ੍ਰੋਗਰਾਮ ਅਧੀਨ ਕ੍ਰਮਵਾਰ 560 ਹੈਕਟੇਅਰ ਅਤੇ 860 ਹੈਕਟੇਅਰ ਰਕਬੇ ਵਿੱਚ ਇਸ ਦੀ ਖੇਤੀ ਕਰਵਾਈ ਗਈ ਅਤੇ ਇਸ ਰਕਬੇ ਵਿੱਚੋਂ ਚੁਗਾਈ ਅਤੇ ਸਫਾਈ ਦੀ ਸਮੱਸਿਆ ਨੂੰ ਹਲ ਕਰਨ ਲਈ ਕਪਾਹ ਚੁੱਗਣ ਅਤੇ ਕਪਾਹ ਦੀ ਸਫਾਈ ਦੀ ਸਹੂਲਤ ਕਿਸਾਨਾਂ ਨੂੰ ਉਪਲਬਧ ਕਰਵਾਈ ਗਈ। ਇਸ ਵਿਧੀ ਨਾਲ ਕਪਾਹ ਦਾ ਪ੍ਰਤੀ ਹੈਕਟੇਅਰ ਝਾੜ ਵਧਿਆ ਹੈ।
- **ਖੇਤੀ ਮਸ਼ੀਨਰੀ** : ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਅਤੇ ਲਾਗਤ ਮੁਲ ਘਟਾਉਣ ਵਾਸਤੇ ਕਿਸਾਨਾਂ ਨੂੰ ਵੱਖ ਵੱਖ ਫਸਲਾਂ ਲਈ ਲੋੜੀਂਦੀ ਖੇਤੀ ਮਸ਼ੀਨਰੀ ਰਿਆਇਤੀ ਦਰਾਂ ਤੇ ਮੁਹੱਈਆ ਕਰਵਾਈ ਗਈ ਹੈ। ਪਿਛਲੇ ਤਿੰਨ

ਸਾਲਾਂ ਦੋਰਾਨ ਲਗਪਗ 45938 ਖੇਤੀ ਸੰਦ ਸਬਸਿਡੀ ਵੰਡੇ ਜਾ ਚੁਕੇ ਹਨ। ਕਿਸਾਨਾਂ ਨੂੰ ਸਬਸਿਡੀ ਤੇ ਦਿੱਤੀ ਜਾ ਰਹੀ ਮਸ਼ੀਨਰੀ ਦਾ ਵੇਰਵਾਂ ਇਸ ਪ੍ਰਕਾਰ ਹੈ:-

| ਲੜੀ ਨੰ: | ਮਸ਼ੀਨਰੀ ਦਾ ਨਾਮ | ਸਬਸਿਡੀ |
|---|---|---|
| 1। | ਮੇਜ਼ ਸ਼ੈਲਰ | 40% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 2। | ਰੋਟਾਵੇਟਰ | 50% ਜਾਂ ਵੱਧ ਤੋਂ ਵੱਧ 35,000/ ਪ੍ਰਤੀ ਯੂਨਿਟ |
| 3। | ਲੇਜ਼ਰ ਲੈਂਡ ਲੈਵਲਰ | 50% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 4। | ਮਲਟੀ ਕਰਾਪ ਥ੍ਰੈਸ਼ਰ | 40% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 5। | ਰੇਜ਼ਡ ਬੈੱਡ ਪਲਾਂਟਰ | 40% ਜਾਂ ਵੱਧ ਤੋਂ ਵੱਧ 35,000/ ਪ੍ਰਤੀ ਯੂਨਿਟ |
| 6। | ਜ਼ੀਰੋ ਟਿੱਲ ਮਲਟੀ ਕਰਾਪ ਪਲਾਂਟਰ | 40% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 7। | ਟਰੈਕਟਰ ਓਪਰੇਟਿਡ ਹਾਈਡਰਾਲਿਕਸ ਸਪਰੇਅਰ | 40% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 8। | ਪਾਵਰ ਵੀਡਰ | 40% ਜਾਂ ਵੱਧ ਤੋਂ ਵੱਧ 15,000/ ਪ੍ਰਤੀ ਯੂਨਿਟ |
| 9। | ਮੇਜ਼ ਹਾਰਵੈਸਟਿੰਗ ਕੰਬਾਈਨ | 50% ਜਾਂ ਵੱਧ ਤੋਂ ਵੱਧ 1,00,000/ ਪ੍ਰਤੀ ਯੂਨਿਟ |
| 10। | ਪਾਵਰ ਸਪਰੇਅ ਪੰਪ | 40% ਜਾਂ ਵੱਧ ਤੋਂ ਵੱਧ 8,000/ ਪ੍ਰਤੀ ਯੂਨਿਟ |
| 11। | ਬੈਟਰੀ ਓਪਰੇਟਿੱਡ ਸਪਰੇਅ ਪੰਪ | 40% ਜਾਂ ਵੱਧ ਤੋਂ ਵੱਧ 3,000/ ਪ੍ਰਤੀ ਯੂਨਿਟ |
| 12। | ਹੈਪੀ ਸੀਡਰ | 40% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 13। | ਏਅਰੋ ਬਲਾਸਟ ਸਪੇਅਰ | 40% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |
| 14। | ਸਬ ਸੋਇਲਰ | 50% ਜਾਂ ਵੱਧ ਤੋਂ ਵੱਧ 50,000/ ਪ੍ਰਤੀ ਯੂਨਿਟ |

- **ਖੇਤੀ ਜਗਲਾਤ** : ਫਸਲੀ ਵਿਭਿੰਨਤਾ ਪ੍ਰੋਗਰਾਮ ਅਧੀਨ ਰਾਜ ਵਿੱਚ ਖੇਤੀ ਜੰਗਲਾਤ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ ਅਤੇ ਇਸ ਅਧੀਨ ਪਾਪੂਲਰ ਅਤੇ ਸਫੇਦੇ ਹੇਠ ਰਕਬਾ ਲਿਆਂਦਾ ਜਾ ਰਿਹਾ ਹੈ। ਸਾਲ 2013-14 ਅਤੇ 2014-15 ਦੌਰਾਨ ਖੇਤੀ ਜੰਗਲਾਤ ਅਧੀਨ 17500 ਹੈਕਟੇਅਰ ਰਕਬਾ ਲਿਆਂਦਾ ਗਿਆ ਅਤੇ ਕਿਸਾਨਾਂ ਨੂੰ ਇਸ ਰਕਬੇ ਲਈ ਬੂਟੇ ਰਿਆਇਤੀ ਦਰਾਂ ਤੇ ਜੰਗਲਾਤ ਮਹਿਕਮੇ ਵਲੋਂ ਸਪਲਾਈ ਕੀਤੇ ਗਏ। ਲੱਕੜ ਦੇ ਸੁਚੱਜੇ ਮੰਡੀਕਰਨ ਲਈ ਪੰਜਾਬ ਮੰਡੀਕਰਨ ਬੋਰਡ ਵੱਲੋਂ ਰਾਜ ਵਿੱਚ ਤਿੰਨ ਲੱਕੜ ਮੰਡੀਆਂ ਲੁਧਿਆਣਾ, ਦਸੂਹਾ ਅਤੇ ਹੁਸ਼ਿਆਰਪੁਰ ਵਿਖੇ ਵਿਕਸਿਤ ਕੀਤੀਆਂ ਜਾ ਰਹੀਆਂ ਹਨ ਜਿਸ ਉਤੇ ਤਕਰੀਬਨ 21 ਕਰੋੜ ਰੁਪਏ ਖਰਚੇ ਜਾਣਗੇ।

### 5) ਕੌਮੀ ਅੰਨ ਸੁਰੱਖਿਆ ਮਿਸ਼ਨ (NFSM)

ਕੌਮੀ ਅੰਨ ਸੁਰੱਖਿਆ ਮਿਸ਼ਨ ਇੱਕ ਕੇਂਦਰੀ ਪ੍ਰਯੋਜਿਤ ਪਲਾਨ ਸਕੀਮ ਹੈ ਅਤੇ ਸਾਲ 2007-08 ਤੋਂ ਲਾਗੂ ਕੀਤੀ ਜਾ ਰਹੀ ਹੈ। ਸਾਲ 2015-16 ਤੋਂ ਇਸ ਸਕੀਮ ਦਾ ਭਾਰਤ ਸਰਕਾਰ ਅਤੇ ਰਾਜ ਦਰਮਿਆਨ ਹਿੱਸਾ 60:40 ਕਰ ਦਿਤਾ ਗਿਆ ਹੈ। ਇਸ ਸਕੀਮ ਦਾ ਮੁੱਖ ਮੰਤਵ ਕਣਕ, ਦਾਲਾਂ, ਮੱਕੀ, ਗੰਨਾ ਅਤੇ ਕਪਾਹ ਹੇਠ ਰਕਬਾ ਵਧਾ ਕੇ ਉਤਪਾਦਨ ਅਤੇ ਉਤਪਾਦਕਤਾ ਵਧਾਉਣਾ ਹੈ। ਇਸ ਸਕੀਮ ਅਧੀਨ ਕਣਕ ਅਤੇ ਮੂੰਗੀ ਦਾ ਬੀਜ ਸਬਸਿਡੀ ਦਿਤਾ ਜਾਂਦਾ ਹੈ। ਸਕੀਮ ਅਧੀਨ ਕਣਕ, ਦਾਲਾਂ, ਮੱਕੀ, ਗੰਨਾ ਅਤੇ ਕਪਾਹ ਦੇ ਪ੍ਰਦਰਸ਼ਨੀ ਪਲਾਂਟ ਲਗਾਏ ਜਾਂਦੇ ਹਨ।

### ਪੰਜਾਬ ਮੰਡੀ ਬੋਰਡ

ਪੰਜਾਬ ਵਿੱਚ ਖੇਤਾਂ/ਮੰਡੀਆਂ ਵਿੱਚ ਕੰਮ ਕਰਦੇ ਕਿਸਾਨਾਂ/ਸਬੰਧਤ ਮਜ਼ਦੂਰਾਂ ਨਾਲ ਵਾਪਰਨ ਵਾਲੇ ਹਾਦਸਿਆਂ ਵਿੱਚ ਹਾਦਸਾਗ੍ਰਸਤ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ ਨਿਰਧਾਰਤ ਪਾਲਿਸੀ:

ਪੰਜਾਬ ਵਿੱਚ ਜੇਕਰ ਕਿਸਾਨ ਅਤੇ ਖੇਤੀ ਮਜ਼ਦੂਰ ਨਾਲ ਖੇਤ, ਮੰਡੀ ਰਸਤੇ ਜਾਂ ਘਰ ਵਿੱਚ ਖੇਤੀਬਾੜੀ ਦਾ ਕੋਈ ਕੰਮ ਕਰਦੇ ਸਮੇਂ ਹਾਦਸਾ ਵਾਪਰ ਜਾਵੇ ਜਾਂ ਅੰਗ ਨਕਾਰਾ ਹੋ ਜਾਵੇ ਜਾਂ ਮੰਡੀ ਮਜ਼ਦੂਰ ਨਾਲ ਮੰਡੀ ਵਿੱਚ ਮਾਰਕੀਟਿੰਗ ਕਰਦੇ ਸਮੇਂ ਹਾਦਸਾ ਪਾਵਰ ਜਾਵੇ ਜਾਂ ਅੰਗ ਨਕਾਰਿਆ ਜਾਵੇ ਉਸ ਸੂਰਤ ਵਿੱਚ ਬੋਰਡ ਦੀ ਨਿਰਧਾਰਤ ਪਾਲਿਸੀ ਅਨੁਸਾਰ ਹੇਠ ਲਿਖੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ:

| ਲੜੀ ਨੰ: | ਸਰੀਰਕ ਅੰਗਾਂ ਦੀ ਨਕਾਰਾਪਣ ਦੀ ਪ੍ਰਤੀਸ਼ਤਤਾ | ਨਿਰਧਾਰਿਤ ਕੀਤੀ ਜਾਣ ਵਾਲੀ ਵਿੱਤੀ ਸਹਾਇਤਾ |
|---|---|---|
| 1 | 25% ਤੋਂ 50% ਤੱਕ | ਰੁਪਏ 50,000/- |
| 2 | 51% ਤੋਂ 75% ਤੱਕ | ਰੁਪਏ 75,000/- |
| 3 | 76% ਤੋਂ 100% ਤੱਕ | ਰੁਪਏ 1,00,000/- |

ਮੌਤ ਦੇ ਕੇਸ ਵਿੱਚ ਵਿੱਤੀ ਸਹਾਇਤਾ ਦੀ ਰਕਮ ਇੱਕ ਲੱਖ ਰੁਪਏ ਤੋਂ ਵਧਾ ਕੇ ਦੋ ਲੱਖ ਰੁਪਏ ਕੀਤੀ ਗਈ ਹੈ। ਨਕਾਰਾਪਣ ਲਈ ਵਿੱਤੀ ਸਹਾਇਤਾ ਮੈਡੀਕਲ ਬੋਰਡ ਵੱਲੋਂ ਜਾਰੀ ਮੈਡੀਕਲ ਸਰਟੀਫਿਕੇਟ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ।

## ਯੂਥ ਸਰਵਿਸਜ਼ ਵਿਭਾਗ, ਪੰਜਾਬ

| ਲੜੀ ਨੰ: | ਸਕੀਮ ਦਾ ਨਾਂ | ਭਾਗ ਲੈਣ ਵਾਲੀਆਂ ਸੰਸਥਾਵਾਂ ਦਾ ਵੇਰਵਾ |
|---|---|---|
| 1. | ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ, ਕਾਲਜ ਵਿ:/ਵਿਦਿਆਰਥਣਾਂ +1, +2 ਦੇ ਵਿਦਿ:/ਵਿਦਿਆਰਥਣਾਂ ਅਤੇ 9ਵੀਂ ਅਤੇ 10ਵੀਂ ਦੇ ਵਿਦਿਆਰਥੀ/ਵਿਦਿਆਰਥਣਾਂ |
| 2. | ਹਾਈਕਿੰਗ ਟ੍ਰੈਕਿੰਗ ਕੈਂਪ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ, ਕਾਲਜ ਵਿ:/ਵਿਦਿਆਰਥਣਾਂ +1, +2 ਦੇ ਵਿਦਿ:/ਵਿਦਿਆਰਥਣਾਂ ਅਤੇ 9ਵੀਂ ਅਤੇ 10ਵੀਂ ਦੇ ਵਿਦਿਆਰਥੀ/ਵਿਦਿਆਰਥਣਾਂ |
| 3. | ਅੰਤਰਰਾਜੀ ਦੌਰੇ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ, ਕਾਲਜ ਵਿ:/ਵਿਦਿਆਰਥਣਾਂ +1, +2 ਦੇ ਵਿਦਿ:/ਵਿਦਿਆਰਥਣਾਂ |
| 4. | ਬੇਸਿਕ ਟ੍ਰੇਨਿੰਗ ਇਨ ਮਾਊਂਟੇਨੀਰਿੰਗ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ, ਕਾਲਜ ਵਿ:/ਵਿਦਿਆਰਥਣਾਂ +1, +2 ਦੇ ਵਿਦਿ:/ਵਿਦਿਆਰਥਣਾਂ |
| 5. | ਸੱਭਿਆਚਾਰਕ ਪ੍ਰੋਗਰਾਮ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ, ਕਾਲਜ ਵਿ:/ਵਿਦਿਆਰਥਣਾਂ +1, +2 ਦੇ ਵਿਦਿ:/ਵਿਦਿਆਰਥਣਾਂ |
| 6. | ਯੁਵਕ ਵਟਾਂਦਰਾ ਪ੍ਰੋਗਰਾਮ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ, ਕਾਲਜ ਵਿ:/ਵਿਦਿਆਰਥਣਾਂ +1, +2 ਦੇ ਵਿਦਿ:/ਵਿਦਿਆਰਥਣਾਂ |
| 7. | ਟੀਚਰ ਟ੍ਰੇਨਿੰਗ ਕੈਂਪ | ਸਕੂਲਾਂ/ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕ ਆਦਿ |
| 8. | ਪੰਜਾਬ ਰਾਜ ਯੁਵਕ ਸਿਖਲਾਈ ਅਤੇ ਵਿਕਾਸ ਕੇਂਦਰ | ਕਲੱਬਾਂ ਦੇ ਗੈਰਵਿਦਿਆਰਥੀ/ਵਿਦਿਆਰਥਣਾਂ |

## ਬਾਗਬਾਨੀ ਵਿਭਾਗ ਪੰਜਾਬ

ਪੰਜਾਬ ਸਰਕਾਰ ਦੀ ਯੋਗ ਅਗਵਾਈ ਅਧੀਨ ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਕੌਮੀ ਮਿਸ਼ਨ ਤਹਿਤ ਜਿਮੀਦਾਰਾਂ, ਉਦੱਮੀਆਂ, ਫਲਦਾਰ ਬੂਟਿਆਂ ਦੇ ਨਰਸਰੀ ਮਾਲਕਾਂ ਅਤੇ ਬਾਗਬਾਨੀ ਕਿੱਤੇ ਦੇ ਹੋਰ ਚਾਹਵਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਗਬਾਨੀ ਦੇ ਸਮੁੱਚੇ ਵਿਕਾਸ ਲਈ ਵੱਖ ਵੱਖ ਸਕੀਮਾਂ, ਪ੍ਰੋਜੈਕਟਾਂ ਅਧੀਨ ਦਿੱਤੇ ਗਏ ਪ੍ਰੋਗਰਾਮਾਂ ਲਈ ਸਹਾਇਤਾ ਰਾਸ਼ੀ ਦਿੱਤੀ ਜਾ ਰਹੀ ਹੈ।

ਇਸ ਮਿਸ਼ਨ ਦੇ ਪ੍ਰੋਗਰਾਮ ਕਲੱਸਟਰ ਏਰੀਆ ਅਪਰੋਚ ਅਧੀਨ ਲਾਗੂ ਕੀਤੇ ਜਾ ਰਹੇ ਹਨ। ਕਲੱਸਟਰ-1 ਵਿੱਚ ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਸੰਗਰੂਰ, ਫਾਜ਼ਿਲਕਾ ਅਤੇ ਬੰਠਿਡਾ ਜ਼ਿਲ੍ਹੇ ਨਿੰਬੂ ਜਾਤੀ, ਅਮਰੂਦ ਆਦਿ ਦੀ ਖੇਤੀ ਲਈ ਰੱਖੇ ਗਏ ਹਨ। ਕਲੱਸਟਰ-2 ਵਿੱਚ ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਐਸ੍ਰਏਐਸ੍ਰ ਨਗਰ ਜ਼ਿਲ੍ਹੇ ਲੀਚੀ, ਆੜੂ, ਅਮਰੂਦ ਅਤੇ ਨਾਸ਼ਪਤੀ ਦੀ ਖੇਤੀ ਲਈ ਰੱਖੇ ਗਏ ਹਨ। ਕਲੱਸਟਰ-3 ਵਿੱਚ ਲੁਧਿਆਣਾ, ਕਪੂਰਥਲਾ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਜਲੰਧਰ ਜਿਲ੍ਹੇ ਫੁੱਲਾਂ, ਐਰੋਮੈਟਿਕ ਪਲਾਂਟਸ, ਮਸਾਲਿਆਂ ਦੀ ਖੇਤੀ ਅਤੇ ਸਬਜ਼ੀਆਂ ਦੇ ਬੀਜ ਉਤਪਾਦਨ ਲਈ ਰੱਖੇ ਹਨ।

ਬਾਗਬਾਨੀ ਵਿਭਾਗ ਵੱਲੋਂ ਬਾਗਬਾਨੀ ਦੇ ਸਮੁੱਚੇ ਵਿਕਾਸ ਲਈ ਜ਼ਿਮੀਦਾਰਾਂ ਨੂੰ ਹੇਠ ਲਿਖੀਆਂ ਸਕੀਮਾਂ ਅਧੀਨ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ:

**ਕੇਂਦਰੀ ਸਕੀਮ : ਨੈਸ਼ਨਲ ਬਾਗਬਾਨੀ ਮਿਸ਼ਨ**

| **ਲੜੀ** | **ਪ੍ਰੋਗਰਾਮ** | **ਮੰਨਜੂਰਸੁਦਾ ਲਾਗਤ** | **ਸਹਾਇਤਾ ਦਾ ਪੈਟਰਨ੍ਹ ਮੰਨਜੂਰ ਲਾਗਤ ਅਨੁਸਾਰ** |
|---|---|---|---|
| 1. | ੳ) ਮਾਡਲ/ਵੱਡੀ ਨਰਸਰੀ (2-4 ਹੈਕ:) | 6.25 ਲੱਖ ਰੁ:/1 ਹੈ: ਯੂਨਿਟ | |
| | ਅ) ਛੋਟੀ ਨਰਸਰੀ (1 ਹੈਕ:) | 6.25 ਲੱਖ ਰੁ: | 50% ਵੱਧ ਤੋਂ ਵੱਧ 3.125 ਲੱਖ ਰੁ: ਕਰੈਡਿਟ ਲਿੰਕਡ ਬੈਂਕ ਏਡਿਡ ਸਬਸਿਡੀ |
| | ੲ) ਮੌਜੂਦਾ ਟਿਸ਼ੂ ਕਲਚਰ ਲੈਬ ਨੂੰ ਮਜ਼ਬੂਤ ਕਰਨਾ | 15 ਲੱਖ ਰੁ:/ਯੂਨਿਟ, ਪ੍ਰੋਜੈਕਟ ਅਧਾਰਤ | 50% ਕਰੈਡਿਟ ਲਿੰਕਡ ਬੈਂਕ ਏਡਿਡ ਸਬਸਿਡੀ |
| | ਸ) ਨਵੇਂ ਟਿਸ਼ੂ ਕਲਚਰ ਸਥਾਪਿਤ ਕਰਨਾ | 100 ਲੱਖ ਰੁਪ:/ਯੂਨਿਟ | 50 % ਕਰੈਡਿਟ ਲਿੰਕਡ ਬੈਕ ਏਡਿਡ ਸਬਸਿਡੀ |
| | ਹ) ਸਬਜ਼ੀਆਂ ਦਾ ਬੀਜ ਉਤਪਾਦਨ ਅਤੇ ਵੰਡ | 0.50 ਲੱਖ ਰੁ:/ਹੈਕ: | 50 % ਕਰੈਡਿਟ ਲਿੰਕਡ ਅਤੇ ਬੈਂਕ ਏਡਿਡ ਸਬਸਿਡੀ |
| | ਕ) ਸੀਡ ਇੰਨਫਰਾਸਟਰੱਕਚਰ ਬਾਗਬਾਨੀ ਫਸਲਾਂ ਦੀ ਹੈਂਡਲਿੰਗ, ਪ੍ਰੋਸੈਸਿੰਗ ਪੈਕਿੰ ਅਤੇ ਸਟੋਰੇਜ ਆਦਿ ਲਈ | 200 ਲੱਖ ਰੁ:/ਪ੍ਰੋਜੈਕਟ | 50 % ਕਰੈਡਿਟ ਲਿੰਕਡ ਬੈਂਕ ਏਡਿਡ ਸਬਸਿਡੀ |
| 2. ਨਵੇਂ ਬਾਗ ਲਗਾਉਣੇ (ਰਕਬੇ ਦਾ ਵਿਸਥਾਰ), ਵੱਧ ਤੋਂ ਵੱਧ 4 ਹੈਕ : ਪ੍ਰਤੀ ਲਾਭਪਾਤਰੀ | | | |
| 2.1 | **ਫਲ** | | |
| | ੳ) ਕੇਲਾ (ਟਿਸ਼ੂ ਕਲਚਰ ਬੂਟੇ) | | |
| | ਅ) ਨਵੇਂ ਬਾਗ ਲਗਾਉਣਾ (ਸਧਾਰਣ ਫਾਸਲੇ ਤੇ) ਕਿੰਨੂ, ਅਮਰੂਦ | 83,000 ਰ:/ਹ: | 50% (75:25) ਦੀਆਂ ਦੋ ਕਿਸ਼ਤਾਂ ਵਿਚ ਪਹਿਲੇ ਸਾਲ 31125 ਰੁ: |
| | ਅ) ਨਵੇਂ ਬਾਗ ਲਗਾਉਣਾ (ਸਧਾਰਣ ਫਾਸਲੇ ਤੇ) ਕਿੰਨੂ, ਅਮਰੂਦ | 21950-35340 ਰੁ:/ਹੈਕ 21950 ਰੁ:/ਹੈਕ | 75%60:20:20 ਦੀਆਂ 3 ਕਿਸ਼ਤਾਂ ਵਿੱਚ ਪਹਿਲੇ ਸਾਲ- 15309 ਰੁ:, ਦੂਜੇ ਸਾਲ- 5301 ਰੁ: ਤੀਜੇ ਸਾਲ- 5301 ਰੁ: ਪਹਿਲੇ ਸਾਲ- 9877 ਰੁ:, ਦੂਜੇ ਸਾਲ- 3292 ਰੁ:, ਤੀਜੇ ਸਾਲ- 3292 ਰੁ: |
| | ੲ) ਨਵੇਂ ਬਾਗ ਲਗਾਉਣਾ (ਹਾਈਡੈਂਸਟੀ) ਕਿੰਨੂ | 50 ਲੱਖ ਰੁ:/ਯੂਨਿਟ | 50%, 60:20:20 ਦੀਆਂ 3 ਕਿਸ਼ਤਾਂ ਸਾਲ- 8000 ਰੁ: |
| 2.2 | **ਖੁੰਬਾਂ** | | |
| | ੳ) ਇੰਟੀਗਰੇਟਡ ਖੁੰਬ ਯੂਨਿਟ, (ਸਪਾਨ, ਕੰਪੋਸਟ ਖਾਦ ਅਤੇ ਟ੍ਰੇਨਿੰਗ ਯੂਨਿਟ) | 50 ਲੱਖ ਰੁ:/ਯੂਨਿਟ | 50%, ਕਰੈਡਿਟ ਲਿੰਕਡ ਬੈਂਕ ਏਡਿਡ ਸਬਸਿਡੀ |
| | ਅ) ਸਪਾਨ ਬਣਾਉਣ ਦਾ ਯੂਨਿਟ | 15 ਲੱਖ ਰੁ:/ਯੂਨਿਟ | ਉਹੀ |
| | ੲ) ਕੰਪੋਸਟ ਖਾਦ ਬਣਾਉਣ ਦਾ ਯੂਨਿਟ | 20 ਲੱਖ ਰੁ:/ਯੂਨਿਟ | ਉਹੀ |

| ਲੜੀ | ਪ੍ਰੋਗਰਾਮ | ਮੰਨਜੂਰਸ਼ੁਦਾ ਲਾਗਤ | ਸਹਾਇਤਾ ਦਾ ਪੈਟਰਨ੍ਹ ਮੰਨਜੂਰ ਲਾਗਤ ਅਨੁਸਾਰ |
|---|---|---|---|
| 2.3 ਫੁੱਲ (ਵੱਧ ਤੋਂ ਵੱਧ 2 ਹੈਕ) | | | |
| | ਕੱਟ ਫਲਾਵਰ | 70000 ਰੁ:/ਹੈਕ: | 50%, ਛੋਟੇ ਅਤੇ ਸੀਮਾਂਤ ਕਿਸਾਨਾਂ ਲਈ 33%, ਬਾਕੀ ਦੇ ਕਿਸਾਨਾਂ ਲਈ |
| **2.4** | ਮਸਾਲੇਦਾਰ ਫਸਲਾਂ, (ਵੱਧ ਤੋਂ ਵੱਧ 4 ਹੈਕ:) | 25,000ਰੁ:/ਹੈਕ | 50%, ਵੱਧ ਤੋਂ ਵੱਧ 12500/- ਰੁ: ਬੀਜ ਅਤੇ ਆਈ.ਪੀ.ਐਮ./ਆਈ.ਐਨ.ਐਮ. ਆਦਿ ਲਈ (ਸਰਟੀਫਿਕੇਟ ਬੀਜ਼ ਸਿਰਫ) |
| **2.5** | ਖ਼ੂਬਸੂਰਤ ਫਸਲਾਂ (ਵੱਧ ਤੋਂ ਵੱਧ 4 ਹੈਕ:) | 25,000 ਰੁ:/ਹੈਕ: | ਉਹੀ |
| **3** | ਬਾਗਾਂ ਨੂੰ ਮੁੜ ਸੁਰਜੀਤ ਕਰਨਾ (ਵੱਧ ਤੋਂ ਵੱਧ ਹੈਕ:) | 30,000 ਰੁ:/ਹੈਕ: | 50%, ਵੱਧ ਤੋਂ ਵੱਧ 15000/ ਰੁ:/ਹੈਕ: |
| 4 | **ਪਾਣੀ ਦੇ ਸਰੋਤ** | | |
| | ੳ) ਕਮਿਊਨਿਟੀ ਵਾਟਰ ਟੈਂਕ (ਪਲਾਸਟਿਕ/ਆਰ.ਸੀ.ਸੀ.ਲਾਇਨਿੰਗ) | 15 ਲੱਖ/ਯੂਨਿਟ | 100×10 ਹੈਕ: ਕਮਾਂਡ ਏਰੀਏ ਲਈ, ਟੈਕ ਸਾਇਜ਼ 100ਮੀ.ਘ100ਮੀ.ਘ3ਮੀ. ਜਾਂ ਟੈਂਕ ਦੇ ਸਾਇਜ਼ ਮੁਤਾਬਕ ਕਮਾਂਡ ਏਰੀਏ ਅਨੁਸਾਰ |
| | ਅ) ਵਿਅਕਤੀਗਤ ਵਾਟਰ ਹਾਰਵੈਸਟਿੰਗ | 1.20 ਲੱਖ ਰੁ:/ਯੂਨਿਟ | 50% ਲਾਇਨਿੰਗ ਸਮੇਤ, ਟੈਂਕ ਸਾਇਜ਼ 20 ਮੀ.ਘ. 20 ਮੀ.ਘ. 3 ਮੀ., ਜਾਂ ਟੈਕ ਦੇ ਸਾਇਜ਼ ਅਨੁਸਾਰ 100/- ਰੁ: ਪ੍ਰਤੀ ਕਿਊਬਕ ਮੀ. |
| 5 | **ਪ੍ਰੋਟੈਕਟਿਡ ਕਲਟੀਵੇਸ਼ਨ** | | |
| **5.1** | **ਗ੍ਰੀਨ ਹਾਊਸ** | | 50%, ਵੱਧ ਤੋਂ ਵੱਧ 4000 ਵ: ਮੀ./ਲਾਭਪਾਤਰੀ |
| | ੳ) ਪੱਖੇ ਅਤੇ ਪੈਡ ਸਿਸਟਮ | 1465 ਰੁ:/ਵ: ਮੀ | |
| | ਅ) ਨੈਚੂਰਲੀ ਵੈਂਟੀਲੇਟਿਡ ਸਿਸਟਮ | | ਉਹੀ |
| | ਟਿਊਬਲਰ ਢਾਂਚਾ | 935 ਰੁ:/ਵ:ਮੀ: | ਉਹੀ |
| | ਲੱਕੜੀ ਢਾਂਚਾ | 515 ਰੁ:/ ਵ: ਮੀ: | ਉਹੀ |
| | ਬਾਂਸ ਢਾਂਚਾ | 375 ਰੁ:/ਵ:ਮੀ. | 50%, ਵੱਧ ਤੋਂ ਵੱਧ 2 ਹੈਕ: /ਲਾਭਪਾਤਰੀ |
| **5.2** | ਪਲਾਸਟਿਕ ਮਲਚਿੰਗ | 20,000 ਰੁ:/ਹੈਕ: | |
| **5.3** | **ਸ਼ੈਡ ਨੈਟ ਹਾਊਸ** | | 4000 ਵ:ਮੀ: |
| | ੳ) ਟਿਊਬਲਰ ਢਾਂਚਾ | 600 ਰੁ: ਵ:ਮੀ. | ਉਹੀ |
| | ਅ) ਲੱਕੜ ਢਾਚਾ | 410 ਰੁ: ਵ: ਮੀ. | ਉਹੀ |
| | ੲ) ਬਾਂਸ ਢਾਂਚਾ | 300 ਰੁ:/- ਵ: ਮੀ. | 50%, ਵੱਧ ਤੋਂ ਵੱਧ 1000 ਵ: ਮੀ/ਲਾਭਪਾਤਰੀ |
| **5.4** | ਪਲਾਸਟਿਕ ਟੰਨਲਜ਼ | 30 ਰੁ:/ਵ:ਮੀ. | 50%, ਵੱਧ ਤੋਂ ਵੱਧ 5000 ਵ: ਮੀ/ਲਾਭਪਾਤਰੀ |
| **5.5** | ਪੰਛੀਆਂ/ਗੜਿਆਂ ਤੋਂ ਬਚਾਅ ਲਈ ਨੈੱਟ | 20/-/ ਵ.ਮੀ. | 50%, ਵੱਧ ਤੋਂ ਵੱਧ 4000 ਵ: ਮੀ/ਲਾਭਪਾਤਰੀ |
| **5.6** | ਪੋਲੀਹਾਊਸ/ਸ਼ੈਡ ਨੈੱਟ ਹਾਊਸ ਵਿਚ ਉੱਚ ਕੀਮਤ ਸਬਜ਼ੀਆਂ ਉਗਾਉਣ ਵਾਸਤੇ ਪਲਾਂਨਿੰਗ ਮਟੀਰੀਅਲ ਅਤੇ ਇੰਨਪੁਟਸ ਲਈ | 105/ਰੁ: /ਵ:ਮੀ. | 50%, ਵੱਧ ਤੋਂ ਵੱਧ 4000 ਵ: ਮੀ/ਲਾਭਪਾਤਰੀ ਕੇਵਲ ਇੱਕ ਵਾਰ |
| **5.7** | ਪੋਲੀਹਾਊਸ/ਸ਼ੈਡ ਨੈੱਟ ਹਾਉਸ ਵਿੱਓ ਉੱਚ ਕੀਮਤ ਸਬਜੀਆਂ ਉਗਾਉਣ ਵਾਸਤੇ ਪਲਾਂਟਿੰਗ ਮਟੀਰੀਅਲ ਅਤੇ ਇੰਨਪੁਟਸ ਲਈ | 105/- ਰੁ: /ਵ:ਮੀ: | 50%, ਵੱਧ ਤੋਂ ਵੱਧ 4000 ਵ: ਮੀ/ਲਾਭਪਾਤਰੀ ਕੇਵਲ ਇੱਕ ਵਾਰ |

| ਲੜੀ | ਪ੍ਰੋਗਰਾਮ | ਮੰਨਜੂਰਸ਼ੁਦਾ ਲਾਗਤ | ਸਹਾਇਤਾ ਦਾ ਪੈਟਰਨ੍ ਮੰਨਜੂਰ ਲਾਗਤ ਅਨੁਸਾਰ |
|---|---|---|---|
| 6. | **ਇੰਟੀਗਰੇਟਿ ਨਿਊਟਰੀਐਂਟਸ ਮੈਨੇਜ਼ਮੈਂਟ (ਆਈ.ਐਨ.ਐਮ.)/ ਇੰਟੀਗਰੇਟਿਡ ਪੈਸਟ ਮੈਨੇਜ਼ਮੈਂਟ (ਆਈ.ਪੀ.ਐਮ.)** | | |
| 6.1 | ਆਈ.ਐਨ.ਐਮ./ਆਈ.ਪੀ.ਐਮ ਨੂੰ ਉਤਸ਼ਾਹਿਤ ਕਰਨਾ (ਵੱਧ ਤੋਂ ਵੱਧ 4 ਹੈਕ:) | 2000/= ਰੁ:/ਹੈਕ: | 50%, ਵੱਧ ਤੋਂ ਵੱਧ 1000/= ਰੁ:/ਹੈਕ: |
| 6.2 | ਬਾਇਓ ਕੰਟਰੋਲ ਲੈਬ | 80 ਲੱਖ ਰੁ:/ਯੂਨਿਟ | ਨਿੱਜੀ ਖੇਤਰ ਵਿੱਚ 50%, ਕਰੈਡਿਟ ਲਿੰਕਡ ਬੈਂਕ ਏਡਿਡ ਸਬਸਿਡੀ ਵਜੋਂ |
| 6.3 | ਪਲਾਂਟ ਹੈਲਥ ਕਲੀਨਿਕ | 20 ਲੱਖ ਰੁ: ਯੂਨਿਟ | ਉਹੀ |
| 6.4 | ਪੱਤਾ/ਟਿਸੂ ਵਿਸਲੇਸ਼ਣ ਲੈਬ | 20 ਲੱਖ ਰੁ:/ਯੂਨਿਟ | ਉਹੀ |
| 7. | **ਜੈਵਿਕ ਖੇਤੀ (ਵੱਧ ਤੋਂ ਵੱਧ 4 ਹੈਕ: ਰਕਬੇ ਲਈ)** | | |
| | ਵਰਮੀ ਕੰਪੋਸਟ ਯੂਨਿਟਸ | 60,000/- ਰੁ: ਯੂਨਿਟ, ਸਥਾਈ ਢਾਂਚੇ ਲਈ ਅਤੇ 10000/- ਰੁ:/ਯੂਨਿਟ ਐਚ.ਡੀ.ਪੀ.ਈ. ਵਰਮੀ ਬੈਂਡ ਲਈ | 50% ਸਥਾਈ ਯੂਨਿਟ ਦਾ ਸਾਇਜ਼ 30' x 8'x 2.5'<br>50%, ਐਚ.ਡੀ.ਪੀ.ਈ. ਵਰਮੀ ਬੈਂਡ ਦਾ ਸਾਇਜ਼ 12'x 4'x 2' |
| 8. | ਗੁੱਡ ਐਗਰੀਕਲਚਰਲ ਪ੍ਰੈਕਟਿਸਿਜ਼ ਦੀ ਸਰਟੀਫਿਕੇਸ਼ਨ ਢਾਂਚੇ ਸਮੇਤ | 10000/= ਰੁ:/ਹੈਕ: | 50%, |
| 9. | **ਸ਼ਹਿਦ ਦੀਆਂ ਮੱਖੀਆਂ ਰਾਹੀਂ ਪਰਪ੍ਰਾਗਣ ਵਧਾਉਣਾ** | | |
| | ੳ) ਬੀ ਬ੍ਰੀਡਰ ਦੁਆਰਾ ਬੀ ਕਲੋਨੀਜ਼ ਦਾ ਉਤਪਾਦਨ | 6 ਲੱਖ ਰੁ: | 50%, ਘੱਟੋ ਘੱਟ 2000 ਕਲੋਨੀਜ਼/ਸਾਲ ਦੇ ਉਤਪਾਦਨ ਲਈ |
| | ਅ) ਹਨੀ-ਬੀ ਕਲੋਨੀ (4 ਫਰੇਮਾਂ) ਫੂਡ ਗਰੇਡ ਕੰਨਟੇਨਰ (30 ਕਿੱਲੋ) ਨੈਟ ਆਦਿ। | | |
| 10 | ਬਾਗਬਾਨੀ ਮਸ਼ੀਨੀਕਰਨ | | |
| | ੳ) ਪਾਵਰ ਓਪਰੇਟਿਡ ਮਸ਼ੀਨਜ਼/ ਟੂਲਜ਼ ਸਮੇਤ ਪਾਵਰ ਸਾਅ ਅਤੇ ਪਲਾਂਟ ਪ੍ਰੋਟੈਕਸ਼ਨ ਉਪਕਰਣ ਆਦਿ | 35,000 ਰੁ:/ਸੈਟ | 50%, ਵੱਧ ਤੋਂ ਵੱਧ ਇੱਕ ਸੈਟ/ਲਾਭਪਾਤਰੀ |
| | ਅ) ਪਾਵਰ ਮਸ਼ੀਨ (20 ਹਾਰਸ ਪਾਵਰ ਤੱਕ) ਰੋਟਾਵੇਟਰ/ਉਪਕਰਣ ਸਮੇਤ | 1.20 ਲੱਖ ਰੁ:/ਸੈਟ | ਉਹੀ |
| | ੲ) ਪਾਵਰ ਮਸ਼ੀਨ (20 ਹਾਰਸ ਪਾਵਰ ਤੋਂ ਉੱਪਰ) ਅਕਸੈਸਰੀਜ਼/ਉਪਕਰਨਾਂ ਸਮੇਤ | 3 ਲੱਖ ਰੁ:/ਸੈਟ | ਉਹੀ |
| 11. | **ਇੰਟੀਗ੍ਰੇਟਿਡ ਪੋਸਟ ਹਾਰਵੈਸਟ ਮੈਨੇਂਜਮੈਂਟ** | | |
| 12 | **ਬਾਗਬਾਨੀ ਉਤਪਾਦਨ ਦੇ ਮੰਡੀਕਰਣ ਲਈ ਢਾਂਚੇ ਦੀ ਸਥਾਪਨਾ** | | |
| 13 | **ਸੈਂਟਰ ਆਫ ਐਕਸੀਲੈਂਸ** | | |

# ਅਧਿਆਇ 9

# ਭੂਮੀ ਅਤੇ ਜਲ ਸੰਭਾਲ ਵਿਭਾਗ, ਪੰਜਾਬ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ

## ਪਿਛੋਕੜ ਅਤੇ ਬਣਤਰ

ਪੰਜਾਬ ਨੇ ਪਿਛਲੇ ਚਾਰ ਦਹਾਕਿਆਂ ਵਿੱਚ ਖੇਤੀਬਾੜੀ ਉਤਪਾਦਨ ਵਿੱਚ ਬੇਮਿਸਾਲ ਕਾਮਯਾਬੀ ਹਾਸਲ ਕੀਤੀ ਅਤੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿੱਚ ਸਵੈ ਨਿਰਭਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਵੱਧ ਪੈਦਾਵਾਰ ਲੈਣ ਲਈ ਅਸੀਂ ਦੋ ਕੁਦਰਤੀ ਨਿਆਮਤਾਂ ਆਪਣੀ ਭੂਮੀ ਅਤੇ ਪਾਣੀ ਜ਼ਰੂਰਤ ਤੋਂ ਵੱਧ ਵਰਤੋਂ ਕੀਤੀ। ਰਾਜ ਵਿੱਚ ਇਸ ਵੇਲੇ 189 ਫੀਸਦੀ ਫਸਲੀ ਘਣਤਾ ਹੈ ਜਿਸ ਦਾ ਮਤਲਬ ਅਸੀਂ ਲੱਗਪਗ 90 ਫੀਸਦੀ ਤੋਂ ਵੱਧ ਵਾਹੀਯੋਗ ਰਕਬੇ ਵਿੱਚੋਂ 2 ਜਾਂ 2 ਤੋਂ ਵੱਧ ਫਸਲਾ ਲੈਂਦੇ ਹਾਂ।

ਭੂਮੀ ਅਤੇ ਪਾਣੀ ਸੰਭਾਲ ਵਿਭਾਗ ਸਾਲ 1969 ਵਿੱਚ ਹੋਂਦ ਵਿੱਚ ਆਇਆ ਸੀ। ਇਸ ਵਿਭਾਗ ਦਾ ਮੰਤਵ ਰਾਜ ਦੇ 2 ਮਹੱਤਵਪੂਰਨ ਕੁਦਰਤੀ ਸਾਧਨਾਂ, ਭੂਮੀ ਅਤੇ ਪਾਣੀ ਦੀ ਸੰਭਾਲ ਕਰਨਾ ਹੈ। ਮਨੁੱਖਤਾ, ਜਾਨਵਰਾਂ ਅਤੇ ਪੌਦਿਆਂ ਦੀ ਹੋਂਦ ਇਨ੍ਹਾਂ ਸਾਧਨਾਂ ਤੇ ਨਿਰਭਰ ਕਰਦੀ ਹੈ। ਇਹ ਵਿਭਾਗ ਇਨ੍ਹਾਂ ਸਾਧਨਾਂ ਦੀ ਸੁਰੱਖਿਆ, ਮਿਆਰ ਵਿੱਚ ਵਾਧਾ ਕਰਨ ਅਤੇ ਉਚਿੱਤ ਵਰਤੋਂ ਕਰਨ ਦੀਆਂ ਸਕੀਮਾਂ ਬਣਾਉਦਾ ਅਤੇ ਲਾਗੂ ਕਰਦਾ ਹੈ।

ਰਾਜ ਦੇ ਲੱਗਪਗ 70 ਫੀਸਦੀ ਰਕਬੇ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਜਿਸ ਖਤਰਨਾਕ ਤਰੀਕੇ ਨਾਲ ਥੱਲੇ ਜਾ ਰਿਹਾ ਹੈ, ਉਸ ਨਾਲ ਸਥਿਰਤਾ ਨੂੰ ਖਤਰਾ ਹੋ ਗਿਆ ਹੈ। ਇਸ ਵੇਲੇ ਰਾਜ ਦੇ ਕੁੱਲ 142 ਬਲਾਕਾਂ ਵਿੱਚੋਂ 110 ਬਲਾਕਾਂ ਵਿੱਚ ਲੋੜ ਤੋਂ ਵੱਧ ਪਾਣੀ ਜ਼ਮੀਨ ਵਿੱਚੋਂ ਕੱਢਿਆ ਜਾ ਰਿਹਾ ਹੈ ਜਿਸ ਨਾਲ ਹਰ ਸਾਲ ਲਗਪਗ 50 ਸੈਂਟੀਮੀਟਰ ਦੀ ਔਸਤਨ ਦਰ ਨਾਲ ਜ਼ਮੀਨ ਹੇਠਲੇ ਜਲ ਦਾ ਪੱਧਰ ਡਿੱਗ ਰਿਹਾ ਹੈ। ਇਸ ਤੋਂ ਇਲਾਵਾ ਰਾਜ ਦੀ 39 ਫੀਸਦੀ ਤੋਂ ਵੱਧ ਖੇਤੀਯੋਗ ਭੂਮੀ ਵੱਖ ਵੱਖ ਕਿਸਮ ਦੀਆਂ ਗਿਰਾਵਟਾਂ ਦੀ ਸ਼ਿਕਾਰ ਹੈ। ਲੋੜ ਤੋਂ ਵੱਧ ਰਸਾਇਣਕ ਖਾਦਾਂ ਨੇ ਭੂਮੀ ਵਿੱਚ ਪੈਦਾਵਾਰ ਲਈ ਜ਼ਰੂਰੀ ਕੁਦਰਤੀ ਤੱਤਾਂ ਦੀ ਕਮੀ ਕਰ ਦਿੱਤੀ ਹੈ ਅਤੇ ਭੂਮੀ ਵਿੱਚ ਜ਼ਹਿਰੀਲੇ ਤੱਤਾਂ ਦੀ ਮਾਤਰਾ ਵਧ ਗਈ ਹੈ। ਰਾਜ ਵਿੱਚ ਤਕਰੀਬਨ 19 ਫੀਸਦੀ ਭੂਮੀ ਕਿਸੇ ਨਾ ਕਿਸੇ ਸਮੱਸਿਆ ਜਿਵੇਂ ਕਿ ਨੀਮਪਹਾੜੀ, ਉਚਾ ਨੀਵਾਂ ਰਕਬਾ, ਸੇਮ ਅਤੇ ਲੂਣ ਵਾਲੀਆਂ ਜ਼ਮੀਨਾਂ, ਦਰਿਆਵਾਂ ਕੰਢੇ ਕੱਟੀਆਂ ਵੱਢੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਆਦਿ ਨਾਲ ਪ੍ਰਭਾਵਤ ਹੈ, ਜਿਨ੍ਹਾਂ ਵਿੱਚ ਪੂਰੀ ਪੈਦਾਵਾਰ ਨਹੀਂ ਹੋ ਸਕਦੀ।

ਭੂਮੀ ਅਤੇ ਜਲ ਭੰਡਾਰ ਵਿਭਾਗ, ਪੰਜਾਬ ਦਾ ਮੁੱਖ ਕੰਮ ਖੇਤੀਬਾੜੀ ਵਿੰਚ ਸਿੰਚਾਈ ਦੇ ਪਾਣੀ ਦੀ ਵਰਤੋਂ ਵਿੱਚ ਨਿਪੁੰਨਤਾ ਲਿਆਉਣ ਅਤੇ ਭੂਮੀ ਸੋਮੇ ਦਾ ਉਤਪਾਦਨ ਲਈ ਵਿਕਾਸ ਕਰਨਾ ਅਤੇ ਇਸ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਣਾ ਹੈ। ਇਸ ਵਿਭਾਗ ਵੱਲੋਂ ਵੱਖ ਵੱਖ ਸਮੱਸਿਆਵਾਂ ਨਾਲ ਪ੍ਰਭਾਵਿਤ ਭੂਮੀ ਦੇ ਸੁਧਾਰ ਲਈ ਅਤੇ ਖੇਤੀ ਵਿੱਚ ਸਿੰਚਾਈ ਪਾਣੀ ਵਰਤੋਂ ਵਿੱਚ ਨਿਪੁੰਨਤਾ ਲਿਆ ਕੇ ਪਾਣੀ ਲਾਗਤ ਨੂੰ ਘੱਟ ਕਰਨ ਲਈ ਕਈ ਸਕੀਮਾਂ ਚਲਾਈਆਂ ਗਈਆਂ ਹਨ।

### ਵਿਭਾਗ ਦੇ ਮੁੱਖ ਕੰਮ:

- ਖੇਤੀ ਪਾਣੀ ਦੀ ਸੰਭਾਲ ਲਈ ਮਾਈਕਰੋ ਇਰੀਗੇਸ਼ਨ (ਡਰਿਪ ਅਤੇ ਸਪਰਿੰਗਕਲਰ) ਨੂੰ ਉਤਸ਼ਾਹਿਤ ਕਰਨਾ।
- ਸਿੰਚਾਈ ਪਾਣੀ ਦੀ ਉਚਿਤ ਵਰਤੋਂ ਲਈ ਜ਼ਮੀਨਦੋਜ਼ ਨਾਲੀਆਂ ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ।
- ਕੰਢੀ ਰਕਬੇ ਵਿੱਚ ਵਰਖਾ ਦੇ ਪਾਣੀ ਦੀ ਸੰਭਾਲ, ਮੁੜ ਵਰਤੋਂ ਅਤੇ ਰੀਚਾਰਜ ਕਰਨ ਲਈ ਰੇਨਵਾਟਰ ਹਾਰਵੈਸਟਿੰਗ ਸਟਰਕਚਰ ਬਣਾਉਣੇ।
- ਬੰਜਰ/ਗਿਰਾਵਟ ਵਾਲੀ ਭੌਂ ਦਾ ਵਾਟਰਸ਼ੈੱਡ ਅਧਾਰ ਤੇ ਸੁਧਾਰ ਅਤੇ ਵਿਕਾਸ ਕਰਨਾ।

**ਵਿਭਾਗ ਦੀਆਂ ਮੁੱਖ ਸਕੀਮਾਂ ਦਾ ਵੇਰਵਾ**

**ਕੇਂਦਰੀ ਪ੍ਰਯੋਜਿਤ ਸਕੀਮਾਂ**

(1) **ਮਾਈਕਰੋ ਮੈਨੇਜ਼ਮੈਂਟ ਐਗਰੀਕਲਚਰ ਵਰਕ ਪਲੈਨ ਫਾਰ ਸਾਇਲ ਕੰਜ਼ਰਵੇਸ਼ਨ**

(**ਫੰਡ ਢਾਚਾਂ**: 90% ਭਾਰਤ ਸਰਕਾਰ ਅਤੇ 10% ਰਾਜ ਸਰਕਾਰ)

**ਮੁੱਖ ਉਪ ਸਕੀਮਾਂ:**

- **ਨੈਸ਼ਨਲ ਵਾਟਰਸ਼ੈਂਡ ਡਿਵੈਲਪਮੈਂਟ ਪ੍ਰੋਗਰਾਮ ਫਾਰ ਰੇਨਫੈਡ ਏਰੀਆ**

  **ਮੰਤਵ:** ਬਰਾਨੀ ਰਕਬੇ (ਕੰਢੀ ਏਰੀਆ) ਵਿੱਚ ਵਰਖਾ ਦੇ ਪਾਣੀ ਦੀ ਸੰਭਾਲ ਰਾਹੀਂ ਪੈਦਾਵਾਰ ਵਿੱਚ ਵਾਧਾ ਕਰਨਾ।

  **ਏਰੀਆ:** ਮੋਹਾਲੀ, ਰੋਪੜ, ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ।

  **ਪ੍ਰੋਜੈਕਟ ਏਰੀਆ:** 26 ਸਬਵਾਟਰਸ਼ੈਂਡਾਂ ਹੇਠ 31286 ਹੈਕਟੇਅਰ

  **ਪ੍ਰੋਜੈਕਟ ਲਾਗਤ:** 35.78 ਕਰੋੜ ਰੁਪਏ

  **ਮੁੱਖ ਕੰਮ:** ਵਾਟਰਸ਼ੈਂਡ ਆਧਾਰ ਤੇ ਪੇਂਡੂ ਕਮੇਟੀਆਂ ਰਾਹੀਂ ਵਾਟਰ ਹਾਰਵੈਸਟਿੰਗ, ਮਾਈਕਰੋ ਲਿਫਟ, ਚੈਕ ਡੈਮ, ਭੋਂ ਸੁਰੱਖਿਆ ਸਟਰਕਚਰਾਂ ਲਾਇਵਲੀਹੁੱਡ ਸਪੋਰਟ ਅਤੇ ਫਾਰਮ ਪ੍ਰੋਡਕਸ਼ਨ ਸਿਸਟਮ ਆਦਿ।

- **ਫਲੱਡ ਸੰਭਾਵੀ ਦਰਿਆ ਘੱਗਰ ਦੇ ਕੈਚਮੈਂਟ ਰਕਬੇ ਵਿੱਚ ਭੂਮੀ ਖੋਰ ਨੂੰ ਰੋਕਣ ਦੀ ਸਕੀਮ**

  **ਮੰਤਵ:** ਘੱਗਰ ਦਰਿਆ ਦੇ ਕੈਚਮੈਂਟ ਵਿੱਚ ਭੂਮੀ ਖੋਰ ਨੂੰ ਰੋਕਣਾ।

  **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** ਮੋਹਾਲੀ

  **ਪ੍ਰੋਜੈਕਟ ਏਰੀਆ:** 2 ਵਾਟਰਸ਼ੈਂਡਾਂ ਹੇਠ ਪੈਂਦਾ 1732 ਹੈਕਟੇਅਰ ਰਕਬਾ

  **ਮੁੱਖ ਕੰਮ:** ਛੋਟੇ ਚੈੱਕ ਡੈਮ, ਭੋਂਖੋਰ ਰੋਕੂ ਢਾਂਚੇ ਆਦਿ।

(2) **ਰੈਕਲਾਮੇਸ਼ਨ ਆਫ ਰੀਵਾਇਨ ਏਰੀਆ (ਟੀ.ਡੀ.ਈ.ਟੀ. ਸਕੀਮ)**

- **ਫੰਡ ਢਾਚਾਂ:** 100% ਭਾਰਤ ਸਰਕਾਰ
- **ਮੰਤਵ**: ਢਾਹੇ ਦੇ ਰਕਬੇ ਦਾ ਸੁਧਾਰ/ਵਿਕਾਸ
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** ਗੁਰਦਾਸਪੁਰ ਜ਼ਿਲ੍ਹਾ

(3) **ਨੈਸ਼ਨਲ ਮਿਸ਼ਨ ਆਨ ਮਾਈਕਰੋ ਇਰੀਗੇਸ਼ਨ**

- **ਫੰਡ ਢਾਚਾਂ:** 80% ਭਾਰਤ ਸਰਕਾਰ ਅਤੇ 20% ਰਾਜ ਸਰਕਾਰ
- **ਮੰਤਵ:** ਪਾਣੀ ਸੁਰੱਖਿਆ ਅਤੇ ਪੈਦਾਵਾਰ ਵਿੱਚ ਵਾਧਾ
- ਕਿਸਾਨਾਂ ਨੂੰ ਡਰਿੱਪ, ਮਾਈਕਰੋ ਸਪਰਿੰਕਲਰ ਅਤੇ ਸਪਰਿੰਕਲਰ ਸਿੰਚਾਈ ਪ੍ਰਣਾਲੀ ਤੇ 50 ਫੀਸਦੀ ਸਬਸਿਡੀ ਦਿੱਤਾ ਜਾਂਦਾ ਹੈ।
- ਛੋਟੇ/ਸੀਮਾਂਤ ਕਿਸਾਨਾਂ ਨੂੰ 60 ਫੀਸਦੀ ਸਬਸਿਡੀ ਉਪਲਬਧ।
- ਸਬਸਿਡੀ 5 ਹੈਕਟੇਅਰ ਰਕਬੇ ਤੱਕ ਉਪਲਬਧ ਹੈ।
- ਸਬਸਿਡੀ ਦੀ ਹੱਦ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੈ।
- ਸਾਰੀਆਂ ਬਾਗਬਾਨੀ ਅਤੇ ਗੈਰਬਾਗਬਾਨੀ ਫਸਲਾਂ ਤੇ ਸਹਾਇਤਾ
- **ਏਰੀਆ:** ਰਾਜ ਦੇ ਸਾਰੇ ਜ਼ਿਲ੍ਹੇ।

# ਰਾਜ ਪਲਾਨ ਸਕੀਮਾਂ

## (1) ਰਾਜ ਸਰਕਾਰ ਦੀ ਮਾਈਕਰੋ ਸਿੰਚਾਈ ਪ੍ਰਣਾਲੀ ਦਾ ਆਰ.ਆਈ.ਡੀ.ਐਫ. 16 ਪ੍ਰੋਜੈਕਟ

- **ਫੰਡ ਢਾਚਾਂ:** 95% ਨਾਬਾਰਡ ਕਰਜ਼ਾ ਅਤੇ 5% ਰਾਜ ਸਰਕਾਰ
- ਆਰ.ਆਈ.ਡੀ.ਐਫ.-13 ਚਾਲੂ ਪੁਰਾਣਾ ਪ੍ਰੋਜੈਕਟ
- ਆਰ.ਆਈ.ਡੀ.ਐਫ.-16 ਚਾਲੂ (2010-11 ਤੋਂ 2012-13) ਨਵਾਂ ਪ੍ਰੋਜੈਕਟ
- ਮਾਇਕਰੋ ਸਿੰਚਾਈ ਪ੍ਰਣਾਲੀ ਤੇ 25 ਫੀਸਦੀ ਵਾਧੂ ਸਬਸਿਡੀ
- ਦੱਖਣ ਪੱਛਮੀ ਜ਼ਿਲ੍ਹਿਆਂ ਵਿੱਚ ਪਾਣੀ ਭੰਡਾਰਨ ਟੈਂਕਾਂ ਤੇ 50 ਪ੍ਰਤੀਸ਼ਤ ਉਪਦਾਨ

## (2) ਸਕੀਮ ਫਾਰ ਕੰਜਰਵੇਸ਼ਨ ਆਫ ਇਰੀਗੇਸ਼ਨ ਵਾਟਰ ਥਰੂ ਅਸਿਸਟੈਂਸ ਆਨ ਯੂ.ਜੀ.ਪੀ.ਐਸ. (ਏ.ਸੀ.ਏ.)

- **ਫੰਡ ਢਾਚਾਂ:** 30% ਭਾਰਤ ਸਰਕਾਰ ਵੱਲੋਂ ਗਰਾਂਟ ਅਤੇ 70% ਰਾਜ ਸਰਕਾਰ ਨੂੰ ਕਰਜ਼ਾ
- **ਮੰਤਵ:** ਪਾਣੀ ਸੁਰੱਖਿਆ ਅਤੇ ਪੈਦਾਵਾਰ ਵਿੱਚ ਵਾਧਾ
- ਕਿਸਾਨਾਂ ਨੂੰ ਯੂ.ਜੀ.ਪੀ.ਐਸ. (ਆਰ.ਸੀ.ਸੀ./ਪੀ.ਵੀ.ਸੀ.) ਸਿੰਚਾਈ ਪ੍ਰਣਾਲੀ ਤੇ 50 ਫੀਸਦੀ ਸਬਸਿਡੀ
- ਸਬਸਿਡੀ ਦੀ ਹੱਦ: 22,000 ਰੁਪਏ ਪ੍ਰਤੀ ਹੈਕਟੇਅਰ
- **ਏਰੀਆ:** ਰਾਜ ਦੇ ਸਾਰੇ ਜ਼ਿਲ੍ਹੇ

## (3) ਪ੍ਰੋਜੈਕਟ ਫਾਰ ਜੁਡੀਸ਼ੀਅਸ ਯੂਜ਼ ਆਫ ਅਵੇਲੇਬਲ ਵਾਟਰ ਐਂਡ ਹਾਰਵੈਸਟਿੰਗ ਆਫ ਰੇਨ ਵਾਟਰ ਫਾਰ ਇਨਹਾਂਸਿੰਗ ਇਰੀਗੇਸ਼ਨ ਪੋਟੈਂਸ਼ੀਅਲ ਇਨ ਪੰਜਾਬ (ਆਰ.ਆਈ.ਡੀ.ਐਫ-17)

- **ਫੰਡ ਢਾਚਾਂ:** 95% ਨਾਬਾਰਡ ਕਰਜਾ ਅਤੇ 5% ਰਾਜ ਸਰਕਾਰ
- ਸਾਲ 2012-13 ਤੋਂ ਸ਼ੁਰੂ ਹੋਣ ਵਾਲਾ ਨਵਾਂ ਪ੍ਰਵਾਨਿਤ ਪ੍ਰੋਜੈਕਟ
- ਸਾਂਝੇ ਜ਼ਮੀਨ ਦੋਜ ਪ੍ਰੋਜੈਕਟਾਂ ਤੇ 90% ਸਹਾਇਤਾ
- ਰਾਜ ਦੇ ਕੰਢੀ ਏਰੀਏ ਵਿੱਚ ਰੇਨ ਵਾਟਰ ਹਾਰਵੈਸਟਿੰਗ ਢਾਚਾਂ ਬਣਾਉਣ ਤੇ 100% ਸਹਾਇਤਾ

## (4) ਕੰਢੀ ਨਾਨਪ੍ਰੋਜੈਕਟ ਏਰੀਆ ਵਾਟਰਸ਼ੱਡ ਡਿਵੈਲਪਮੈਂਟ ਪ੍ਰੋਜੈਕਟ

- **ਮੰਤਵ:** ਰਾਜ ਦੇ ਬਰਾਨੀ ਰਕਬੇ (ਕੰਢੀ ਏਰੀਆ) ਵਿੱਚ ਵਰਖਾ ਦੇ ਪਾਣੀ ਦੀ ਸੰਭਾਲ ਰਾਹੀਂ ਪੈਦਾਵਾਰ ਵਿੱਚ ਵਾਧਾ ਕਰਨਾ।
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** ਮੋਹਾਲੀ, ਰੋਪੜ, ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ।
- **ਮੁੱਖ ਕੰਮ:** ਕੰਢੀ ਨਾਨਪ੍ਰੋਜੈਕਟ ਰਕਬੇ ਵਿੱਚ ਵਾਟਰਸ਼ੈੱਡ ਆਧਾਰ ਤੇ ਵਾਟਰ ਹਾਰਵੈਸਟਿੰਗ, ਮਾਈਕਰੋ ਲਿਫਟ, ਚੈੱਕ ਡੈਮ, ਭੋਂ ਸੁਰੱਖਿਆ ਢਾਂਚੇ ਆਦਿ।

## (5) ਰਾਜ ਰੇਨਵਾਟਰ ਹਾਰਵੈਸਟਿੰਗ ਸਕੀਮ

- **ਮੰਤਵ:** ਰਾਜ ਦੇ ਬਰਾਨੀ ਰਕਬੇ (ਕੰਢੀ ਏਰੀਆ) ਵਿੱਚ ਵਰਖਾ ਦੇ ਪਾਣੀ ਨੂੰ ਇਕੱਠਾ ਕਰਨ ਲਈ ਢਾਂਚੇ ਬਣਾਉਣੇ।
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** ਮੋਹਾਲੀ, ਰੋਪੜ, ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ।
- **ਮੁੱਖ ਕੰਮ:** ਵਾਟਰ ਹਾਰਵੈਸਟਿੰਗ ਅਤੇ ਰੀਚਾਰਜ ਲਈ ਪ੍ਰੀਨੀਅਲ ਫਲੋਅ, ਲਿਫਟ ਇਰੀਗੇਸ਼ਨ ਪ੍ਰੋਜੈਕਟ

## (6) ਮਸ਼ੀਨਰੀ ਮੰਡਲ ਸਕੀਮ

- ਉਪਲਬਧ ਮਸ਼ੀਨਰੀ: 7 ਬੁਲਡੋਜ਼ਰ, 8 ਟ੍ਰੈਕਟਰ, 1 ਐਕਸਵੇਟਰ-ਕਮ-ਲੋਡਰ, 1 ਟ੍ਰੈਂਚਰ ਅਤੇ 6 ਲੇਜਰ ਲੈਵਲਰ
- ਕਿਰਾਏ ਦੀਆਂ ਦਰਾਂ

| | |
|---|---|
| ਬੁਲਡੋਜ਼ਰ | 925 ਰੁਪਏ ਪ੍ਰਤੀ ਘੰਟਾ |
| ਐਕਸਕੇਵੇਟਰ-ਕਮ-ਲੋਡਰ | 650 ਰੁਪਏ ਪ੍ਰਤੀ ਘੰਟਾ |
| ਟ੍ਰੈਂਚਰ ਟ੍ਰੈਕਟਰ ਸਹਿਤ | 600 ਰੁਪਏ ਪ੍ਰਤੀ ਘੰਟਾ |
| ਲੇਜਰ ਲੈਵਲਰ ਟ੍ਰੈਕਟਰ | 425 ਰੁਪਏ ਪ੍ਰਤੀ ਘੰਟਾ |

## ਹੋਰ ਵਿਭਾਗਾਂ ਦੀਆਂ ਸਕੀਮਾਂ

### 1) ਰਾਸ਼ਟਰੀ ਖੇਤੀ ਵਿਕਾਸ ਯੋਜਨਾ (ਖੇਤੀਬਾੜੀ ਵਿਭਾਗ ਦੀ ਸਕੀਮ)

- **ਮੰਤਵ:** ਬਰਾਨੀ ਰਕਬੇ ਵਿੱਚ ਸਤਹੀ ਅਤੇ ਜ਼ਮੀਨਦੋਜ਼ ਪਾਣੀ ਦੀ ਉਚਿਤ ਵਰਤੋਂ ਰਾਹੀਂ ਪੈਦਾਵਾਰ ਵਿੱਚ ਵਾਧਾ ਕਰਨਾ।
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ**: ਰਾਜ ਦੇ ਸਾਰੇ ਜ਼ਿਲ੍ਹੇ
- **ਮੁੱਖ ਕੰਮ:** ਸਾਂਝੇ ਜ਼ਮੀਨ ਦੋਜ਼ ਪ੍ਰੋਜੈਕਟਾਂ ਤੇ 90% ਸਹਾਇਤਾ

### 2) ਇੰਟੀਗਰੇਟਿਡ ਵਾਟਰਸ਼ੈਡ ਮੈਨੇਜਮੈਂਟ ਅਤੇ ਇੰਟੀਗਰੇਟਿਡ ਵੇਸਟਲੈਂਡ ਵਿਕਾਸ ਪ੍ਰੋਗਰਾਮ

(ਪੇਂਡੂ ਵਿਕਾਸ ਵਿਭਾਗ ਦੀ ਸਕੀਮ)

- **ਮੰਤਵ:** ਰਾਜ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਵਾਟਰਸ਼ੈਡ ਦੇ ਆਧਾਰ ਤੇ ਭੂਮੀ ਅਤੇ ਜਲ ਸਰੋਤਾਂ ਦੀ ਸੁਰੱਖਿਆ ਅਤੇ ਪੈਦਾਵਾਰ ਵਿੱਚ ਵਾਧਾ ਕਰਨਾ
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** ਮੋਹਾਲੀ, ਰੋਪੜ, ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ, ਲੁਧਿਆਣਾ, ਫਰੀਦਕੋਟ, ਸੰਗਰੂਰ, ਤਰਨਤਾਰਨ, ਜਲੰਧਰ, ਫਿਰੋਜ਼ਪੁਰ, ਪਟਿਆਲਾ, ਕਪੂਰਥਲਾ ਅਤੇ ਫਾਜ਼ਿਲਕਾ।
- **ਮੁੱਖ ਕੰਮ:** ਡਰੇਨੇਜ਼ ਲਾਈਨ ਟਰੀਟਮੈਂਟ, ਲੈਂਡ ਲੈਵਲਿੰਗ, ਰਿਚਾਰਜਿੰਗ, ਪਲਾਂਟੇਸ਼ਨ, ਰਿਟੇਨਿੰਗ ਵਾਲ, ਟੋਭੇ, ਪਸ਼ੂਪਾਲਣ, ਸੈਲਫ ਹੈਲਪ ਗਰੁੱਪ, ਮਾਈਕਰੋ ਫਾਇਨਾਂਸ ਆਦਿ।

### 3) ਛੋਟੇ ਸ਼ਹਿਰਾਂ/ਕਸਬਿਆਂ ਦੇ ਸਾਫ ਕੀਤੇ ਗੰਦੇ ਪਾਣੀ ਦੀ ਖੇਤੀ ਲਈ ਵਰਤੋਂ ਦੇ ਪ੍ਰੋਜੈਕਟ

(ਪੰਜਾਬ ਸਾਇੰਸ ਅਤੇ ਟੈਕਨਾਲੋਜੀ ਕੌਂਸਲ ਦੀ ਸਕੀਮ)

- **ਮੰਤਵ:** ਕਿਸਾਨਾਂ ਨੂੰ ਸਾਫ ਕੀਤਾ ਗੰਦਾ ਪਾਣੀ ਸਿੰਚਾਈ ਲਈ ਮੁਹੱਈਆ ਕਰਨਾ।
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** 40 ਸ਼ਹਿਰ/ਕਸਬੇ
- **ਮੁੱਖ ਕੰਮ:** ਸੀਵਰੇਜ ਟਰੀਟਮੈਂਟ ਪਲਾਂਟ ਤੋਂ ਕਿਸਾਨਾਂ ਦੇ ਖੇਤਾਂ ਤੱਕ ਜ਼ਮੀਨ ਦੋਜ਼ ਨਾਲੀਆਂ ਵਿਛਾਉਣਾ।

### 4) ਵੈਟਲੈਂਡ ਵਿਕਾਸ ਪ੍ਰੋਜੈਕਟ (ਪੰਜਾਬ ਸਾਇੰਸ ਅਤੇ ਟੈਕਨਾਲੋਜੀ ਕੌਂਸਲ ਦੀ ਸਕੀਮ)

- **ਮੰਤਵ:** ਹਰੀਕੇ, ਰੋਪੜ, ਨੰਗਲ ਅਤੇ ਕਾਂਜਲੀ ਵੈਟਲੈਂਡਾਂ ਦਾ ਵਿਕਾਸ ਕਰਨਾ
- **ਏਰੀਆ ਜਿਸ ਵਿੱਚ ਸਕੀਮ ਚਲਾਈ ਜਾਂਦੀ ਹੈ:** ਰੋਪੜ ਅਤੇ ਅੰਮ੍ਰਿਤਸਰ
- **ਮੁੱਖ ਕੰਮ:** ਸੈਡੀਮੈਂਟ ਡਿਪਾਜਿਟ ਢਾਂਚੇ, ਗਾਰ ਕੱਢਣ ਵਾਲੇ ਢਾਂਚੇ, ਦਰਖਤ ਅਤੇ ਵਾੜ ਲਗਾਉਣ

# ਅਧਿਆਇ 10
# ਮੁਫਤ ਕਾਨੂੰਨੀ ਸਹਾਇਤਾ ਅਤੇ ਲੋਕ ਅਦਾਲਤ

ਭਾਰਤੀ ਸੰਵਿਧਾਨ ਦੇ ਅਨੁਛੇਦ 39-ਏ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸਰਕਾਰ ਰਾਜ ਦੇ ਗਰੀਬ ਅਤੇ ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਇਸ ਤਰ੍ਹਾਂ ਕਾਨੂੰਨੀ ਸਹਾਇਤਾ ਦੇਵੇਗੀ ਕਿ ਨਿਆਂ-ਪ੍ਰਣਾਲੀ ਉਨ੍ਹਾਂ ਦੀ ਪਹੁੰਚ ਵਿੱਚ ਹੋਵੇ ਅਤੇ ਇਹ ਵੀ ਪੱਕਾ ਕਰੇਗੀ ਕਿ ਆਰਥਿਕ ਜਾਂ ਅਜਿਹੀ ਕਿਸੀ ਘਾਟ ਕਰਕੇ ਕੋਈ ਨਾਗਰਿਕ ਨਿਆਂ ਪ੍ਰਾਪਤ ਕਰਨ ਦੇ ਮੌਕਿਆਂ ਤੋਂ ਵਾਂਝਾ ਨਾ ਰਹੇ।

ਕਾਨੂੰਨੀ ਸੇਵਾਵਾਂ ਅਥਾਰਟੀ ਐਕਟ-1987 ਮਿਤੀ 9-11-1995 ਨੂੰ ਲਾ ਹੋਣ ਮਗਰੋਂ ਪੰਜਾਬ ਸਰਕਾਰ ਨੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀਜ਼ ਰੂਲਜ਼ 1996 ਦੀ ਰਚਨਾ ਕੀਤੀ। ਇਸ ਤੋਂ ਮਗਰੋਂ ਪੰਜਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਗਠਨ ਕੀਤਾ ਜੋ ਕਿ ਮਿਤੀ 4-10-1996 ਨੂੰ ਹੋਂਦ ਵਿੱਚ ਆਈ। ਇਸ ਅਥਾਰਟੀ ਦੇ ਪੈਟਰਨ-ਇਨ-ਚੀਫ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਹਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮਾਨਯੋਗ ਜੱਜ ਇਸ ਦੇ ਕਾਰਜਕਾਰੀ ਚੇਅਰਮੈਨ ਹਨ। ਜ਼ਿਲ੍ਹਾ ਜੱਜ ਦੇ ਅਹੁਦੇ ਦੇ ਅਧਿਕਾਰੀ ਇਸ ਦੇ ਮੈਂਬਰ ਸਕੱਤਰ ਹਨ। ਇਸ ਤੋਂ ਇਲਾਵਾ ਇਸ ਅਧਾਰ ਵਿੱਚ ਪੰਜਾਬ ਸਰਕਾਰ ਦੇ ਉੱਚ ਅਧਿਕਾਰੀ ਅਹੁਦੇ ਕਾਰਨ ਮੈਂਬਰ ਹਨ। ਪੰਜਾਬ ਦੇ ਸਮਾਜ ਸੇਵਕਾਂ ਅਤੇ ਔਰਤਾਂ ਨੂੰ ਇਸ ਅਥਾਰਟੀ ਵਿੱਚ ਨਾਮਜ਼ਦ ਮੈਂਬਰਾਂ ਵੱਜੋ ਰੱਖਿਆ ਗਿਆ ਹੈ। ਜ਼ਿਲ੍ਹਾ ਪੱਧਰ ਤੇ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚੋਂ ਜ਼ਿਲ੍ਹਾ ਅਥਾਰਟੀ ਦਾ ਗਠਨ ਕੀਤਾ ਗਿਆ ਹੈ ਜਿਸਦੇ ਚੇਅਰਮੈਨ ਵਧੀਕ ਸਿਵਲ ਜੱਜ (ਸੀਨੀਅਰ ਡਵੀਜਨਜ਼) ਹਨ।

### ਮੁਫਤ ਕਾਨੂੰਨੀ ਸੇਵਾਵਾਂ ਦੇ ਹੱਕਦਾਰ ਹੇਠ ਲਿਖੇ ਵਿਅਕਤੀ ਹੋ ਸਕਦੇ ਹਨ :-

1) ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ
2) ਇਸਤਰੀ/ਬੱਚਾ
3) ਮਾਨਸਿਕ ਰੋਗੀ/ਅਪੰਗ
4) ਵੱਡੀ ਮੁਸੀਬਤ ਦਾ ਮਾਰਿਆ
5) ਉਦਯੋਗਿਕ ਕਾਮੇ
6) ਹਿਰਾਸਤ ਵਿੱਚ ਕੈਦੀ
7) ਕੋਈ ਅਜਿਹਾ ਵਿਅਕਤੀ ਜਿਸਦੀ ਸਲਾਨਾ ਆਮਦਨ ਇੱਕ ਲੱਖ ਤੋਂ ਘੱਟ ਹੋਵੇ।

ਇਸ ਤੋਂ ਬਿਨਾਂ ਇਸ ਐਕਟ ਦੀਆਂ ਮੱਦਾਂ ਅਧੀਨ ਬਣਾਏ ਗਏ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀਜ਼ ਰੂਲਜ਼ 1996 ਦੇ ਨਿਯਮ-20 ਅਧੀਨ ਉਨ੍ਹਾਂ ਸਾਰੇ ਮਾਮਲਿਆਂ ਵਿੱਚ ਕਾਨੂੰਨੀ ਸਹਾਇਤਾ ਦਿੱਤੀ ਜਾ ਸਕਦੀ ਹੈ, ਜਿੱਥੇ ਝਗੜੇ ਵਾਲੀਆਂ ਧਿਰਾਂ ਵਿਚਕਾਰ ਰਾਜ਼ੀਨਾਮੇ ਰਾਹੀਂ ਝਗੜਿਆਂ ਦਾ ਫੈਸਲਾ ਕਰਵਾਉਣ ਦਾ ਮਨੋਰਥ ਹੋਵੇ। ਇਸ ਦੇ ਨਾਲ ਹੀ ਕੇਂਦਰ ਸਰਕਾਰ ਜਾਂ ਪੰਜਾਬ ਸਰਕਾਰ ਦਾ ਅਜਿਹੀ ਕਿਸੇ ਪਬਲਿਕ ਅਥਾਰਟੀ ਵੱਲੋਂ ਜਨਤਾ ਦੀ ਭਲਾਈ ਦੀਆਂ ਸਕੀਮਾਂ ਦਾ ਲਾਭ ਲੈਣ ਲਈ ਵੱਖੋ-ਵੱਖ ਕਾਨੂੰਨੀ ਲੋੜਾਂ ਪੂਰੀਆਂ ਕਰਨ ਵਿੱਚ ਜਾਂ ਉਨ੍ਹਾਂ ਧਰਾਵਾਂ ਅਧੀਨ ਆਮ ਜਨਤਾ ਜਾਂ ਸਮਾਜ ਦੇ ਕਿਸੇ ਵੱਡੇ ਵਰਗ ਦੀ ਭਲਾਈ ਵਿੱਚ ਸਹਾਇਤਾ ਲਈ, ਇਸ ਐਕਟ ਅਧੀਨ ਮੁਫਤ ਕਾਨੂੰਨੀ ਸੇਵਾ ਪ੍ਰਾਪਤ ਕੀਤੀ ਜਾ ਸਕਦੀ ਹੈ।

### ਸਹਾਇਤਾ ਪ੍ਰਾਪਤ ਕਰਨ ਦਾ ਤਰੀਕਾ

ਇੱਕ ਅਰਜ਼ੀ ਸਮੇਤ ਹਲਫੀਆਂ ਬਿਆਨ ਦੇਣਾ ਹੁੰਦਾ ਹੈ। ਇਸ ਤਰ੍ਹਾਂ ਦੇ ਅਰਜ਼ੀ ਫਾਰਮ ਜ਼ਿਲ੍ਹਾ ਅਥਾਰਟੀ (ਕਾਨੂੰਨੀ ਸੇਵਾਵਾਂ), ਸਿਵਲ ਜੱਜ ਸੀਨੀਅਰ ਡਵੀਜ਼ਨ ਅਤੇ ਸ਼ੈਸ਼ਨ ਜੱਜ ਦਫਤਰ ਵਿੱਚੋਂ ਮੁਫਤ ਮਿਲਦੇ ਹਨ। ਪਰ ਇਨਸਾਫ ਲੈਣ ਲਈ ਅਰਜ਼ੀ ਸਾਦੇ ਕਾਗਜ਼ 'ਤੇ ਵੀ ਦਿੱਤੀ ਜਾ ਸਕਦੀ ਹੈ।

ਕਾਨੂੰਨੀ ਸਹਾਇਤਾ ਵਿੱਚ ਕੀ ਮਿਲਦਾ ਹੈ :-

1) ਉਪ-ਮੰਡਲ, ਜ਼ਿਲ੍ਹਾ ਜਾਂ ਹਾਈ ਕੋਰਟ-ਸੁਪਰੀਮ ਕੋਰਟ ਪੱਧਰ ਤੇ ਦੀਵਾਨੀ, ਫੌਜ਼ਦਾਰੀ ਅਤੇ ਮਾਲ ਦੀਆਂ ਕਚਹਿਰੀਆਂ ਵਿੱਚ ਵਕੀਲਾਂ ਦੀਆਂ ਸੇਵਾਵਾਂ ਮੁਫਤ ਦਿੱਤੀ ਜਾਂਦੀਆਂ ਹਨ।
2) ਮੁਫਤ ਕਾਨੂੰਨੀ ਸਲਾਹ ਦਿੱਤੀ ਜਾਂਦੀ ਹੈ।
3) ਕੋਰਟ ਫੀਸ, ਤਲਬਾਨਾਂ ਫੀਸ, ਗਵਾਹਾਂ ਦੇ ਖਰਚੇ, ਵਕੀਲੇ ਦੀ ਫੀਸ ਅਤੇ ਮੁਕੱਦਮੇ ਕਰਕੇ ਹੋਰ ਫੁਟਕਲ ਖਰਚੇ ਵੀ ਸਰਕਾਰ ਵੱਲੋਂ ਕੀਤੇ ਜਾਂਦੇ ਹਨ।
4) ਰਾਜ ਨਿਆਂ ਕੇਂਦਰ ਅਤੇ ਲੋਕ-ਅਦਾਲਤਾਂ ਰਾਹੀਂ ਝਗੜੇ ਖਤਮ ਕੀਤੇ ਜਾਂਦੇ ਹਨ।

## ਲੋਕ ਅਦਾਲਤਾਂ

ਇਨ੍ਹਾਂ ਅਦਾਲਤਾਂ ਦਾ ਮੁੱਖ ਕੰਮ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੁੰਦਾ ਹੈ ਤਾਂ ਜੋ ਧਿਰਾਂ ਦਾ ਧਨ ਅਤੇ ਸਮਾਂ ਬਚ ਸਕੇ ਅਤੇ ਨਾਲ ਹੀ ਆਪਸੀ ਦੁਸ਼ਮਣੀ ਨੂੰ ਘਟਾਉਣਾ ਵੀ ਹੁੰਦਾ ਹੈ।

ਵੱਡੇ ਫੌਜ਼ਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲਟਕੇ ਪਏ ਹਨ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਰੱਖੇ ਜਾਂਦੇ ਹਨ। ਜਿਹੜਾ ਝਗੜਾ ਅਦਾਲਤ ਵਿੱਚ ਨਾ ਵੀ ਚੱਲਦਾ ਹੋਵੇ ਉਹ ਮਸਲਾ ਵੀ ਲੋਕ-ਅਦਾਲਤ ਵਿੱਚ ਅਰਜ਼ੀ ਦੇ ਕੇ ਰਾਜ਼ੀਨਾਮੇ ਲਈ ਰੱਖਿਆ ਜਾ ਸਕਦਾ ਹੈ।

## ਲੋਕ ਅਦਾਲਤਾਂ ਵਿੱਚ ਕੇਸਾਂ ਨੂੰ ਸ਼ਾਮਲ ਕਰਨ ਦੇ ਤਰੀਕੇ ਬਾਰੇ

ਕੋਈ ਵੀ ਧਿਰ ਜੋ ਲੋਕ ਅਦਾਲਤ ਰਾਹੀਂ ਆਪਣੇ ਲਮਕ ਰਹੇ ਅਦਾਲਤੀ ਕੇਸ ਦਾ ਨਿਪਟਾਰਾ ਕਰਵਾਂਉਣਾ ਚਾਹੁੰਦੀ ਹੋਵੇ ਤਾਂ ਸਬੰਧਤ ਅਦਾਲਤ ਵਿੱਚ ਦਰਖਾਸਤ ਦੇਵੇ ਜਿਸ ਵਿਚ ਉਸਦਾ ਮੁਕੱਦਮਾ ਚੱਲ ਰਿਹਾ ਹੈ। ਲੋਕ ਅਦਾਲਤ ਹਰ ਜ਼ਿਲ੍ਹਾ ਪੱਧਰ ਅਤੇ ਉਪ-ਮੰਡਲ ਤੇ ਹਰ ਤਿੰਨ ਮਹੀਨੇ ਵਿੱਚ ਇੱਕ ਵਾਰੀ ਲਗਾਈ ਜਾਂਦੀ ਹੈ ਅਤੇ ਪੂਰਵ ਲੋਕ ਅਦਾਲਤ ਹਰ ਜ਼ਿਲ੍ਹੇ ਵਿਚ ਹਰ ਮਹੀਨੇ ਲਗਾਈ ਜਾਂਦੀ ਹੈ। ਇਸ ਅਦਾਲਤ ਰਾਹੀਂ ਆਪਣੇ ਕੇਸਾਂ ਨਿਪਟਾਰਾ ਕਰਵਾਉਣੇ ਵਾਲੇ ਇਛੁੱਕ ਵਿਅਕਤੀ ਕਿਸੇ ਵੀ ਸਮੇਂ ਸਬੰਧਤ ਜ਼ਿਲ੍ਹੇ ਦੇ ਜਿਲ੍ਹਾਂ ਤੇ ਸੈਸ਼ਨ ਜੱਜ ਅਤੇ ਉਪ-ਮੰਡਲ ਦੇ ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨਾਂ) ਨੂੰ ਵੀ ਅਰਜ਼ੀ ਦੇ ਸਕਦੇ ਹਨ। ਵਰਨਣਯੋਗ ਹੈ ਕਿ ਕਾਨੂੰਨੀ ਸਹਾਇਤਾ ਸਕੀਮਾਂ ਬਾਰੇ ਜ਼ਿਲ੍ਹਾ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

### (1) ਸਥਾਈ ਲੋਕ ਅਦਾਲਤਾਂ

ਸੂਬੇ ਦੇ ਹਰੇਕ ਜ਼ਿਲ੍ਹੇ ਪੱਧਰ ਤੇ ਸਥਾਈ ਲੋਕ ਅਦਾਲਤਾਂ ਸਥਾਪਤਾਂ ਹਨ। ਇਨ੍ਹਾਂ ਲੋਕ ਅਦਾਲਤਾਂ ਵਿੱਚ ਚਿਰਾਂ ਤੋਂ ਲਮਕਦੇ ਅਤੇ ਮੁਕੱਦਮੇਬਾਜ਼ੀ ਸ਼ੁਰੂ ਹੋਣ ਤੋਂ ਪਹਿਲਾਂ ਝਗੜਿਆਂ ਦਾ ਨਿਪਟਾਰਾ ਵੀ ਕੀਤਾ ਜਾਂਦਾ ਹੈ। ਇਨ੍ਹਾਂ ਅਦਾਲਤਾਂ ਵਿੱਚ ਲਗਾਉਣ ਲਈ ਲਿਖਤੀ ਅਰਜ਼ੀ ਸਬੰਧਤ ਨਿਆਂਇਕ ਅਦਾਲਤ ਨੂੰ ਦੇਣ ਦੀ ਲੋੜ ਹੁੰਦੀ ਹੈ। ਇਹਨਾਂ ਲੋਕ ਅਦਾਲਤਾਂ ਦੀਆਂ ਬੈਠਕਾਂ ਹਰ ਸ਼ਨਿਵਾਰ ਨੂੰ ਲਗਾਈਆਂ ਜਾਂਦੀਆਂ ਹਨ।

### (2) ਸਥਾਈ ਲੋਕ ਅਦਾਲਤਾਂ (ਲੋਕ-ਉਪਯੋਗੀ ਸੇਵਾਵਾਂ)

ਕਾਨੂੰਨੀ ਸੇਵਾਵਾਂ ਅਥਾਰਟੀਜ਼ (ਸੋਧ) ਐਕਟ 2002 ਅਨੁਸਾਰ ਪੰਜਾਬ ਵਿੱਚ ਲਗਪਗ ਹਰ ਜ਼ਿਲ੍ਹਾ ਸਦਰ ਮੁਕਾਮ ਤੇ ਲੋਕ ਉਪਯੋਗੀ ਸੇਵਾ ਨਾਲ ਸਬੰਧਿਤ ਝਗੜਿਆਂ ਦੇ ਨਿਪਟਾਰੇ ਲਈ ਸਥਾਈ ਲੋਕ ਅਦਾਲਤ ਗਠਿਤ ਕੀਤੀ ਗਈ ਹੈ ਅਤੇ ਇਸ ਦੀ ਬੈਠਕ ਹਫਤੇ ਵਿੱਚ ਲਗਪਗ ਹਰੇਕ ਕੰਮ ਵਾਲੇ ਦਿਨ ਹੁੰਦੀ ਹੈ। ਕੋਈ ਵੀ ਵਿਅਕਤੀ ਇਸ ਅਦਾਲਤ ਵਿੱਚ ਅਰਜ਼ੀ ਦੇ ਕੇ ਆਪਣੇ ਝਗੜੇ ਦਾ ਨਿਪਟਾਰਾ ਕਰਵਾ ਸਕਦਾ ਹੈ। ਖਾਸ ਗੱਲ ਇਹ ਹੈ ਕਿ ਇਸ ਅਦਾਲਤ ਵਿੱਚ ਕਿਸੇ ਖਰਚੇ ਦੀ ਲੋੜ ਨਹੀਂ ਸਿਰਫ ਸਧਾਰਣ ਤੇ ਅਰਜ਼ੀ ਟਾਈਪ ਕਰਵਾ ਕੇ ਪੇਸ਼ ਕੀਤੀ ਜਾ ਸਕਦੀ ਹੈ।

ਇਸ ਕਾਨੂੰਨ ਤਹਿਤ-ਉਪਯੋਗ ਸੇਵਾਵਾਂ-ਬਿਜਲੀ, ਪਾਣੀ, ਸੀਵਰੇਜ਼, ਟੈਲੀਫੋਨ ਜਾਂ ਟੈਲੀਗਰਾਫ, ਕੁਦਰਤੀ ਸਾਧਨਾਂ ਦੀ ਸੁਰੱਖਿਆ ਅਤੇ ਡਾਕ-ਤਾਰ ਵਿਭਾਗ ਆਦਿ ਨਾਲ ਸਬੰਧਿਤ ਝਗੜਿਆਂ ਦਾ ਨਿਪਟਾਰ ਕੀਤਾ ਜਾ ਸਕਦਾ ਹੈ।

ਸਥਾਈ ਲੋਕ ਅਦਾਲਤ (ਲੋਕ-ਉਪਯੋਗੀ ਸੇਵਾਵਾਂ) ਦੇ ਫੈਸਲ ਨੂੰ ਦੀਵਾਨ ਕੋਰਟ ਦੀ ਡਿਗਰੀ ਦੀ ਮਾਨਤਾ ਪ੍ਰਾਪਤ ਹੈ। ਇਸਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਕੋਈ ਅਪੀਲ ਇਸਦੇ ਖਿਲਾਫ ਨਹੀਂ ਕੀਤੀ ਜਾ ਸਕਦੀ। ਹਰ ਉਹ ਕਲੇਸ਼ ਜਿਸ ਵਿੱਚ

ਦਸ ਲੱਖ ਰੁਪਏ ਤੋਂ ਘੱਟ ਦਾ ਮੁੱਦਾ ਉਠਾਇਆ ਗਿਆ ਹੋਵੇ, ਸੁਣਿਆ ਜਾ ਸਕਦਾ ਹੈ। ਇਸ ਤਰ੍ਹਾਂ ਸਮੇਂ ਅਤੇ ਪੈਸੇ ਦੋਹਾਂ ਦੀ ਬੱਚਤ ਹੁੰਦੀ ਹੈ।

### ਕਿੱਥੇ ਸੰਪਰਕ ਕੀਤਾ ਜਾਵੇ :

1) ਰਾਜ ਪੱਧਰ ਅਤੇ ਹਾਈ ਕੋਰਟ ਦੇ ਕੇਸਾਂ ਵਿੱਚ :
2) ਮੈਂਬਰ ਸਕੱਤਰ, ਪੰਜਾਬ ਕਾਨੂੰਨ ਸੇਵਾਵਾਂ ਅਥਾਰਟੀ, ਸੈਕਟਰ 69, ਮੋਹਾਲੀ।
3) ਜ਼ਿਲ੍ਹਾ/ਉਪ-ਮੰਡਲ ਪੱਧਰ ਤੇ :
4) ਜਿਲ੍ਹਾਂ ਤੇ ਸ਼ੈਸਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ।
5) ਸਿਵਲ ਜੱਜ (ਸੀਨੀਅਰ ਡਵੀਜ਼ਨ) ਉਪ-ਮੰਡਲ ਕਾਨੂੰਨੀ ਸੇਵਾਵਾਂ ਦੇ ਚੇਅਰਮੈਨ ਹਨ।
6) ਪੰਜਾਬ ਦੇ ਸਾਰੇ ਜ਼ਿਲ੍ਹਿਆ ਵਿੱਚ ਅਥਾਰਟੀ ਵੱਲੋਂ ਨਿਯੁਕਤ ਸਹਾਇਕ ਜਿਲ੍ਹਾਂ ਅਟਾਰਨੀ (ਕਾਨੂੰਨੀ ਸੇਵਾਵਾਂ) ਨਾਂਲ ਤਾਲਮੇਲ ਕੀਤਾ ਜਾ ਸਕਦਾ ਹੈ।

ਜਿਵੇਂ:- ਸਹਾਇਕ ਜਿਲ੍ਹਾ ਅਟਾਰਨੀ ਕਾਨੂੰਨੀ ਸੇਵਾਵਾਂ, ਕੋਰਟ ਕੰਪਲੈਕਸ ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮਾਨਸਾ, ਰੋਪੜ, ਪਟਿਆਲਾ ਅਤੇ ਸੰਗਰੂਰ। ਇਨ੍ਹਾਂ ਸਾਰੇ ਹੀ ਸਹਾਇਕ ਜ਼ਿਲ੍ਹਾ ਅਟਾਰਨੀਆਂ ਦੇ ਦਫਤਰ ਹਰ ਜਿਲ੍ਹੇ ਦੇ ਜੁਡੀਸ਼ੀਅਲ ਕੋਰਟ ਕੰਪਲੈਕਸ ਵਿੱਚ ਮੌਜੂਦ ਹਨ।

### ਇਸ ਅਥਾਰਟੀ ਦੀਆਂ ਪ੍ਰਾਪਤੀਆਂ

ਇਸ ਮਾਮਲੇ ਵਿੱਚ 31 ਦਸੰਬਰ 2006 ਤੱਕ ਮਹਿਕਮੇ ਵੱਲੋਂ ਕੁੱਲ 48, 708 ਲੋਕਾਂ ਨੂੰ ਮੁਫਤ ਕਾਨੂੰਨੀ ਸਲਾਹ ਅਤੇ ਸਹਾਇਤਾ ਦਿੱਤੀ ਗਈ। ਮਾਨਯੋਗ ਕਾਰਜਕਾਰੀ ਚੇਅਰਮੈਨ ਜੀ ਦੀ ਦੇਖ-ਰੇਖ ਅਧੀਨ ਕੁੱਲ 4480 ਲੋਕ ਅਦਾਲਤਾਂ ਲਗਾਈਆਂ ਗਈਆਂ ਜਿਨ੍ਹਾਂ ਵਿੱਚ ਕੁੱਲ 908,58,07,251 ਰੁਪਏ ਬਤੌਰ ਮੁਆਵਜ਼ਾ ਮੋਟਰ ਦੁਰਘਟਨਾ ਦਾ ਕਲੇਮਾਂ ਅਤੇ ਦੂਜੇ ਕੇਸਾਂ ਵਿੱਚ ਡਿਗਰੀ/ਐਵਾਰਡ ਵੱਜੋਂ ਦਿਵਾਏ ਗਏ। ਇਸ ਤੋਂ ਇਲਾਵਾ ਵੱਖੋ-ਵੱਖਰੀਆਂ ਕਾਨੂੰਨੀ ਸਹਾਇਤਾ ਸਕੀਮਾਂ ਬਾਰੇ ਵਿਚਾਰ ਤੇ ਪ੍ਰਚਾਰ ਲਈ ਆਮ ਜਨਤਾ ਨੂੰ ਕਾਨੂੰਨੀ ਜਾਣਕਾਰੀ ਦੇਣ ਅਤੇ ਮੌਕੇ ਤੇ ਹੀ ਮੁਫਤ ਕਾਨੂੰਨੀ ਸਹਾਇਤਾ/ਸਲਾਹ-ਮਸ਼ਵਰਾ ਦੇਣ ਦੇ ਮੰਤਵ ਨਾਲ ਰਾਜ ਵਿੱਚ ਅੱਡ-ਅੱਡ ਥਾਵਾਂ ਤੇ 2487 ਵਿਚਾਰ ਗੋਸ਼ਟੀਆਂ (ਸੈਮੀਨਾਰ) ਅਤੇ ਸਮਾਗਮਾਂ (ਕਾਨਫਰੰਸਾਂ) ਦਾ ਪ੍ਰਬੰਧ ਕੀਤਾ ਗਿਆ। ਇਸਦੇ ਨਾਲ ਹੀ ਵੱਖ-ਵੱਖ ਲੋਕ ਅਦਾਲਤਾਂ ਦੇ ਆਯੋਜਨ ਸਮੇਂ ਕਾਨੂੰਨੀ ਸਹਾਇਤਾ ਕੈਂਪ ਵੀ ਲਗਾਏ ਗਏ। ਅਦਾਲਤ ਤੋਂ ਬਾਹਰ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਝਗੜਿਆਂ ਦਾ ਨਿਪਟਾਰਾ ਕਰਨ ਲਈ ਰਾਜ਼ੀਨਾਮਾ ਕੇਂਦਰ ਵੀ ਚੱਲ ਰਹੇ ਹਨ।

## ਔਰਤ ਦੀ ਸੁਰੱਖਿਆ ਦਾ ਪ੍ਰਤੀਕ : ਘਰੇਲੂ ਹਿੰਸਾ ਸੁਰੱਖਿਆ ਐਕਟ 2005

### ਉਦੇਸ਼ :

ਘਰੇਲੂ ਹਿੰਸਾ ਐਕਟ 2005 ਮਿਤੀ 17-10-2006 ਤੋਂ ਲਾਗੂ ਹੋਇਆ ਹੈ। ਇਸ ਐਕਟ ਦਾ ਉਦੇਸ਼ ਉਨ੍ਹਾਂ ਔਰਤਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ ਜੋ ਆਪਣੇ ਪਰਵਾਰ ਦੇ ਕਿਸੇ ਮੈਂਬਰ ਵੱਲੋਂ ਕੀਤੀ ਜਾਂਦੀ ਹਿੰਸਾ ਤੋਂ ਪੀੜਤ ਹੋਣ। ਜੇਕਰ ਔਰਤ ਦੇ ਪਤੀ ਜਾਂ ਪਰਵਾਰ ਦੇ ਕਿਸੇ ਵੀ ਮੈਂਬਰ ਵੱਲੋਂ ਉਸਨੂੰ ਕੋਈ ਨੁਕਸਾਨ ਪਹੁੰਚਾਇਆ ਜਾਵੇ ਜਾਂ ਉਸਦੀ ਜਾਨ ਨੂੰ ਖਤਰਾ ਹੋਵੇ ਤਾਂ ਇਸ ਐਕਟ ਤਹਿਤ ਕਾਰਵਾਈ ਹੋ ਸਕਦੀ ਹੈ। ਇਸ ਐਕਟ ਦਾ ਮੁੱਖ ਉਦੇਸ਼ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਤੁਰੰਤ ਹੀ ਐਮਰਜੈਂਸੀ ਰਾਹਤ ਮੁਹੱਈਆ ਕਰਵਾਉਣਾ ਹੈ।

ਜਿਨ੍ਹਾਂ ਵਿਅਕਤੀਆਂ ਤੇ ਐਕਟ ਲਾਗੂ ਹੁੰਦਾ ਹੈ :

ਔਰਤ ਦੇ ਪਰਵਾਰ ਵਿੱਚ ਰਹਿ ਰਹੇ ਉਹ ਵਿਅਕਤੀ ਜੋ ਵਿਆਹ ਦੇ ਸਬੰਧਾਂ ਕਾਰਨ ਅਤੇ ਗੋਦ ਲੈਣ ਤੋਂ ਬਾਅਦ ਉਸ ਪਰਵਾਰ ਦੇ ਮੈਂਬਰ ਬਣੇ ਹੋਣ ਇਸ ਐਕਟ ਦੀ ਪਰਭਾਸ਼ਾ ਅਨੁਸਾਰ ਪਰਵਾਰ ਵਿੱਚ ਰਹਿ ਰਹੀਆਂ ਔਰਤਾਂ ਮਾਂ, ਭੈਣ, ਪਤਨੀ, ਪੁੱਤਰੀ ਅਤੇ ਉਨ੍ਹਾਂ ਦੇ ਨਾਬਾਲਿਗ ਬੱਚੇ ਵੀ ਇਸ ਐਕਟ ਤਹਿਤ ਕਾਨੂੰਨੀ ਸਹਾਇਤਾ ਦੇ ਹੱਕਦਾਰ ਹਨ।

## ਘਰੇਲੂ ਹਿੰਸਾ ਕੀ ਹੈ?

- ਸਰੀਰਕ ਹਿੰਸਾ : ਜਿਵੇਂ ਕਿ :-
  1) ਮਾਰਕੁੱਟ ਕਰਨਾ ।
  2) ਥੱਪੜ ਮਾਰਨਾ ।
  3) ਠੋਕਰ ਮਾਰਨਾ ।
  4) ਦੰਦਾਂ ਨਾਲ ਵੱਢਣਾ।
  5) ਧੱਕੇ ਮਾਰਨਾ ।
  6) ਕਿਸੇ ਵੀ ਹੋਰ ਢੰਗ ਨਾਲ ਸਰੀਰਕ ਕਸ਼ਟ ਦੇਣਾ ।

- **ਯੌਨ ਹਿੰਸਾ**
  1) ਜਬਰਦਸਤੀ ਸੰਭੋਗ ਕਰਨਾ।
  2) ਅਸ਼ਲੀਲ ਸਾਹਿਤ ਅਤੇ ਅਸ਼ਲੀਲ ਤਸਵੀਰਾਂ ਦਿਖਾਉਣਾ।
  3) ਗਲਤ ਹਰਕਤਾਂ ਨਾਲ ਸਨਮਾਨ ਨੂੰ ਠੇਸ ਪਹੁੰਚਾਉਣਾ।
  4) ਔਰਤ ਅਤੇ ਉਸ ਦੇ ਬੱਚਿਆਂ ਦਾ ਯੌਨ ਸ਼ੋਸ਼ਣ ਕਰਨਾ।

- **ਗਲਤ ਸ਼ਬਦਾਵਲੀ ਅਤੇ ਭਾਵਨਾਤਮਿਕ ਹਿੰਸਾ :-**
  1) ਚਰਿੱਤਰ ਪ੍ਰਤੀ ਮਾੜੇ ਸ਼ਬਦ ਬੋਲਣਾ।
  2) ਲੜਕਾ ਪੈਦਾ ਨਾ ਹੋਣ ਕਾਰਨ ਬੇਇੱਜ਼ਤ ਕਰਨਾ।
  3) ਦਾਜ ਨਾ ਲਿਆਉਣ ਜਾਂ ਘੱਟ ਲਿਆਉਣ ਬਾਰੇ ਤਾਅਨੇ-ਮਿਹਣੇ ਦੇਣਾ।
  4) ਔਰਤ ਅਤੇ ਉਸ ਦੀ ਔਲਾਦ ਨੂੰ ਸਿੱਖਿਆ ਗ੍ਰਹਿਣ ਕਰਨ ਤੋਂ ਰੋਕਣਾ।
  5) ਨੌਕਰੀ ਕਰਨ ਤੋਂ ਰੋਕਣਾ
  6) ਨੌਕਰੀ ਛੱਡਣ ਲਈ ਮਜ਼ਬੂਰ ਕਰਨਾ ।
  7) ਘਰ ਵਿੱਚ ਬੰਦੀ ਬਣਾਉਣਾ
  8) ਜੇਕਰ ਲੜਕੀ ਵਿਆਹ ਨਹੀਂ ਕਰਨਾ ਚਾਹੁੰਦੀ ਤਾਂ ਵਿਆਹ ਲਈ ਮਜ਼ਬੂਰ ਕਰਨਾ।
  9) ਆਪਣੇ ਪਸੰਦ ਦੇ ਲੜਕੇ ਨਾਲ ਵਿਆਹ ਕਰਨ ਤੋਂ ਰੋਕਣਾ।
  10) ਕਿਸੇ ਵਿਅਕਤੀ ਵਿਸ਼ੇਸ਼ ਨਾਲ ਵਿਆਹ ਕਰਨ ਲਈ ਮਜ਼ਬੂਰ ਕਰਨਾ

- **ਆਰਥਿਕ ਹਿੰਸਾ :**
  1) ਔਰਤ ਅਤੇ ਉਸ ਦੇ ਬੱਚਿਆਂ ਦੇ ਗੁਜ਼ਾਰੇ ਲਈ ਲੋੜੀਂਦੀ ਧਨ ਰਾਸ਼ੀ ਮੁਹੱਈਆ ਨਾ ਕਰਨਾ।
  2) ਜ਼ਰੂਰਤ ਅਨੁਸਾਰ ਖਾਣਾ, ਕੱਪੜੇ ਅਤੇ ਦਵਾਈਆਂ ਮੁਹੱਈਆ ਨਾ ਕਰਵਾਉਣਾ।
  3) ਰੋਜ਼ਗਾਰ ਚਲਾਉਣ ਤੋਂ ਰੋਕਣਾ ਜਾਂ ਉਸ ਵਿੱਚ ਵਿਘਨ ਪਾਉਣਾ।
  4) ਘਰ ਦੇ ਕਿਸੇ ਹਿੱਸੇ ਦੀ ਵਰਤੋਂ ਕਰਨ ਤੋਂ ਰੋਕਣਾ।
  5) ਘਰ ਦੀਆਂ ਵਸਤਾਂ ਦੀ ਵਰਤੋਂ ਕਰਨ ਤੋਂ ਰੋਕਣਾ।
  6) ਘਰ ਤੋਂ ਬਾਹਰ ਕੱਢਣਾ।
  7) ਜੇਕਰ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਹੋ ਤਾਂ ਕਿਰਾਏ ਦੀ ਅਦਾਇਗੀ ਨਾ ਕਰਨਾ।
  8) ਜਿਸ ਘਰ ਵਿੱਚ ਤੁਸੀਂ ਰਹਿੰਦੇ ਹੋ ਉਸ ਵਿੱਚ ਸ਼ਾਂਤੀ ਪੂਰਵਕ ਢੰਗ ਨਾਲ ਰਹਿਣ ਤੋਂ ਰੋਕਣਾ।

## ਘਰੇਲੂ ਹਿੰਸਾ ਹੋਣ ਤੇ ਕਿਸ ਅਧਿਕਾਰੀ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ ?:

ਘਰੇਲੂ ਹਿੰਸਾ ਐਕਟ 2005 ਦੇ ਤਹਿਤ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. 5/17/06-2ਸਸ/851 ਮਿਤੀ 14-03-2007 ਰਾਹੀਂ ਰਾਜ ਦੇ ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨੂੰ ਪ੍ਰੋਟੈਕਸ਼ਨ ਅਫਸਰ ਨਿਯੁਕਤ ਕੀਤਾ ਗਿਆ ਹੈ। ਘਰੇਲੂ ਹਿੰਸਾ ਹੋਣ ਤੇ ਬਲਾਕ ਪੱਧਰ ਤੇ ਨਿਯੁਕਤ ਇਨ੍ਹਾਂ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਜਾ ਸਕਦੀ ਹੈ। ਇਸ ਐਕਟ ਤਹਿਤ ਰਾਜ ਵਿੱਚ ਔਰਤਾਂ ਦੀ ਭਲਾਈ ਨਾਲ ਸਬੰਧਤ ਕੰਮ ਕਰ ਰਹੀਆਂ ਸਵੈ-ਇੱਛਕ ਸੰਸਥਾਵਾਂ ਨੂੰ ਸਰਵਿਸ ਪ੍ਰੋਵਾਈਡਰ ਨਿਯੁਕਤ ਕੀਤਾ ਜਾਂਦਾ ਹੈ। ਘਰੇਲੂ ਹਿੰਸਾ ਦੀ ਸ਼ਿਕਾਇਤ ਇਨ੍ਹਾਂ ਸੰਸਥਾਵਾਂ ਕੋਲ ਵੀ ਕੀਤੀ ਜਾ ਸਕਦੀ ਹੈ। ਜਿਸ ਖੇਤਰ ਵਿੱਚ ਹਿੰਸਾ ਹੁੰਦੀ ਹੋਵੇ ਉਸ ਖੇਤਰ ਦੇ ਪੁਲਸ ਸਟੇਸ਼ਨ ਜਾਂ ਸਬੰਧਤ ਮੈਜਿਸਟਰੇਟ ਕੋਲ ਸਿੱਧੇ ਤੌਰ ਤੇ ਵੀ ਸ਼ਿਕਾਇਤ ਕੀਤੀ ਜਾ ਸਕਦੀ ਹੈ।

## ਇਸ ਐਕਟ ਤਹਿਤ ਔਰਤਾਂ ਨੂੰ ਕੀ ਸਹਾਇਤਾ ਮਿਲ ਸਕਦੀ ਹੈ?

- ਪ੍ਰਭਾਵਤ ਔਰਤ ਨੂੰ ਤੁਰੰਤ ਹੀ ਅੰਤਰਮ ਸਹਾਇਤਾ ਦਿੱਤੀ ਜਾ ਸਕਦੀ ਹੈ।
- ਔਰਤ ਦੀ ਸ਼ਿਕਾਇਤ ਸਬੰਧਤ ਪੁਲਸ ਸਟੇਸ਼ਨ ਵਿੱਚ ਦਰਜ ਕਰਵਾਈ ਜਾ ਸਕਦੀ ਹੈ।
- ਔਰਤ ਦੀ ਸ਼ਿਕਾਇਤ ਸਬੰਧੀ ਇਨ ਕੈਮਰਾ ਕਾਰਵਾਈ ਕੀਤੀ ਜਾ ਸਕਦੀ ਹੈ।
- ਔਰਤ ਨੂੰ ਆਪਣੇ ਘਰ ਵਿੱਚ ਰਹਿਣ ਦਾ ਪੂਰਾ ਹੱਕ ਹੁੰਦਾ ਹੈ।
- ਪ੍ਰਭਾਵਤ ਔਰਤ ਨੂੰ ਉਸ ਦੇ ਜ਼ਰੂਰੀ ਖਰਚਿਆਂ ਲਈ ਵਿੱਤੀ ਸਹਾਇਤਾ ਵੀ ਦਿੱਤੀ ਜਾ ਸਕਦੀ ਹੈ।
- ਐਕਟ ਤਹਿਤ ਪ੍ਰਭਾਵਿਤ ਔਰਤਾਂ ਨੂੰ ਸਰਵਿਸ ਪ੍ਰੋਵਾਈਡਰ ਵੱਲੋਂ ਨਾਰੀ ਆਸ਼ਰਮ ਅਤੇ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਨਾਰੀ ਆਸ਼ਰਮ ਵਿਚ ਰਹਿ ਰਹੀ ਪੀੜਤ ਔਰਤ ਦੀ ਪਛਾਣ ਜਨਤਕ ਨਹੀਂ ਕੀਤੀ ਜਾ ਸਕਦੀ।

### ਐਕਟ ਤਹਿਤ ਮਿਲਣ ਵਾਲੀ ਅੰਤਰਿਮ ਰਾਹਤ

- ਇਸ ਐਕਟ ਤਹਿਤ ਇਸਤਰੀ ਧਨ ਵੱਜੋਂ ਉਸਦੇ ਗਹਿਣੇ ਅਤੇ ਕੱਪੜੇ ਆਦਿ ਦੀ ਸੁਰੱਖਿਆ ਦੇ ਹੁਕਮ ਪ੍ਰਾਪਤ ਕੀਤੇ ਜਾ ਸਕਦੇ ਹਨ।
- ਪੀੜਤ ਔਰਤ ਨਾਲ ਦੁਬਾਰਾ ਕਿਸੇ ਕਿਸਮ ਦੀ ਘਰੇਲੂ ਹਿੰਸਾ ਹੋਣ ਨੂੰ ਰੋਕਣ ਲਈ ਸੁਰੱਖਿਆ ਪ੍ਰਾਪਤ ਕੀਤੀ ਜਾ ਸਕਦੀ ਹੈ।
- ਅਦਾਲਤ ਦੀ ਆਗਿਆ ਤੋਂ ਬਿਨ੍ਹਾਂ ਸਾਂਝੇ ਬੈਂਕ ਖਾਤਿਆਂ ਦੀ ਵਰਤੋਂ ਤੋਂ ਰੋਕਿਆ ਜਾ ਸਕਦਾ ਹੈ।
- ਚੱਲ ਅਤੇ ਅਚੱਲ ਸੰਪਤੀ ਦੀ ਖਰੀਦ ਵੇਚ ਜਾਂ ਕਿਰਾਏ ਆਦਿ ਤੇ ਦੇਣ ਤੋਂ ਰੋਕਿਆ ਜਾ ਸਕਦਾ ਹੈ।
- ਔਰਤ ਦੇ ਪਰਵਾਰ ਦੀ ਸੰਪਤੀ ਵਿੱਚ ਉਸਦਾ ਵੀ ਹਿੱਸਾ ਬਣਦਾ ਹੋਵੇ, ਨੂੰ ਗਹਿਣੇ ਰੱਖ ਕੇ ਕਰਜ਼ਾ ਨਹੀਂ ਲਿਆ ਜਾ ਸਕਦਾ।

### ਐਕਟ ਤਹਿਤ ਪ੍ਰਾਪਤ ਕੀਤੇ ਜਾਣ ਵਾਲੇ ਵਿਸ਼ੇਸ਼ ਹੁਕਮ

- ਔਰਤ ਦੇ ਰਹਿਣ ਵਾਲੀ ਥਾਂ ਅਤੇ ਕੰਮ ਕਰਨ ਵਾਲੀ ਥਾਂ ਤੇ ਬਣੇ ਰਹਿਣ ਦੇ ਹੁਕਮ।
- ਦੋਸ਼ੀ ਨੂੰ ਕਿਸੇ ਕਿਸਮ ਦੇ ਸੰਚਾਰ ਜਿਵੇਂ ਕਿ ਟੈਲੀਫੋਨ, ਪੱਤਰ ਜਾਂ ਈ੍ਮੇਲ ਰਾਹੀਂ ਸੰਪਰਕ ਕਰਨ ਤੋਂ ਰੋਕਿਆ ਜਾ ਸਕਦਾ ਹੈ।
- ਔਰਤ ਦੇ ਬੱਚਿਆਂ ਦੇ ਸਕੂਲ ਆਦਿ ਵਿੱਚ ਜਾਣ ਤੋਂ ਰੋਕਿਆ ਜਾ ਸਕਦਾ ਹੈ।
- ਕਿਸੇ ਵੀ ਕਿਸਮ ਦੇ ਘਾਤਕ ਪ੍ਰਾਪਤ ਕੀਤੇ ਜਾ ਸਕਦੇ ਹਨ।
- ਪਰਵਾਰ ਵਿੱਚ ਰਹਿ ਰਹੇ ਦੋਸ਼ੀ ਨੂੰ ਨਸ਼ੀਲੀਆਂ ਵਸਤਾਂ ਅਤੇ ਸ਼ਰਾਬ ਦੇ ਸੇਵਨ ਤੋਂ ਰੋਕਿਆ ਜਾ ਸਕਦਾ ਹੈ ਜਿਸ ਰਾਹੀਂ ਦੁਬਾਰਾ ਘਰੇਲੂ ਹਿੰਸਾ ਹੋਣ ਦਾ ਡਰ ਹੋਵੇ।

### ਹੋਰ ਅੰਤਰਮ ਰਾਹਤ ਜੋ ਪ੍ਰਾਪਤ ਕੀਤੀ ਜਾ ਸਕਦੀ ਹੈ

- ਆਪਣੇ ਅਤੇ ਬੱਚਿਆਂ ਦੀ ਸਾਂਭ ਸੰਭਾਲ ਲਈ ਰਾਹਤ।
- ਘਰੇਲੂ ਹਿੰਸਾ ਕਾਰਨ ਹੋਈ ਦਿਮਾਗੀ ਪਰੇਸ਼ਾਨੀ ਦਾ ਹਰਜਾਨਾ।

- ਘਰੇਲੂ ਹਿੰਸਾ ਕਾਰਨ ਨੁਕਸਾਨ ਹੋਈ ਕਮਾਈ ਦਾ ਹਰਜਾਨਾ।
- ਘਰੇਲੂ ਹਿੰਸਾ ਕਾਰਨ ਨੁਕਸਾਨ ਹੋਈ ਕਮਾਈ ਦਾ ਹਰਜਾਨਾ।
- ਘਰੇਲੂ ਹਿੰਸਾ ਕਾਰਨ ਹੋਏ ਸੰਪਤੀ ਦੇ ਨੁਕਸਾਨ ਦੀ ਪ੍ਰਤੀ ਪੂਰਤੀ

## ਘਰੇਲੂ ਹਿੰਸਾ ਐਕਟ ਤਹਿਤ ਸਜ਼ਾ ਅਤੇ ਜੁਰਮਾਨਾ

ਜੇਕਰ ਮੈਜਿਸਟ੍ਰੇਟ ਵੱਲੋਂ ਦਿੱਤੇ ਗਏ ਹੁਕਮਾਂ ਦੀ ਉਲੰਘਣਾ ਕੀਤੀ ਜਾਵੇ ਤਾਂ ਉਲੰਘਣਾ ਕਰਨ ਤੇ ਇੱਕ ਸਾਲ ਦੀ ਕੈਦ ਜਾਂ 20,000/- ਰੁਪਏ ਜੁਰਮਾਨਾ ਜਾਂ ਦੋਨੋਂ ਵੀ ਹੋ ਸਕਦੇ ਹਨ।

ਮੈਜਿਸਟ੍ਰੇਟ ਵੱਲੋਂ ਕੀਤੇ ਗਏ ਹੁਕਮਾਂ ਤੋਂ ਜੇਕਰ ਪੀੜਤ ਔਰਤ ਸੰਤੁਸ਼ਟ ਨਾ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਸੈਸ਼ਨ ਕੋਰਟ ਵਿੱਚ ਅਪੀਲ ਕੀਤੀ ਜਾ ਸਕਦੀ ਹੈ।

# ਅਧਿਆਇ 11

# ਪੰਜਾਬ ਸੇਵਾ ਅਧਿਕਾਰ ਐਕਟ, 2011

### ਐਕਟ ਨੂੰ ਲਾਗੂ ਕਰਨ ਦਾ ਮੰਤਵ :

ਭਾਵੇਂ ਸਰਕਾਰ ਵੱਲੋਂ ਆਮ ਜਨਤਾ ਨੂੰ ਪਹਿਲਾਂ ਹੀ ਕਈ ਪ੍ਰਕਾਰ ਦੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਸਨ ਜੋ ਉਹਨਾਂ ਦਾ ਇਕ ਬੁਨਿਆਦੀ ਹੱਕ ਹੈ, ਪਰੰਤੂ ਇਹ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੋਈ ਸਮਾਂ ਸੀਮਾਂ ਨਿਸ਼ਚਿਤ ਨਾ ਹੋਣ ਕਾਰਨ ਜਨਤਾ ਨੂੰ ਆਪਣੇ ਛੋਟੇ ਛੋਟੇ ਕੰਮ ਕਰਵਾਉਣ ਲਈ ਸਰਕਾਰੀ ਦਫਤਰਾਂ ਵਿੱਚ ਖੱਜਲ-ਖੁਆਰ ਹੋਣਾ ਪੈਂਦਾ ਸੀ। ਆਮ ਜਨਤਾ ਦੀਆਂ ਇਹਨਾਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰੀ ਕੰਮ-ਕਾਜ ਦੀ ਰਫਤਾਰ ਨੂੰ ਤੇਜ਼ ਕਰਨ ਅਤੇ ਆਮ ਲੋਕਾਂ ਨੂੰ ਸੇਵਾਵਾਂ ਦੀ ਉਪਲੱਬਧੀ ਯਕੀਨੀ/ ਆਸਾਨ ਬਣਾਉਣ ਲਈ ਸਰਕਾਰ ਵੱਲੋਂ ਪੰਜਾਬ ਸੇਵਾ ਅਧਿਕਾਰ ਐਕਟ, 2011 ਲਾਗੂ ਕੀਤਾ ਗਿਆ ਹੈ। ਇਸ ਐਕਟ ਦੀ ਧਾਰਾ 3 ਅਧੀਨ ਨੋਟੀਫਾਈ ਕੀਤੀਆਂ ਸੇਵਾਵਾਂ ਮਿੱਥੇ ਹੋਏ ਸਮੇਂ ਅੰਦਰ ਮੁਹੱਈਆ ਕਰਵਾਉਣ ਦੀ ਵਿਵਸਥਾ ਕੀਤੀ ਗਈ ਹੈ।

### ਪੰਜਾਬ ਸੇਵਾ ਅਧਿਕਾਰ ਐਕਟ ਦੇ ਵਿਸ਼ੇਸ਼ ਮੁੱਦੇ :-

ਇਸ ਐਕਟ ਦੀ ਧਾਰਾ 3, ਸਰਕਾਰ ਨੂੰ ਸਮੇਂ-ਸਮੇਂ ਤੇ ਆਮ ਜਨਤਾ ਨਾਲ ਸਬੰਧ ਰੱਖਣ ਵਾਲੀਆਂ ਸੇਵਾਵਾਂ ਨੋਟੀਫਾਈ ਕਰਨ ਦਾ ਅਧਿਕਾਰ ਦਿੰਦੀ ਹੈ। ਨੋਟੀਫਿਕੇਸ਼ਨ ਮਿਤੀ 02-03-2015 ਰਾਹੀਂ ਰਾਜ ਦੇ 27 ਵੱਖ-ਵੱਖ ਵਿਭਾਗਾਂ ਜਿਵੇਂ ਮਾਲ, ਸਿਹਤ, ਟ੍ਰਾਂਸਪੋਰਟ, ਪ੍ਰਸੋਨਲ, ਖੁਰਾਕ, ਸਿਵਲ ਸਪਲਾਈ ਅਤੇ ਖੱਪਤਕਾਰ ਮਾਮਲੇ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ, ਸਥਾਨਕ ਸਰਕਾਰ, ਪੇਂਡੂ ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਸਮਾਜਿਕ ਸੁਰੱਖਿਆ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ, ਗ੍ਰਹਿ (ਪੁਲਸ), ਖੇਤੀ ਬਾੜੀ/ਮੰਡੀ ਬੋਰਡ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਸਕੂਲ ਸਿੱਖਿਆ, ਉਚੇਰੀ ਸਿੱਖਿਆ, ਉਦਯੋਗ/ਸਮਾਲ ਸਕੇਲ ਇੰਡਸਟਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮ:, ਪਾਵਰ, ਟਾਊਨ ਅਤੇ ਕੰਟਰੀ ਪਲਾਨਿੰਗ, ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ, ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਤਕਨੀਕੀ ਸਿੱਖਿਆ ਆਦਿ ਨਾਲ ਸਬੰਧਤ ਸੇਵਾਵਾਂ ਦੀ ਗਿਣਤੀ 351 ਹੋ ਚੁੱਕੀ ਹੈ।

ਇਹ ਸੇਵਾਵਾਂ ਦੇਣ ਲਈ ਸਬੰਧਤ ਵਿਭਾਗ ਦਾ ਇਕ ਅਧਿਕਾਰੀ ਬਤੌਰ ਨਾਮਜ਼ਦ ਅਫਸਰ ਅਤੇ ਸੇਵਾ ਨਾ ਮਿਲਣ ਜਾਂ ਦੇਰੀ ਨਾਲ ਮਿਲਣ ਤੇ ਹੱਕ-ਰਸੀ ਕਰਨ ਲਈ ਪਹਿਲੀ ਅਪੀਲ ਅਥਾਰਟੀ, ਦੂਜੀ ਅਪੀਲ ਅਥਾਰਟੀ ਅਤੇ ਸੇਵਾ ਮੁਹੱਈਆ ਕਰਵਾਉਣ ਲਈ ਸਮਾਂ-ਸੀਮਾਂ ਦੀ ਨੋਟੀਫਿਕੇਸ਼ਨ ਕੀਤੀ ਗਈ ਹੈ। ਸਰਕਾਰ ਵੱਲੋਂ ਨਾਮਜ਼ਦ ਕੀਤਾ ਗਿਆ ਅਧਿਕਾਰੀ ਪ੍ਰਾਰਥੀ ਨੂੰ ਮਿਥੇ ਸਮੇਂ ਅੰਦਰ ਸੇਵਾ ਮੁਹੱਈਆ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ। ਜੇਕਰ ਉਸਨੂੰ ਸੇਵਾ ਮਿੱਥੇ ਸਮੇਂ ਅੰਦਰ ਨਹੀਂ ਦਿੱਤੀ ਜਾਂਦੀ ਜਾਂ ਦੇਰੀ ਨਾਲ ਦਿੱਤੀ ਜਾਂਦੀ ਹੈ ਤਾਂ ਉਹ ਪਹਿਲੀ ਅਪੀਲ ਅਥਾਰਟੀ ਪਾਸ ਅਪੀਲ ਕਰ ਸਕਦਾ ਹੈ। ਜੇਕਰ ਉਹ ਪਹਿਲੀ ਅਪੀਲ ਅਥਾਰਟੀ ਦੇ ਹੁਕਮਾਂ ਨਾਲ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਦੂਜੀ ਅਪੀਲ ਅਥਾਰਟੀ ਪਾਸ ਅਪੀਲ ਕਰ ਸਕਦਾ ਹੈ ਅਤੇ ਜੇਕਰ ਪ੍ਰਾਰਥੀ ਦੂਜੀ ਅਪੀਲ ਅਥਾਰਟੀ ਵੱਲੋਂ ਕੀਤੇ ਗਏ ਹੁਕਮਾਂ ਨਾਲ ਵੀ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਉਸ ਦੇ ਹੁਕਮਾਂ ਦੇ ਖਿਲਾਫ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਪਾਸ ਦੁਬਾਰਾ ਦਰਖਾਸਤ ਦਾਇਰ ਕਰ ਸਕਦਾ ਹੈ।

### ਸੇਵਾ ਪ੍ਰਾਪਤ ਕਰਨ ਲਈ ਵਿਧੀ :

- ਸੇਵਾ ਪ੍ਰਾਪਤ ਕਰਨ ਲਈ ਕੋਈ ਵੀ ਪ੍ਰਾਰਥੀ ਨਿਰਧਾਰਿਤ ਪ੍ਰੋਫਾਰਮੇ ਵਿੱਚ ਜੋ ਕਮਿਸ਼ਨ ਦੀ ਵੈਬਸਾਈਟ ਗਵਤਬਚਅਹ੍ਲ''ਪਨ਼ਜ;।ਫਰਠ ਤੇ ਵੀ ਉਪਲੱਬਧ ਹੈ ਜਾਂ ਸਾਦੇ ਕਾਗਜ਼ ਤੇ ਦਰਖਾਸਤ ਮੁਕੰਮਲ ਕਰਕੇ ਸਮੇਤ ਦਸਤਾਵੇਜ਼ ਜੋ ਨਾਲ ਲਗਾਉਣੇ ਜ਼ਰੂਰੀ ਹੋਣ, ਲਗਾ ਕੇ ਨਾਮਜ਼ਦ ਅਧਿਕਾਰੀ ਨੂੰ ਦੇ ਸਕਦਾ ਹੈ।
- **ਦਰਖਾਸਤ ਦੀ ਰਸੀਦ ਪ੍ਰਾਪਤ ਕਰਨੀ ਜ਼ਰੂਰੀ ਹੈ ਕਿਉਂਕਿ ਸੇਵਾ ਪ੍ਰਾਪਤ ਕਰਨ ਲਈ ਨਿਰਧਾਰਿਤ ਸਮਾਂ ਰਸੀਦ ਦੀ ਮਿਤੀ ਤੋਂ ਹੀ ਸ਼ੁਰੂ ਹੋਵੇਗਾ।**

### ਦਰਖਾਸਤ ਕਿੱਥੇ ਦਿੱਤੀ ਜਾ ਸਕਦੀ ਹੈ ?

ਸੇਵਾ ਪ੍ਰਾਪਤ ਕਰਨ ਲਈ ਦਰਖਾਸਤ ਜ਼ਿਲ੍ਹੇ/ਉਪ ਮੰਡਲ ਦਫਤਰ ਵਿਖੇ ਸੁਵਿੱਧਾ ਕੇਂਦਰ, ਸਾਂਝ ਕੇਂਦਰ ਜਾਂ ਨਾਮਜ਼ਦ ਅਧਿਕਾਰੀ ਦੇ ਦਫਤਰ ਅਤੇ ਮਾਲ ਰਿਕਾਰਡ ਦੀਆਂ ਕਾਪੀਆਂ ਪ੍ਰਾਪਤ ਕਰਨ ਲਈ ਫਰਦ ਕੇਂਦਰ ਵਿਖੇ ਦਿੱਤੀ ਜਾ ਸਕਦੀ ਹੈ।

### ਸੇਵਾ ਪ੍ਰਾਪਤ ਕਰਨ ਸਬੰਧੀ ਸਮਾਂ :-

ਸੇਵਾ ਨੋਟੀਫਾਈ ਕੀਤੇ ਨਿਰਧਾਰਤ ਸਮੇਂ ਅੰਦਰ ਦਿੱਤੀ ਜਾਣੀ ਹੈ। ਪ੍ਰੰਤੂ ਸੁਵਿੱਧਾ ਕੇਂਦਰ ਵਿਖੇ ਦਿੱਤੀਆਂ ਜਾਣ ਵਾਲੀਆਂ ਦਰਖਾਸਤਾਂ ਲਈ ਸੇਵਾ ਪ੍ਰਾਪਤ ਕਰਨ ਲਈ 2 ਦਿਨ ਦਾ ਸਮਾਂ ਵਾਧੂ ਹੋਵੇਗਾ।

### ਨਾਮਜ਼ਦ ਅਫਸਰ ਵਲੋਂ ਕੀਤੀ ਜਾਣ ਵਾਲੀ ਕਾਰਵਾਈ :

- ਨਾਮਜ਼ਦ ਅਧਿਕਾਰੀ ਸੇਵਾ ਪ੍ਰਾਪਤ ਕਰਨ ਲਈ ਦਰਖਾਸਤ ਤੇ ਬਾਰ-ਬਾਰ ਇਤਰਾਜ਼ ਨਹੀਂ ਲਗਾਏਗਾ ਅਤੇ ਦਰਖਾਸਤ ਲੋੜੀਂਦੇ ਦਸਤਾਵੇਜ਼ ਸਮੇਤ ਮੁਕੰਮਲ ਹੋਣ ਦੀ ਸੂਰਤ ਵਿੱਚ ਹੀ ਪ੍ਰਾਪਤ ਕਰਕੇ ਰਸੀਦ ਦੇਣਾ ਲਾਜ਼ਮੀ ਬਣਾਏਗਾ।
- ਦਰਖਾਸਤ ਪ੍ਰਾਪਤ ਹੋਣ ਤੋਂ ਬਾਅਦ ਨਾਮਜ਼ਦ ਅਫਸਰ ਨਿਸ਼ਚਿਤ ਸਮਾਂ-ਸੀਮਾਂ ਅੰਦਰ ਦਰਖਾਸਤ ਕਰਤਾ ਨੂੰ ਸੇਵਾ ਮੁਹੱਈਆ ਕਰਵਾਏਗਾ।

  ਜਾਂ
- ਜੇਕਰ ਦਰਖਾਸਤ ਕਰਤਾ ਸੇਵਾ ਪ੍ਰਾਪਤ ਕਰਨ ਦਾ ਯੋਗ ਪਾਤਰ ਨਹੀਂ ਹੈ ਤਾਂ ਨਾਮਜ਼ਦ ਅਧਿਕਾਰੀ ਇਸ ਦੇ ਠੋਸ ਕਾਰਨ ਲਿਖਤੀ ਰੂਪ ਵਿਚ ਦਰਜ ਕਰੇਗਾ ਅਤੇ ਕਾਰਨਾਂ ਬਾਰੇ ਦਰਖਾਸਤ ਕਰਤਾ ਨੂੰ ਸੂਚਿਤ ਕਰੇਗਾ।

### ਸਮਾਂ-ਸੀਮਾ ਅੰਦਰ ਜਾਂ ਸੇਵਾ ਦੇਰੀ ਨਾਲ ਜਾਂ ਨਾ ਮਿਲਣ ਦੀ ਸੂਰਤ ਵਿੱਚ ਪ੍ਰਾਰਥੀ ਕੀ ਕਰ ਸਕਦਾ ਹੈ :-

- ਅਜਿਹੀ ਸੂਰਤ ਵਿੱਚ ਪ੍ਰਾਰਥੀ ਐਕਟ ਦੀ ਧਾਰਾ 6 ਅਧੀਨ ਪਹਿਲੀ ਅਪੀਲ ਅਥਾਰਟੀ ਪਾਸ 30 ਦਿਨਾਂ ਅੰਦਰ ਅਪੀਲ ਦਾਇਰ ਕਰ ਸਕਦਾ ਹੈ। ਪਹਿਲੀ ਅਪੀਲ ਅਥਾਰਟੀ ਜਿੱਥੋਂ ਤੱਕ ਸੰਭਵ ਹੋਵੇ ਅਪੀਲ ਪ੍ਰਾਪਤੀ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਅਪੀਲ ਦਾ ਨਿਪਟਾਰਾ ਕਰੇਗੀ।
- ਜੇਕਰ ਪਹਿਲੀ ਅਪੀਲ ਅਥਾਰਟੀ ਦੇ ਹੁਕਮ ਦੇ ਬਾਵਜੂਦ ਵੀ ਉਸ ਨੂੰ ਸੇਵਾ ਨਹੀਂ ਮਿਲਦੀ ਤਾਂ ਉਹ ਪਹਿਲੀ ਅਪੀਲ ਸਥਾਰਟੀ ਦੇ ਹੁਕਮਾਂ ਦੇ ਵੇਰਵੇ ਦਰਸਾਉਂਦੇ 30 ਦਿਨਾਂ ਅੰਦਰ ਦੂਜੀ ਅਪੀਲ ਅਥਾਰਟੀ ਪਾਸ ਐਕਟ ਦੀ ਧਾਰਾ 7 ਅਧੀਨ ਅਪੀਲ ਦਾਇਰ ਕਰ ਸਕਦਾ ਹੈ। ਦੂਜੀ ਅਪੀਲ ਅਥਾਰਟੀ ਜਿੱਥੋਂ ਤੱਕ ਸੰਭਵ ਹੋ ਸਕੇ ਅਪੀਲ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਪੀਲ ਦਾ ਨਿਪਟਾਰਾ ਕਰੇਗੀ।
- ਜੇਕਰ ਪ੍ਰਾਰਥੀ ਫਿਰ ਵੀ ਦੂਜੀ ਅਪੀਲ ਅਥਾਰਟੀ ਦੇ ਫੈਸਲੇ ਤੋਂ ਸੰਤੁਸ਼ਟ ਨਹੀਂ ਹੁੰਦਾ ਤਾਂ ਉਹ ਦੂਜੀ ਅਪੀਲ ਅਥਾਰਟੀ ਦੇ ਹੁਕਮ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅੰਦਰ ਐਕਟ ਦੀ ਧਾਰਾ 10 ਅਧੀਨ ਦੂਜੀ ਅਪੀਲ ਅਥਾਰਟੀ ਦੇ ਹੁਕਮ ਦੀ ਕਾਪੀ ਨਾਲ ਲਗਾਉਂਦੇ ਹੋਏ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਪਾਸ ਨਿਰਧਾਰਤ ਪ੍ਰੋਫਾਰਮੇ ਵਿੱਚ ਜਾਂ ਸਾਦੇ ਕਾਗਜ਼ ਤੇ ਸੋਧ ਦਰਖਾਸਤ ਦਾਇਰ ਕਰ ਸਕਦਾ ਹੈ।
- **ਕਿਸੇ ਵੀ ਪੱਧਰ ਤੇ ਅਪੀਲ/ਸੋਧ ਦੀ ਸੁਣਵਾਈ ਦੌਰਾਨ, ਦਰਖਾਸਤ ਕਰਤਾ ਖੁਦ ਕੇਸ ਦੀ ਪੈਰਵੀ ਕਰ ਸਕਦਾ ਹੈ।**

### ਫੀਸ :

**ਪੰਜਾਬ ਸੇਵਾ ਅਧਿਕਾਰ ਐਕਟ ਅਧੀਨ ਕੋਈ ਵੀ ਨੋਟੀਫਾਈਡ ਸੇਵਾ ਪ੍ਰਾਪਤ ਕਰਨ, ਅਪੀਲ/ਸੋਧ ਦਾਇਰ ਕਰਨ ਦੀ ਕੋਈ ਫੀਸ ਨਹੀਂ।** ਪਰੰਤੂ ਕੋਈ ਵੀ ਨੋਟੀਫਾਈਡ ਸੇਵਾ ਲੈਣ ਲਈ ਦਰਖਾਸਤ ਦੇਣ ਸਮੇਂ ਸਬੰਧਤ ਸੁਵਿੱਧਾ ਕੇਂਦਰ ਵਿਖੇ ਨਿਰਧਾਰਤ "ਸੇਵਾ ਦਰ" ਅਦਾ ਕਰਨੇ ਪੈਣਗੇ।

### ਸਮਾਂ ਸੀਮਾ ਅੰਦਰ ਜਾਂ ਸੇਵਾ ਦੇਰੀ ਨਾਲ ਜਾਂ ਨਾ ਮਿਲਣ ਦੀ ਸੂਰਤ ਵਿੱਚ ਜੁਰਮਾਨਾ/ ਮੁਆਵਜ਼ੇ ਦਾ ਪ੍ਰਬੰਧ :-

- ਇਸ ਐਕਟ ਦੀ ਧਾਰਾ 9 ਅਧੀਨ ਇਹ ਪ੍ਰਬੰਧ ਕੀਤਾ ਹੋਇਆ ਹੈ ਕਿ ਜੇਕਰ ਦੂਜੀ ਅਪੀਲ ਅਥਾਰਟੀ ਨੂੰ ਇਹ ਵਿਸਵਾਸ਼ ਹੋ ਜਾਵੇ ਕਿ ਸੇਵਾ ਮੁਹੱਈਆ ਕਰਵਾਉਣ ਵਾਲਾ ਨਾਮਜ਼ਦ ਅਫਸਰ ਜਾਂ ਕੋਈ ਸਬੰਧਤ ਕਰਮਚਾਰੀ ਬਿਨਾਂ ਕਿਸੇ ਠੋਸ ਕਾਰਨ ਦੇ ਸੇਵਾ ਮੁਹੱਈਆ ਨਹੀਂ ਕਰਵਾ ਰਿਹਾ ਤਾਂ ਉਹ ਉਸ ਨਾਮਜ਼ਦ ਅਫਸਰ ਜਾਂ ਇਸ ਕੰਮ ਨਾਲ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਸੁਣਵਾਈ ਦਾ ਮੌਕਾ ਦੇਣ ਉਪਰੰਤ ਘੱਟੋ ਘੱਟ 500/- ਰੁਪਏ ਅਤੇ ਵੱਧ ਤੋਂ ਵੱਧ 5000/- ਰੁਪਏ ਤੱਕ ਜੁਰਮਾਨਾ ਲਗਾ ਸਕਦੇ ਹਨ।
- ਇਸ ਤੋਂ ਇਲਾਵਾ ਉਸ ਨਾਮਜ਼ਦ ਅਧਿਕਾਰੀ ਜਾਂ ਉਸ ਕਰਮਚਾਰੀ ਨੂੰ ਸੁਣਵਾਈ ਦਾ ਮੌਕਾ ਦੇਣ ਉਪਰੰਤ 250/- ਰੁਪਏ ਪ੍ਰਤੀ ਦਿਨ ਦੇਰੀ ਦੇ ਹਿਸਾਬ ਨਾਲ ਜੋ 5000/- ਰੁਪਏ ਤੋਂ ਵੱਧ ਨਹੀਂ ਹੋਵੇਗਾ ਜੁਰਮਾਨਾ ਲਗਾਇਆ ਜਾ ਸਕਦਾ ਹੈ।
- ਪੰਜਾਬ ਸੇਵਾ ਅਧਿਕਾਰ ਐਕਟ, 2011 ਦੀ ਧਾਰਾ 17(1) (ਐਚ) ਅਧੀਨ, ਪੰਜਾਬ ਸੇਵਾ ਅਧਿਕਾਰ ਕਮਿਸ਼ਨ ਨੂੰ ਜੇਕਰ ਇਹ ਵਿਸਵਾਸ਼ ਹੋ ਜਾਵੇ ਕਿ ਸੇਵਾ ਮੁਹੱਈਆ ਕਰਵਾਉਣ ਵਾਲਾ ਨਾਮਜ਼ਦ ਅਫਸਰ ਜਾਂ ਕੋਈ ਸਬੰਧਤ ਕਰਮਚਾਰੀ ਬਿਨਾਂ ਕਿਸੀ ਠੋਸ ਕਾਰਨ ਦੇ ਆਪਣੀ ਡਿਊਟੀ ਨਿਭਾਉਣ ਵਿਚ ਅਸਮਰੱਥ ਰਿਹਾ ਹੈ ਤਾਂ ਕਮਿਸ਼ਨ ਉਸ ਨੂੰ ਸੁਣਵਾਈ ਦਾ ਮੌਕਾ ਦੇਣ ਓਪਰੰਤ 10,000/- ਰੁਪਏ ਤੱਕ ਪ੍ਰਤੀ ਕੇਸ ਜੁਰਮਾਨਾ ਲਗਾ ਸਕਦਾ ਹੈ।

### ਪ੍ਰਾਰਥੀ ਨੂੰ ਮੁਆਵਜ਼ਾ :

ਐਕਟ ਦੀ ਧਾਰਾ 9(2) ਅਧੀਨ ਦੂਜੀ ਅਪੀਲ ਅਥਾਰਟੀ/ਪੰਜਾਬ ਸੇਵਾ ਅਧਿਕਾਰ ਕਮਿਸ਼ਨ ਅਜਿਹੇ ਲਗਾਏ ਗਏ ਜੁਰਮਾਨੇ ਵਿੱਚੋ ਕੁੱਝ ਹਿੱਸਾ ਮੁਆਵਜ਼ੇ ਵਜੋਂ ਪ੍ਰਾਰਥੀ ਨੂੰ ਵੀ ਦੇਣ ਦਾ ਹੁਕਮ ਕਰ ਸਕਦਾ ਹੈ।

### ਅਨੁਸਾਸ਼ਨੀ ਕਾਰਵਾਈ :

ਐਕਟ ਦੀ ਧਾਰਾ 9(3) ਅਧੀਨ ਮੁਆਵਜ਼ੇ ਤੋਂ ਇਲਾਵਾ ਇਹਨਾਂ ਅਧਿਕਾਰੀਆਂ/ ਕਰਮਚਾਰੀਆਂ ਦੇ ਖਿਲਾਫ ਅਨੁਸਾਸ਼ਨੀ ਕਾਰਵਾਈ ਕਰਨ ਦੀ ਸਿਫਾਰਸ਼ ਵੀ ਕੀਤੀ ਜਾ ਸਕਦੀ ਹੈ।

### ਕਮਿਸ਼ਨ ਦੀ ਭੂਮਿਕਾ :

ਪੰਜਾਬ ਸੇਵਾ ਅਧਿਕਾਰ ਐਕਟ, 2011 ਨੂੰ ਇੰਨ-ਬਿੰਨ ਲਾਗੂ ਕਰਵਾਉਣ ਦੇ ਮੰਤਵ ਲਈ ਸਰਕਾਰ ਵਲੋਂ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਦੀ ਵੀ ਸਥਾਪਨਾ ਕੀਤੀ ਹੋਈ ਹੈ ਜੋ ਐਕਟ ਅਧੀਨ ਹੋਰ ਕੰਮਾਂ ਤੋਂ ਇਲਾਵਾ ਨੋਟੀਫਾਈਡ ਸੇਵਾਵਾਂ ਨੂੰ ਆਮ ਲੋਕਾਂ ਨੂੰ ਨਿਰਧਾਰਤ ਸਮਾਂ-ਸੀਮਾਂ ਅੰਦਰ ਅਤੇ ਬਿਹਤਰ ਢੰਗ ਨਾਲ ਮੁਹੱਈਆ ਕਰਵਾਉਣ ਲਈ ਕੰਮ ਕਰ ਰਿਹਾ ਹੈ। ਕਮਿਸ਼ਨ ਸਬੰਧੀ ਮੁਕੰਮਲ ਜਾਣਕਾਰੀ ਇਸ ਦੀ ਵੈਬਸਾਈਟ www.rtspunjab.gov.in ਤੇ ਉਪਲੱਬਧ ਹੈ। ਜੇਕਰ ਕਿਸੇ ਨੂੰ ਨੋਟੀਫਾਈਡ ਸੇਵਾ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਆਉਂਦੀ ਹੋਵੇ ਜਾਂ ਇਸ ਸਬੰਧ ਵਿਚ ਕੋਈ ਸੁਝਾਅ ਹੋਵੇ ਤਾਂ ਹੇਠ ਦਰਸਾਏ ਸਾਧਨਾ ਰਾਹੀਂ ਕਮਿਸ਼ਨ ਪਾਸ ਪਹੁੰਚ ਕਰ ਸਕਦਾ ਹੈ :

1) ਕਮਿਸ਼ਨ ਦੀ ਵੈਬਸਾਈਟ www.rtspunjab.gov.in;
2) ਈ-ਮੇਲ (rtspunjab@gmail.com),
3) www.publicgrievancespunjab.gov.in;
4) ਡਾਕ ਰਾਹੀਂ ਅਤੇ
5) ਦਸਤੀ ਦਰਖਾਸਤ ਰਾਹੀਂ।

## ਸੇਵਾ ਅਧਿਕਾਰ ਐਕਟ ਤਹਿਤ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ

### 1) ਸਰਟੀਫਿਕੇਟ ਮੁੱਖ ਸੇਵਾਵਾਂ

- ਆਮਦਨ ਸਰਟੀਫਿਕੇਟ ਜਾਰੀ ਕਰਨਾ।
- ਜਨਮ ਅਤੇ ਮੌਤ ਸਰਟੀਫਿਕੇਟ ਤਸਦੀਕ ਕਰਨਾ - ਨਗਰ ਨਿਗਮ
- ਜਨਮ ਅਤੇ ਮੌਤ ਸਰਟੀਫਿਕੇਟ ਤਸਦੀਕ ਕਰਨਾ - ਸ਼ਹਿਰੀ ਪੱਧਰ
- ਜਨਮ ਅਤੇ ਮੌਤ ਸਰਟੀਫਿਕੇਟ ਤਸਦੀਕ ਕਰਨਾ - ਪਿੰਡ ਪੱਧਰ
- ਰਿਹਾਇਸ਼ੀ ਸਰਟੀਫਿਕੇਟ ਜਾਰੀ ਕਰਨਾ।
- ਸਾਰੇ ਤਰ੍ਹਾਂ ਦੇ ਅਪੰਗ ਵਿਅਕਤੀ ਵਾਸਤੇ ਸਨਾਖਤੀ ਕਾਰਡ ਜਾਰੀ ਕਰਨਾ।
- ਜਾਤ ਸਬੰਧੀ ਸਰਟੀਫਿਕੇਟ ਜਾਰੀ ਕਰਨਾ।
- ਜਨਮ ਅਤੇ ਮੌਤ ਸਰਟੀਫਿਕੇਟ ਨਾਮ ਦਰਜ ਅਤੇ ਨਵਾਂ ਜਨਮ ਸਰਟੀਫਿਕੇਟ
- ਜਨਮ ਅਤੇ ਮੌਤ ਸਰਟੀਫਿਕੇਟ ਵਿੱਚ ਦਰੁਸਤੀ ਕਰਨਾ
- ਬਜ਼ੁਰਗ ਨਾਗਰਿਕ ਸਨਾਖਤੀ ਕਾਰਡ
- ਭਾਰ ਰਹਿਤ ਸਰਟੀਫਿਕੇਟ
- ਜਨਮ ਅਤੇ ਮੌਤ ਦੇਰੀ ਨਾਲ ਹੋਈ ਰਜਿਸਟਰੇਸ਼ਨ ਸਬੰਧੀ (ਜੇਕਰ 30 ਦਿਨਾਂ ਬਾਅਦ ਅਤੇ ਇੱਕ ਸਾਲ ਦੇ ਅੰਦਰ ਸਹਿਰੀ/ਦਿਹਾਤੀ)
- ਮੈਡੀਕਲ ਸਰਟੀਫਿਕੇਟ ਜਾਰੀ ਕਰਨਾ।
- ਸਰਟੀਫਿਕੇਟ ਜਾਰੀ ਕਰਨਾ, ਆਗਿਆ, ਰੱਦ ਕਰਨਾ ਅਲਟਰਾਸਾਊਂਡ ਸੈਂਟਰਾਂ ਦੇ ਸਬੰਧ ਵਿਚ
- ਸ਼ਾਦੀ ਸਬੰਧੀ ਸਰਟੀਫਿਕੇਟ ਜਾਰੀ ਕਰਨਾ।
- ਸਪੈਸਲ ਮੈਰਿਜ਼ ਐਕਟ 1994 ਦੇ ਅਧੀਨ ਵਿਆਹ ਦੇ ਬੰਧਨ ਵਿੱਚ ਬੱਝਣ ਸਬੰਧੀ
- ਪੰਜਾਬ ਕੰਪਲਸਰੀ ਰਜਿਸਟਰੇਸ਼ਨ ਮੈਰਿਜ ਐਕਟ 2012 ਸਬੰਧੀ ਰਜਿਸਟ੍ਰੇਸ਼ਨ
- ਪੇਂਡੂ ਏਰੀਆ ਸਰਟੀਫਿਕੇਟ

### 2) ਪੈਨਸ਼ਨ ਸਕੀਮ (ਮੁੱਖ ਸੁਵਿਧਾਵਾਂ)

- ਸਮਾਜਿਕ ਸੁਰੱਖਿਆ ਵਿਭਾਗ ਦੁਆਰਾ ਬੁਢਾਪਾ, ਅਪੰਗ, ਵਿਧਵਾਵਾਂ ਨੂੰ ਮਿਲਣ ਵਾਲੇ ਲਾਭ (ਸ਼ਹਿਰੀ ਪੱਧਰ ਤੇ)
- ਸਮਾਜਿਕ ਸੁਰੱਖਿਆ ਵਿਭਾਗ ਦੁਆਰਾ ਬੁਢਾਪਾ, ਅਪੰਗ, ਵਿਧਵਾਵਾਂ ਨੂੰ ਮਿਲਣ ਵਾਲੇ ਲਾਭ (ਪਿੰਡ ਪੱਧਰ ਤੇ)
- ਆਸਰਿਤ ਬੱਚਿਆਂ ਨੂੰ ਸਾਰੇ ਵਿੱਤੀ ਲਾਭ (ਸ਼ਹਿਰੀ ਪੱਧਰ ਤੇ)
- ਆਸਰਿਤ ਬੱਚਿਆਂ ਨੂੰ ਸਾਰੇ ਵਿੱਤੀ ਲਾਭ (ਪਿੰਡ ਪੱਧਰ ਤੇ)

### 3) ਲਾਇਸੈਂਸ ਅਤੇ ਪਰਮਿਟ (ਮੁੱਖ ਸੁਵਿਧਾਵਾਂ)

- ਹਥਿਆਰ ਵਿੱਚ ਵਾਧਾ/ਘਾਟਾ (ਜੇਕਰ ਉਹ ਹਥਿਆਰ ਉਸੇ ਜ਼ਿਲੇ ਵਿੱਚੋਂ ਜਾਰੀ ਕੀਤਾ ਗਿਆ ਹੋਵੇ)
- ਹਥਿਆਰਾਂ ਦੀ ਖਰੀਦ ਸਮੇਂ ਵਿੱਚ ਵਾਧਾ (ਮਨਜ਼ੂਰਸ਼ੁਦਾ ਸਮੇਂ ਅੰਦਰ ਅਤੇ ਜੇਕਰ ਲਾਇਸੈਂਸ ਉਸੇ ਜ਼ਿਲ੍ਹੇ ਤੋਂ ਜਾਰੀ ਕੀਤਾ ਹੋਵੇ)
- ਲਾਊਡ ਸਪੀਕਰਾਂ ਦੀ ਵਰਤੋਂ ਸਬੰਧੀ ਇਤਰਾਜ਼ਹੀਣਤਾ ਸਬੰਧੀ ਸਰਟੀਫਿਕੇਟ (ਜੇਕਰ ਅਸ.ਡੀ.ਐਮ. ਜਾਂ ਸਬੰਧਤ ਐਸ.ਐਚ.ਉ. ਆਗਿਆ ਪ੍ਰਦਾਨ ਕਰੇ)
- ਦਵਾਈਆਂ ਦੇ ਆਮ ਵਿਕਰੇਤਾ ਦਾ ਨਵਾਂ ਜਾਂ ਬਣ ਲਾਇਸੈਂਸ ਦਾ ਨਵੀਨੀਕਰਨ।
- ਦਵਾਈਆਂ ਦੇ ਥੋਕ ਵਿਕਰੇਤਾ ਦਾ ਨਵਾਂ ਜਾਂ ਬਣੇ ਲਾਇਸੈਂਸ ਦਾ ਨਵੀਨੀਕਰਨ।
- ਦਵਾਈਆਂ ਬਣਾਉਣ ਵਾਲਿਆਂ ਨੂੰ ਨਵਾਂ ਲਾਇਸੈਂਸ ਜਾਰੀ ਕਰਨਾ।

- ਹੋਮਿਉਪੈਥੀ ਦੇ ਆਮ ਵਿਕਰੇਤਾ ਨੂੰ ਨਵਾਂ ਜਾਂ ਬਣੇ ਲਾਇਸੈਂਸ ਦਾ ਨਵੀਨੀਕਰਨ।
- ਹੋਮਿਉਪੈਥੀ ਦੇ ਥੋਕ ਵਿਕਰੇਤਾ ਨੂੰ ਨਵਾਂ ਜਾਂ ਬਣੇ ਲਾਇਸੈਂਸ ਦਾ ਨਵੀਨੀਕਰਨ।
- ਹੋਮਿਉਪੈਥੀ ਦਵਾਈਆਂ ਬਣਾਉਣ ਵਾਲਿਆਂ ਨੂੰ ਨਵਾਂ ਲਾਇਸੈਂਸ ਜਾਰੀ ਕਰਨਾ।
- ਕਾਸਮੈਟਿਕ ਮੈਨੂੰਫੈਕਚਰਿੰਗ ਲਾਇਸੈਂਸ ਜਾਰੀ ਕਰਨਾ।
- ਆਯੁਰਵੈਦਿਕ ਦਵਾਈਆਂ ਦੇ ਮੈਨੂਫੈਕਚਰਿੰਗ ਸਬੰਧੀ ਨਵੇ ਸਿਰੇ ਤੋਂ ਲਾਇਸੈਂਸ ਜਾਰੀ ਕਰਨਾ।
- ਹਥਿਆਰਾਂ ਦੇ ਲਾਇਸੈਂਸ ਦਾ ਨਵੀਨੀਕਰਨ।
- ਹਥਿਆਰਾਂ ਦੇ ਲਾਇਸੈਂਸ ਵਿੱਚ ਇੱਕ ਤੋਂ ਦੂਜੇ ਜ਼ਿਲੇ ਵਿੱਚ ਰਿਹਾਇਸ਼ ਬਦਲਣ ਸਬੰਧੀ ਨਵੀਨੀਕਰਣ ਸਰਟੀਫਿਕੇਟ।
- ਹਥਿਆਰਾਂ ਦੇ ਲਾਇਸੈਂਸ ਵਿਚ ਆਰਮਜ਼ ਐਕਟ ਅਧੀਨ ਪੁਲਸ ਦੁਆਰਾ ਕੋਤਾਹੀ ਰਿਪੋਰਟ ਸਬੰਧੀ ਕਾਰਵਾਈ ਕਰਨ ਤੇ ਪਹਿਲਾਂ ਸੁਣਵਾਈ ਲਈ ਇੱਕ ਮੌਕਾ ਪ੍ਰਦਾਨ ਕਰਕੇ ਉਸ ਲਾਇਸੈਂਸ ਦਾ ਨਵੀਨੀਕਰਨ।
- ਆਰਮਜ਼ ਲਾਇਸੈਂਸ ਵਿੱਚ ਹਥਿਆਰ ਦਾ ਨਾਂ ਦਰਜ ਕਰਨਾ।
- ਹਥਿਆਰ ਦਾ ਨਵਾਂ ਲਾਇਸੈਂਸ ਜਾਰੀ ਕਰਨਾ।
- ਹਥਿਆਰਾਂ ਦੇ ਲਾਇਸੈਂਸ ਦੀ ਡੁਪਲੀਕੇਟ ਜਾਰੀ ਕਰਨਾ।
- ਹਥਿਆਰਾਂ ਨੂੰ ਵੇਚਣ ਸਬੰਧੀ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਜਾਰੀ ਕਰਨਾ।
- ਅਧਿਕਾਰ ਖੇਤਰ ਵਿੱਚ ਵਾਧਾ (ਪੰਜਾਬ)
- ਹਥਿਆਰ ਦਾ ਲਾਇਸੈਂਸ ਰੱਦ ਕਰਨ ਸਬੰਧੀ ਪ੍ਰਾਥਨਾ ਪੱਤਰ।
- ਹਥਿਆਰਾਂ ਦੇ ਲਾਇਸੈਂਸ ਵਿੱਚ ਪਤੇ ਦੀ ਬਦਲੀ।
- ਹਥਿਆਰਾਂ ਦੇ ਰੱਖ ਰਖਾਵ ਸਬੰਧੀ ਵਾਧਾ ਜਾਂ ਘਾਟਾ।
- ਬੋਰ ਵਿੱਚ ਤਬਦੀਲੀ ਕਰਨ ਸਬੰਧੀ।
- ਮੌਤ ਦੇ ਕੇਸ ਵਿੱਚ ਹਥਿਆਰ ਜਮਾਂ ਕਰਾਉਣ ਸਬੰਧੀ ਆਗਿਆ।
- ਮੌਤ ਦੇ ਕੇਸ ਵਿੱਚ ਹਥਿਆਰ ਦੀ ਵੇਚ ਅਤੇ ਬਦਲੀ ਸਬੰਧੀ ਆਗਿਆ।
- ਮੈਗਜੀਨ ਦੇ ਵਾਧੇ ਸਬੰਧੀ ਆਗਿਆ ਜਾਰੀ ਕਰਨਾ।
- ਬੀਜ, ਖਾਦ, ਕੀੜੇ ਮਾਰ ਦਵਾਈਆਂ ਦੇ ਲਾਇਸੈਂਸ ਜਾਰੀ ਅਤੇ ਨਵੀਨੀਕਰਨ ਸਬੰਧੀ।
- ਬੀਜ, ਖਾਦ, ਕੀੜੇਮਾਰ ਦਵਾਈਆਂ ਵਿੱਚ ਗੋਦਾਮ ਪ੍ਰਾਪਤੀ ਸਬੰਧੀ।
- ਬੀਜ, ਖਾਦ, ਕੀੜੇਮਾਰ ਦਵਾਈਆਂ ਸਬੰਧੀ ਲਾਇਸੈਂਸ ਦੀ ਨਕਲ ਸਬੰਧੀ।
- ਬੀਜ, ਖਾਦ, ਕੀੜੇਮਾਰ ਦਵਾਈਆ ਦੇ ਲਾਇਸੈਂਸ ਸਬੰਧੀ ਸੋਧ ਅਤੇ ਵਾਧੇ ਸਬੰਧੀ।
- ਹਥਿਆਰ ਸਬੰਧੀ ਲਾਇਸੈਂਸ ਦਾ ਨਵੀਨੀਕਰਨ (ਜੇਕਰ ਪ੍ਰਾਰਥੀ ਨਿਯਤ ਮਿਤੀ ਤੋਂ ਬਾਅਦ ਬਿਨੈਪੱਤਰ ਦਿੰਦਾ ਹੈ)।

## 4) ਰਜਿਸਟਰੇਸ਼ਨ (ਮੁੱਖ ਸੁਵਿਧਾਵਾਂ)

- ਰਾਸ਼ਨ ਦੀ ਰਜਿਸਟਰੇਸ਼ਨ ਸਬੰਧੀ ਸਰਟੀਫਿਕੇਟ ਜਾਰੀ ਕਰਨਾ (ਜੇ ਆਮਦਨ 12 ਲੱਖ ਤੇ ਘੱਟ ਹੈ।)
- ਰਾਸ਼ਨ ਦੀ ਰਜਿਸਟਰੇਸ਼ਨ ਸਬੰਧੀ ਸਰਟੀਫਿਕੇਟ ਜਾਰੀ ਕਰਨਾ (ਜੇ ਆਮਦਨ 12 ਲੱਖ ਤੋਂ ਵੱਧ ਹੈ)

## 5) ਰਿਕਾਰਡ ਕਾਪੀ (ਮੁੱਖ ਸੁਵਿਧਾਵਾਂ)

- ਪਿਛਲੇ ਰਜਿਸਟਰਡ ਦਸਤਾਵੇਜਾ ਦੀਆਂ ਤਸਦੀਕ ਸ਼ੁਦਾ ਕਾਪੀਆਂ।
- ਪੋਸਟਮਾਰਟਮ ਦੀ ਕਾਪੀ।
- ਮੈਡੀਕੋ ਕਾਨੂੰਨੀ ਅੰਤਰਮ ਰਿਪੋਰਟ।
- ਮੈਡੀਕੋ ਕਾਨੂੰਨੀ ਆਖਰੀ ਰਿਪੋਰਟ।

## 6) 6ਏ ਸੂਚਨਾ ਅਤੇ ਸ਼ਿਕਾਇਤਾਂ ਦਾ ਅਧਿਕਾਰ : ਮੁੱਖ ਸੇਵਾਂਵਾ

- ਸੂਚਨਾ ਦਾ ਅਧਿਕਾਰ

## 7) ਵਾਧੂ ਸੇਵਾਵਾਂ (ਮੁੱਖ ਸੁਵਿਧਾਵਾਂ)

- ਦਸਤਾਵੇਜ਼ਾਂ ਦਾ ਤਸਦੀਕੀਕਰਨ
- ਬਿਜਲੀ ਬਿਲ ਭੁਗਤਾਨ
- ਪਛੜਾ ਏਰੀਆ ਸਰਟੀਫਿਕੇਟ
- ਕੰਡੀ ਏਰੀਆ ਸਰਟੀਫਿਕੇਟ
- ਪ੍ਰਮਾਣ ਪੱਤਰ ਤਸਦੀਕ
- ਅਨੁਵਾਦਿਤ ਸਰਟੀਫਿਕੇਟਾਂ ਦਾ ਤਸਦੀਕੀਕਰਨ
- ਘੱਟ ਆਮਦਨ ਸਰਟੀਫਿਕੇਟ
- ਅਰਜ਼ੀ ਨਵੀਸਾਂ ਦੇ ਲਾਇਸੈਂਸਾਂ ਦਾ ਨਵੀਨੀਕਰਨ
- ਫੋਟੋਸਟੇਟ ਲਾਇਸੈਂਸ ਦਾ ਨਵੀਨੀਕਰਨ
- ਪੁਲਸ ਮਨਜ਼ੂਰੀ ਸਬੰਧੀ ਸਰਟੀਫਿਕੇਟ ਦਾ ਤਸਦੀਕੀਕਰਨ।
- ਸੁਰੱਖਿਆ ਬਾਂਡ
- ਨਾਲ ਰੈਜੀਡੈਂਟ ਇੰਡੀਅਨ ਦੇ ਦਸਤਾਵੇਜ਼ ਤਸਦੀਕ ਕਰਨਾ।
- ਅਸ਼ਟਾਮ ਫਰੋਸ਼ ਲਾਇਸੈਂਸ ਦਾ ਨਵੀਨੀਕਰਨ
- ਬਜੁਰਗਾਂ ਨੂੰ ਬੱਸ ਪਾਸ ਜਾਰੀ ਕਰਨਾ
- ਅਪੰਗਾਂ ਨੂੰ ਬੱਸ ਪਾਸ ਜਾਰੀ ਕਰਨਾ।
- ਜਨਮ ਸਥਾਨ ਸਬੰਧੀ ਸਰਟੀਫਿਕੇਟ ਜਾਰੀ ਕਰਨਾ।
- ਪਾਣੀ ਸਪਲਾਈ ਦੇ ਕੁਨੈਕਸ਼ਨ ਦੀ ਮਨਜ਼ੂਰੀ।
- ਕੋਈ ਬਕਾਇਆ ਨਹੀਂ ਸਰਟੀਫਿਕੇਟ ਜਾਰੀ ਕਰਨਾ।

# ਅਧਿਆਇ 12

# ਸੂਚਨਾ ਦਾ ਅਧਿਕਾਰ

ਸਾਡੇ ਦੇਸ਼ ਦੀ ਰਾਸ਼ਟਰੀ ਸਲਾਹਕਾਰ ਕੌਂਸਲ ਵੱਲੋਂ ਭਾਰਤ ਸਰਕਾਰ ਨੂੰ ਇਹ ਸਲਾਹ ਦਿੱਤੀ ਗਈ ਕਿ ਸੂਚਨਾ ਦੀ ਆਜ਼ਾਦੀ ਐਕਟ 2002 ਵਿੱਚ ਜ਼ਰੂਰੀ ਸੋਧਾਂ ਕਰਨ ਦੀ ਜ਼ਰੂਰਤ ਹੈ ਤਾਂ ਕਿ ਇਸ ਐਕਟ ਨੂੰ ਜ਼ਿਆਦਾ ਅਗਾਂਹਵਧੂ, ਭਾਗੀਦਾਰੀ ਨੂੰ ਪ੍ਰਣਾਇਆ ਅਤੇ ਪ੍ਰਭਾਵਸ਼ਾਲੀ ਦਿੱਖ ਵਾਲਾ ਬਣਾਇਆ ਜਾ ਸਕੇ। ਕੌਂਸਲ ਵੱਲੋਂ ਸੁਝਾਏ ਸੁਝਾਵਾਂ ਨੂੰ ਮੰਨ ਕੇ ਭਾਰਤ ਸਰਕਾਰ ਨੇ ਸੂਚਨਾ ਪ੍ਰਾਪਤੀ ਨੂੰ ਯਕੀਨੀ ਅਤੇ ਪ੍ਰਭਾਵਸ਼ਾਲੀ ਬਣਾਉਣ ਖਾਤਰ ਭਾਰਤੀ ਸੰਵਿਧਾਨ ਦੇ ਆਰਟੀਕਲ 19 ਦੇ ਅੰਤਰਗਤ ਉਪਰੋਕਤ ਦੱਸੇ ਐਕਟ ਦੀ ਥਾਂ ਲੈਣ ਲਈ ਇੱਕ ਨਵਾਂ ਐਕਟ ਬਣਾਉਣ ਲਈ ਪਾਰਲੀਮੈਂਟ ਵਿੱਚ ਸੂਚਨਾ ਅਧਿਕਾਰ ਬਿਲ ਪੇਸ਼ ਕੀਤਾ। ਬਿੱਲ ਨੂੰ ਪਾਰਲੀਮੈਂਟ ਦੇ ਦੋਨਾਂ ਸਦਨਾਂ ਭਾਵ ਲੋਕ ਸਭਾ ਅਤੇ ਰਾਜ ਸਭਾ ਵੱਲੋਂ ਪਾਸ ਕਰਨ ਤੋਂ ਬਾਅਦ ਭਾਰਤ ਦੇ ਰਾਸ਼ਟਰਪਤੀ ਵੱਲੋਂ 15 ਜੂਨ 2005 ਨੂੰ ਪ੍ਰਵਾਨਗੀ ਮਿਲ ਗਈ। ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਇਹ ਬਿਲ "ਸੂਚਨਾ ਦਾ ਅਧਿਕਾਰ ਐਕਟ-2005" ਵਜੋਂ ਭਾਰਤ ਦੇ ਸੰਵਿਧਾਨ ਦਾ ਹਿੱਸਾ ਬਣ ਗਿਆ ਹੈ। ਇਸ ਐਕਟ ਦੇ ਛੇ ਅਧਿਆਇ 31 ਧਾਰਾਵਾਂ ਰਾਹੀਂ ਸੂਚਨਾ ਪ੍ਰਾਪਤੀ ਦੇ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਪਹਿਲੇ ਅਧਿਆਇ ਵਿੱਚ ਐਕਟ ਦੇ ਸਿਰਲੇਖ, ਪ੍ਰਾਰੰਭ ਲਾਗੂ ਹੋਣ ਦੀ ਮਿਤੀ (12 ਅਕਤੂਬਰ 2005) ਅਤੇ ਪਰਭਾਸ਼ਾਵਾਂ ਦਾ ਜ਼ਿਕਰ ਕੀਤਾ ਗਿਆ ਹੈ (1-2 ਧਾਰਾ)। ਦੂਸਰਾ ਅਧਿਆਇ ਸੂਚਨਾ ਦਾ ਅਧਿਕਾਰ, ਸਰਕਾਰੀ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ, ਜਨ ਸੂਚਨਾ ਅਫਸਰਾਂ ਦੇ ਅਹੁਦਿਆਂ ਦੀ ਜਾਣਕਾਰੀ ਹਾਸਲ ਕਰਨ ਲਈ ਬੇਨਤੀ, ਜਿਨ੍ਹਾਂ ਵਿਸ਼ਿਆਂ ਬਾਰੇ ਸੂਚਨਾ ਨਹੀਂ ਮੰਗੀ ਜਾ ਸਕਦੀ, ਕੁਝ ਖਾਸ ਵਿਸ਼ਿਆਂ ਦੀ ਸੂਚਨਾ ਨਾ ਦੇਣ ਦੀ ਵਜ੍ਹਾ ਅਤੇ ਤੀਜੇ ਵਿਅਕਤੀ ਨੂੰ ਸੂਚਨਾ ਪ੍ਰਦਾਨ ਕਰਨ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦਾ ਹੈ (3-11 ਧਾਰਾ)। ਤੀਸਰੇ ਅਧਿਆਇ ਵਿੱਚ ਕੇਂਦਰੀ ਜਾਂਚ ਕਮਿਸ਼ਨ ਦੀ ਸਥਾਪਨਾ, ਮਿਆਦ ਅਤੇ ਸੇਵਾ ਸ਼ਰਤਾਂ, ਮੁੱਖ ਸੂਚਨਾ ਕਮਿਸ਼ਨ ਜਾਂ ਸੂਚਨਾ ਕਮਿਸ਼ਨਰ ਨੂੰ ਹਟਾਉਣ ਬਾਰੇ ਜ਼ਿਕਰ ਕੀਤਾ ਗਿਆ ਹੈ (12-14 ਧਾਰਾ)। ਚੌਥੇ ਅਧਿਆਇ ਦਾ ਸਬੰਧ ਰਾਜ ਨੂੰ ਸੂਚਨਾ ਕਮਿਸ਼ਨ ਦੀ ਸਥਾਪਨਾ, ਮਿਆਦ ਅਤੇ ਸੇਵਾ ਸ਼ਰਤਾਂ ਅਤੇ ਰਾਜ ਦੇ ਮੁੱਖ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਅਫਸਰ ਨੂੰ ਬਰਖਾਸਤ ਕਰਨ ਸਬੰਧੀ ਵੇਰਵੇ ਦਰਜ਼ ਹਨ (15-17 ਧਾਰਾ)। ਪੰਜਵੇਂ ਅਧਿਆਇ ਵਿੱਚ ਸੂਚਨਾ ਕਮਿਸ਼ਨਾਂ ਦੀਆਂ ਸ਼ਕਤੀਆਂ ਅਤੇ ਕਾਰਜ, ਅਪੀਲ ਅਤੇ ਦੰਡ ਦਾ ਵਰਨਣ ਹੈ (18-20 ਧਾਰਾ)। ਛੇਵੇਂ ਅਧਿਆਇ ਵਿਚ ਮੁਲਾਂਕਣ ਅਤੇ ਰਿਪੋਰਟਿੰਗ ਕਰਨ ਅਤੇ ਇਸ ਐਕਟ ਸਬੰਧੀ ਨਿਯਮ ਬਣਾਉਣ ਅਤੇ ਲਾਗੂ ਕਰਨ, ਨਿਯਮਾਂ ਸਬੰਧੀ ਮੁਸ਼ਕਲਾਂ ਦੂਰ ਕਰਨ ਦੀਆਂ ਸ਼ਕਤੀਆਂ, ਮੁੜ ਅਪੀਲ ਕਰਨ ਜਿਹੇ ਵਿਸ਼ਿਆਂ ਦਾ ਵਿਵਰਣ ਹੈ (21-31 ਧਾਰਾ)। ਸੂਚਨਾ ਦਾ ਅਧਿਕਾਰ ਐਕਟ 2005 ਇੱਕ ਇਹੋ ਜਿਹਾ ਦਸਤਾਵੇਜ਼ ਹੈ ਜਿਹੜਾ ਭਾਰਤੀ ਗਣਤੰਤਰ ਦੇ ਜਮਹੂਰੀ ਅਤੇ ਧਰਮ ਨਿਰਪੱਖ ਸੁਭਾ ਨੂੰ ਨਿਖਾਰ ਕੇ ਲੋਕਤੰਤਰੀ ਕਦਰਾਂ ਕੀਮਤਾਂ ਦੀ ਹਾਮੀ ਭਰਦਾ ਹੈ। ਉਪਰ ਤੀਕ ਦੀ ਪ੍ਰਸ਼ਾਸਨਿਕ ਪਰਕ੍ਰਿਆ ਵਿੱਚ ਜਵਾਬਦੇਹੀ ਅਤੇ ਪਾਰਦਰਸ਼ਤਾ ਦੇ ਸੰਕਲਪ ਨੂੰ ਮਜ਼ਬੂਤੀ ਬਖਸ਼ ਕੇ ਆਮ ਨਾਗਰਿਕਾਂ ਨੂੰ ਇਸ ਸੰਕਲਪ ਦਾ ਮੁਦਈ ਬਣਾਉਂਦਾ ਹੈ।

ਇਸ ਐਕਟ ਦੀ ਧਾਰਾ ਚਾਰ ਦੇ ਅੰਤਰਗਤ ਪਬਲਿਕ ਅਥਾਰਟੀ ਅਰਥਾਤ ਜਨਤਕ ਅਧਿਕਾਰੀ ਕੋਲ ਸੰਸਥਾ ਦੀ ਬਣਤਰ, ਕੰਮ ਕਾਜ ਅਤੇ ਫਰਜ਼, ਕੰਮ ਕਰਨ ਦੇ ਤੌਰ ਤਰੀਕੇ, ਸੰਸਥਾਂ ਵਿੱਚ ਉਪਲਬਧ ਰਿਕਾਰਡ, ਸੰਸਥਾ ਵਿੱਚ ਸੇਵਾ ਨਿਭਾ ਰਹੇ ਸਟਾਫ, ਪਬਲਿਕ ਸੂਚਨਾ ਅਫਸਰ ਦਾ ਨਾਂ, ਅਹੁਦਾ ਅਤੇ ਸੰਸਥਾਂ ਦੇ ਸਮੁੱਚੇ ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਢਾਂਚੇ ਬਾਬਤ ਜਾਣਕਾਰੀ ਉਪਲਬਧ ਕਰਵਾਈ ਹੈ।

### ਸੂਚਨਾ ਜੋ ਇਸ ਕਾਨੂੰਨ ਅਧੀਨ ਲਈ ਜਾ ਸਕਦੀ ਹੈ :

ਪਬਲਿਕ ਅਥਾਰਟੀ ਤੋਂ ਭਾਵ ਹੈ ਕਿ ਉਹ ਸੰਸਥਾ ਜਾਂ ਕਾਨੂੰਨੀ ਅਦਾਰਾ ਜਿਹੜਾ ਕਿ ਸੰਵਿਧਾਨ ਅਨੁਸਾਰ ਜਾਂ ਸੰਸਦ ਜਾਂ ਵਿਧਾਨ ਸਭਾਵਾਂ ਦੇ ਹੁਕਮਾਂ ਅਨੁਸਾਰ ਬਣਾਇਆ ਜਾਵੇ ਜਾਂ ਕੋਈ ਸਰਕਰੀ ਅਦਾਰਾ ਜਿਸ ਵਿੱਚ ਸਰਕਾਰ ਦਾ ਪੈਸਾ ਲੱਗ ਰਿਹਾ ਹੋਵੇ ਜਾਂ ਐਨ.ਜੀ.ਓ. ਜਿਸ ਨੂੰ ਸਰਕਾਰੀ ਸਹਾਇਤਾ ਮਿਲਦੀ ਹੋਵੇ।

### ਇਸ ਐਕਟ ਦੇ ਅਨੁਸਾਰ ਹੇਠ ਲਿਖੀ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ :

- ਉਹ ਸੂਚਨਾਵਾਂ ਜਿਹੜੀਆਂ ਦੇਸ਼ ਦੀ ਪ੍ਰਭੂਸੱਤਾ, ਅਖੰਡਤਾ, ਰੱਖਿਆ, ਨਾਜ਼ੁਕ ਪਹਿਲੂਆਂ, ਆਰਥਿਕ ਅਤੇ ਵਿਗਿਆਨਕ ਹਿੱਤਾਂ ਨਾਲ ਸਬੰਧਤ ਹੋਣ ਜਾਂ ਜਿਨ੍ਹਾਂ ਨਾਲ ਦੂਸਰੇ ਮੁਲਕਾਂ ਨਾਲ ਸਬੰਧਤ ਨਾਜ਼ੁਕ ਮਸਲੇ ਉੱਠਦੇ ਹੋਣ, ਨਹੀਂ ਲਈਆਂ ਜਾ ਸਕਦੀਆਂ।
- ਅਦਾਲਤਾਂ ਵੱਲੋਂ ਵਰਜਿਤ ਸੂਚਨਾਵਾਂ।
- ਜਿਨ੍ਹਾਂ ਨਾਲ ਸੰਸਦ ਜਾਂ ਵਿਧਾਨ ਸਭਾਵਾਂ ਦੇ ਅਧਿਕਾਰ ਖੇਤਰਾਂ ਦੀ ਉਲੰਘਣਾ ਹੁੰਦੀ ਹੋਵੇ।
- ਜਿਹੜੀਆਂ ਵਪਾਰਕ ਭੇਤ ਜਾਂ ਬੁੱਧੀਜੀਵੀ ਹੱਕਾਂ ਬਾਰੇ ਹੋਣ। ਜਿਸ ਨਾਲ ਮੁਕਾਬਲੇ ਦੀ ਸ਼ਕਤੀ ਨੂੰ ਨੁਕਸਾਨ ਪਹੁੰਚਦਾ ਹੋਵੇ।
- ਉਹ ਸੂਚਨਾ ਜਿਸ ਨਾਲ ਕਿਸੇ ਵਿਅਕਤੀ ਦੀ ਨਿੱਜੀ ਆਜ਼ਾਦੀ ਦੀ ਉਲੰਘਣਾ ਹੁੰਦੀ ਹੋਵੇ।
- ਵਿਦੇਸ਼ ਤੋਂ ਪ੍ਰਾਪਤ ਗੁਪਤ ਸੂਚਨਾਵਾਂ ਜੇਕਰ ਦੇਸ਼ ਦੇ ਹਿੱਤ ਵਿੱਚ ਹਨ ਨਹੀਂ ਮੰਗੀਆਂ ਜਾ ਸਕਦੀਆਂ।
- ਜਿਸ ਨਾਲ ਕਿਸੇ ਦੀ ਜ਼ਿੰਦਗੀ ਖਤਰੇ ਵਿੱਚ ਪੈ ਸਕਦੀ ਹੋਵੇ।
- ਉਹ ਸੂਚਨਾ ਜਿਸ ਨਾਲ ਹੋ ਰਹੀ ਪੜਤਾਲ ਵਿਚ ਵਿਘਨ ਪੈਂਦਾ ਹੋਵੇ।
- ਉਹ ਸੂਚਨਾ ਜਿਸ ਦਾ ਜਨਤਕ ਕਾਰ ਵਿਹਾਰ ਨਾਲ ਕੋਈ ਸਬੰਧ ਨਾ ਹੋਵੇ।

ਆਫੀਸ਼ੀਅਲ ਸੀਕਰੇਟ ਐਕਟ-1923 ਦੀਆਂ ਧਾਰਾਵਾਂ ਦੇ ਵਿਰੁੱਧ ਹੋਵੇ। ਇਸ ਤੋਂ ਇਲਾਵਾ ਸੈਕੰਡ ਸ਼ਡਿਊਲ (ਸੈਕਸ਼ਨ-24(1) ਅਧੀਨ ਆਉਂਦੇ ਅਦਾਰਿਆਂ ਬਾਰੇ ਖੁਫੀਆਂ ਏਜੰਸੀਆਂ ਤੋਂ ਕੋਈ ਸੂਚਨਾ ਨਹੀਂ ਮੰਗੀ ਜਾ ਸਕਦੀ ਹੈ

### ਸੂਚਨਾ ਪ੍ਰਾਪਤ ਕਰਨ ਦਾ ਤਰੀਕਾ

ਇਸ ਐਕਟ ਦੇ ਅਧੀਨ ਸਾਰੇ ਸਰਕਾਰੀ, ਅਰਧ ਸਰਕਾਰੀ ਅਦਾਰਿਆਂ ਵਿੱਚ ਸਹਾਇਕ ਪਬਲਿਕ ਸੂਚਨਾ ਅਫਸਰ, ਪਬਲਿਕ ਇਨਫਾਰਮੇਸ਼ਨ ਅਫਸਰ, ਅਪੈਲੇਟ ਅਥਾਰਟੀ ਉਪ ਮੰਡਲ ਤੱਕ ਨਿਯੁਕਤ ਕਰ ਦਿੱਤੇ ਗਏ ਹਨ। ਰਾਜ ਪੱਧਰ ਤੇ ਚੀਫ ਇਨਫਰਮੇਸ਼ਨ ਅਤੇ ਕੇਂਦਰੀ ਪੱਧਰ ਤੇ ਇਸੇ ਤਰ੍ਹਾਂ ਹੀ ਨਿਯੁਕਤੀਆਂ ਕੀਤੀਆਂ ਗਈ। ਇਕ ਸਾਧਾਰਣ ਅਰਜ਼ੀ ਤੇ ਅੰਗਰੇਜ਼ੀ, ਹਿੰਦੀ ਜਾਂ ਉਸ ਖੇਤਰ ਦੀ ਸਥਾਨਕ ਭਾਸ਼ਾ ਵਿੱਚ ਸੂਚਨਾ ਮੰਗੀ ਜਾ ਸਕਦੀ ਹੈ। ਇਹ ਅਰਜ਼ੀ ਏ.ਪੀ.ਆਈ.ਓ./ਪੀ.ਆਈ.ਓ. ਨੂੰ ਲਿਖੀ ਜਾ ਸਕਦੀ ਹੈ। ਸੂਚਨਾ ਦੀ ਮੰਗ ਸਪਸ਼ਟ ਰੂਪ ਵਿੱਚ ਕੀਤੀ ਜਾਵੇ। ਜੇ ਕਿਸੇ ਨੂੰ ਲਿਖਣਾ ਪੜ੍ਹਨਾ ਨਹੀਂ ਆਉਂਦਾ ਤਾਂ ਉਹ ਪੀ.ਆਈ.ਓ. ਜਾਂ ਕਿਸੇ ਹੋਰ ਵਿਅਕਤੀ ਤੋਂ ਅਰਜ਼ੀ ਲਿਖਵਾ ਸਕਦਾ/ਸਕਦੀ ਹੈ। ਸੂਚਨਾ ਮੰਗਣ ਲਈ ਕੋਈ ਕਾਰਨ ਦੱਸਣ ਦੀ ਲੋੜ ਨਹੀਂ। ਅਰਜ਼ੀ ਵਿੱਚ ਵਿਅਕਤੀ ਦਾ ਨਾਮ ਅਤੇ ਪੂਰਾ ਪਤਾ ਲਿਖਣਾ ਜ਼ਰੂਰੀ ਹੈ।

ਅਰਜ਼ੀ ਦੇ ਨਾਲ 10 ਰੁਪਏ ਦਾ ਪੋਸਟਲ ਆਰਡਰ, ਡਿਮਾਂਡ ਜਾਂ ਰਸੀਦ ਤੇ 10 ਰੁਪਏ ਦਾ ਕੈਸ਼ ਜਮ੍ਹਾਂ ਕਰਵਾਏ ਜਾਣ।ਦਸਤਾਵੇਜ਼ ਤਿਆਰ ਕਰਨ ਵਾਸਤੇ ਤਹਿਸ਼ੁਦਾ ਫੀਸ ਤੋਂ ਇਲਾਵਾ ਹੋਰ ਖਰਚਿਆਂ ਵਜੋਂ ਹੇਠ ਲਿਖੇ ਖਰਚੇ ਵਸੂਲੇ ਜਾਂਦੇ ਹਨ।

- ਉਤਾਰਾ ਫੋਟੋਸਟੇਟ ਕੀਤੇ ਹਰ ਸਫੇ ਲਈ 2 ਰੁਪਏ ਪ੍ਰਤੀ ਸਫਾਸ
- ਵੱਡੇ ਅਕਾਰ ਦੇ ਪੇਪਰ ਜਾਂ ਮਾਡਲਾਂ ਲਈ ਅਸਲੀ ਕੀਮਤ;
- ਡਿਸਕੇਟ ਜਾਂ ਫਲੋਪੀ ਵਿੱਚ ਹਾਸਲ ਜਾਣਕਾਰੀ ਲਈ 50 ਰੁਪਏ ਪ੍ਰਤੀ ਫਲੋਪੀ
- ਜੇਕਰ ਰਿਕਾਰਡ ਨੂੰ ਅਸਲ ਰੂਪ ਵਿੱਚ ਵੇਖਣਾ ਹੋਵੇ ਤਾਂ ਪਹਿਲੇ ਘੰਟ ਦੌਰਾਨ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਉਸ ਤੋਂ ਬਾਅਦ ਹਰੇਕ ਪੰਦਰਾਂ ਮਿੰਟ ਲਈ ਪੰਜ ਰੁਪਏ।

ਅਰਜ਼ੀ ਦੇ ਨਾਲ ਪੋਸਟਲ ਆਰਡਰ, ਡਿਮਾਂਡ ਡਰਾਫਟ ਜਾਂ ਕੈਸ਼ ਦੀ ਰਸੀਦ ਨੱਥੀ ਕਰਕ ਏ.ਪੀ.ਆਈ.ਓ./ਪੀ.ਆਈ.ਓ. ਨੂੰ ਰਜਿਸਟਰੀ ਰਾਹੀਂ ਠੀਕ ਪਤੇ ਤੇ ਭੇਜੀ ਜਾਵੇ। ਇਸ ਬਾਰੇ ਦਸਤਾਵੇਜ਼ ਦੀ ਫੋਟੋ ਕਾਪੀ ਇੱਕ ਫਾਈਲ ਕਵਰ ਵਿੱਚ ਅੱਗੇ ਲਈ ਪੱਤਰ ਵਿਹਾਰ ਕਰਨ ਲਈ ਰਿਕਾਰਡ ਵਜੋਂ ਰੱਖ ਲੈਣੀ ਚਾਹੀਦੀ ਹੈ। ਜੇ ਇਹ ਅਰਜ਼ੀ ਏ.ਪੀ.ਓ. ਦੇ ਪਤੇ ਤੇ ਭੇਜੀ ਗਈ ਹੈ ਤਾਂ ਉਹ ਪੀ.ਜੀ.ਆਈ.ਓ. ਨੂੰ ਭੇਜਣ ਦਾ 5 ਦਿਨ ਦਾ ਵੱਧ ਸਮਾਂ ਲਵੇਗਾ। ਪੀ.ਆਈ.ਓ. ਸੂਚਨਾ ਅਰਜ਼ੀ ਮਿਲਣ ਦੇ ਸਮੇਂ ਤੋਂ 30 ਦਿਨਾਂ ਦੇ ਅੰਦਰ ਨੂੰ ਭੇਜਣ ਲਈ ਜ਼ਿੰਮੇਵਾਰ ਹੈ।

ਜੇਕਰ ਸੂਚਨਾ ਮਿੱਥੇ ਸਮੇਂ ਵਿੱਚ ਨਹੀਂ ਦਿੱਤੀ ਜਾਂਦੀ ਜਾਂ ਪੂਰੀ ਸੂਚਨਾਂ ਨਹੀਂ ਦਿੱਤੀ ਜਾਂਦੀ ਤਾਂ ਵਿਅਕਤੀ ਇਹੋ ਜਿਹੀ ਅਰਜ਼ੀ ਐਪੀਲੇਟ ਦੇ ਪਤੇ ਤੇ ਰਜਿਸਟਰੀ ਰਾਹੀਂ ਭੇਜੇ। ਇਸ ਅਰਜ਼ੀ ਵਿੱਚ ਪਿਛਲੇ ਪੱਤਰ ਦੇ ਵੇਰਵੇ ਦਿੰਦਿਆਂ ਪੂਰੀ ਜਾਂ

ਅਰਜ਼ੀ ਅਪੈਲੇਟ ਦੇ ਪਤੇ ਤੇ ਰਜਿਸਟਰੀ ਰਾਹੀਂ ਭੇਜੇ। ਇਸ ਅਰਜ਼ੀ ਵਿੱਚ ਪਿਛਲੇ ਪੱਤਰ ਦੇ ਵੇਰਵੇ ਦਿੰਦਿਆਂ ਪੂਰੀ ਜਾਂ ਬਚਦੀ ਸੂਚਨਾ ਮੰਗੀ ਜਾਵੇ। ਇਸ ਅਰਜ਼ੀ ਨਾਲ 10 ਰੁਪਏ ਦਾ ਪੋਸਟਲ ਆਰਡਰ ਲਗਾਉਣ ਦੀ ਕੋਈ ਜ਼ਰੂਰਤ ਨਹੀਂ। ਜੇਕਰ ਕਿਸੇ ਦੀ ਜ਼ਿੰਦਗੀ ਜਾਂ ਆਜ਼ਾਦੀ ਦਾ ਸਵਾਲ ਹੋਵੇ ਤਾਂ ਸੂਚਨਾ 48 ਘੰਟੇ ਵਿੱਚ ਪਬਲਿਕ ਅਥਾਰਟੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਮੰਗੀ ਗਈ ਸੂਚਨਾ ਤੀਜੀ ਧਿਰ ਨਾਲ ਸਬੰਧਤ ਹੈ ਤਾਂ ਇਹ ਸੂਚਨਾ 40 ਦਿਨਾਂ ਦੇ ਅੰਦਰ ਅੰਦਰ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੇਕਰ ਐਪੀਲੇਟ ਅਥਾਰਟੀ 30 ਦਿਨਾਂ ਦੇ ਅੰਦਰ ਅੰਦਰ ਸੂਚਿਤ ਨਹੀਂ ਕਰਦੀ ਤਾਂ ਵਿਅਕਤੀ ਰਾਜ ਸੂਚਨਾ ਕਮਿਸ਼ਨਰ ਦੀ ਪਾਸ ਪਹੁੰਚ ਕਰ ਸਕਦਾ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜੇ ਕੋਈ ਪਬਲਿਕ ਅਥਾਰਟੀ ਸੂਚਨਾ ਨਾ ਦੇਵੇ ਤਾਂ ਉਹ ਸੂਚਨਾ ਦੇਣ ਤੋਂ ਇਨਕਾਰੀ ਮੰਨੀ ਜਾਵੇਗੀ। ਇਸ ਸੂਰਤ ਵਿੱਚ ਅਗਲਾ ਪੜਾਅ ਸੂਚਨਾ ਲੈਣ ਦਾ ਰਾਜ ਸੂਚਨਾ ਕਮਿਸ਼ਨ ਹੈ, ਜਿਸ ਨੂੰ ਸਿਵਲ ਕੋਰਟ ਦੇ ਅਧਿਕਾਰ (ਕੋਡ ਆਫ ਸਿਵਲ ਪ੍ਰੋਸੀਜਰ 1908 ਦੇ ਅਧਿਕਾਰ) ਹਾਸਲ ਹਨ। ਕਹਿਣ ਦਾ ਭਾਵ ਇਹ ਹੈ ਕਿ ਜੋ ਵੀ ਅਧਿਕਾਰ ਸਿਵਲ ਪ੍ਰੋਸੀਜਰ ਅਧੀਨ ਹਨ ਉਹ ਇੱਥੇ ਕਮਿਸ਼ਨਰ ਨੂੰ ਹਾਸਲ ਅਪੀਲ ਕਰਤਾ ਨੂੰ ਨਿਸ਼ਚਤ ਮਿਤੀ ਤੇ ਹਾਜ਼ਰ ਹੋਣ ਲਈ ਸੰਮਨ ਜਾਰੀ ਕਰਦਾ ਹੈ। ਅਪੀਲ ਕਰਤਾ ਦੀ ਮਰਜ਼ੀ ਹੈ ਕਿ ਉਹ ਪੇਸ਼ ਹੋਵੇ ਜਾਂ ਆਪਣੇ ਵੱਲੋਂ ਕਿਸੇ ਅਧਿਕਾਰਤ ਵਿਅਕਤੀ ਨੂੰ ਲਿਖਤੀ ਅਧਿਕਾਰ ਪੱਤਰ ਦਿੰਦਿਆਂ ਕਮਿਸ਼ਨ ਅੱਗੇ ਪੇਸ਼ ਹੋਣ ਲਈ ਕਹੇ। ਸੂਚਨਾ ਲੈਣ ਲਈ ਇਸ ਪੜਾਅ ਤੇ ਕੋਈ ਪੋਸਟਲ ਆਰਡਰ ਲਗਾਉਣ ਦੀ ਜ਼ਰੂਰਤ ਨਹੀਂ। ਸਿਰਫ ਏ.ਪੀ.ਓ. ਨੂੰ ਦਿੱਤੀ ਅਰਜ਼ੀ ਸਮੇਤ ਪੋਸਟਲ ਆਰਡਰ ਦੀ ਫੋਟੋਕਾਪੀ ਅਤੇ ਐਪੀਲੇਟ ਨੂੰ ਦਿੱਤੀ ਅਰਜ਼ੀ ਦੀ ਫੋਟੋ ਕਾਪੀ ਕਮਿਸ਼ਨ ਨੂੰ ਲਿਖੀ ਅਰਜ਼ੀ ਨਾਲ ਨੱਥੀ ਕਰਦਿਆਂ ਅਤੇ ਹੇਠਲੇ ਪੱਧਰ ਤੋਂ ਸੂਚਨਾ ਨਾ ਮਿਲਣ ਦੇ ਵੇਰਵੇ ਕਮਿਸ਼ਨ ਨੂੰ ਲਿਖੀ ਅਰਜ਼ੀ ਨਾਲ ਨੱਥੀ ਕਰਦਿਆਂ ਅਤੇ ਹੇਠਲੇ ਪੱਧਰ ਤੋਂ ਸੂਚਨਾ ਨਾਂ ਮਿਲਣ ਦੇ ਵੇਰਵੇ ਕਮਿਸ਼ਨ ਨੂੰ ਲਿਖੀ ਅਰਜ਼ੀ ਵਿਚ ਬਿਆਨ ਕਰਕੇ ਭੇਜੇ ਜਾਣ। ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਕਮਿਸ਼ਨ ਨੂੰ ਲਿਖੇ ਪੱਤਰ ਨਾਲ ਹੇਠਲੀ ਪੱਧਰ ਤੇ ਸਾਰੀਆਂ ਲਿਖਤੀ ਅਰਜ਼ੀਆਂ ਦੀ ਫੋਟੋ ਕਾਪੀਆਂ ਨੱਥੀ ਕਰਕੇ ਰਜਿਸਟਰਡ ਏ.ਡੀ. ਕਰਵਾਈ ਜਾਵੇ। ਅਪੀਲੇਟ ਦੇ ਫੈਸਲੇ ਤੋਂ ਮਗਰੋਂ ਅਪੀਲ ਕਰਤਾ ਪਾਸ ਕਮਿਸ਼ਨ ਕੋਲ ਜਾਣ ਦਾ ਖਾਸ ਹਾਲਤਾਂ ਵਿੱਚ 90 ਦਿਨ ਸਮਾਂ ਹੈ।